ਅੰਗ ੯੦੦ = ਰਾਮਕਲੀ ਮਹਲਾ ੫ ॥ ਈਂਧਨ ਤੇ ਬੈਸੰਤਰੁ ਭਾਗੈ ॥ ਮਾਟੀ ਕਉ ਜਲੁ ਦਹ ਦਿਸ ਤਿਆਗੈ ॥ ਊਪਰਿ ਚਰਨ ਤਲੈ ਆਕਾਸੁ ॥ ਘਟ ਮਹਿ ਸਿੰਧੁ ਕੀਓ ਪਰਗਾਸੁ ॥੧॥ ਐਸਾ ਸੰਮ੍ਰਥੁ ਹਰਿ ਜੀਉ ਆਪਿ ॥ ਨਿਮਖ ਨ ਬਿਸਰੈ ਜੀਅ ਭਗਤਨ ਕੈ, ਆਠ ਪਹਰ ਮਨ ਤਾ ਕਉ ਜਾਪਿ ॥੧॥ਰਹਾਉ॥ ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥ ਭੈ ਤੇ ਨਿਰਭਉ ਡਰਤਾ ਫਿਰੈ ॥ ਹੋਂਦੀ ਕਉ ਅਣਹੋਂਦੀ ਹਿਰੈ ॥੨॥ ਦੇਹੀ ਗੁਪਤ ਬਿਦੇਹੀ ਦੀਸੈ ॥ ਸਗਲੇ ਸਾਜਿ ਕਰਤ ਜਗਦੀਸੈ ॥ ਠਗਣਹਾਰ ਅਣਠਗਦਾ ਠਾਗੈ ॥ ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥੩॥ ਸੰਤ ਸਭਾ ਮਿਲਿ ਕਰਹੁ ਬਖਿਆਣ ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥ ਬ੍ਰਹਮ ਬੀਚਾਰੁ ਬੀਚਾਰੇ ਕੋਇ ॥ ਨਾਨਕ ਤਾ ਕੀ ਪਰਮ ਗਤਿ ਹੋਇ ॥੪॥੪੩॥ ੫੪॥ (ਵਾਹਿਗੁਰੂ ਦੀ ਅਲੌਕਿਕ ਵਡਿਆਈ ਦਸੀ ਹੈ) ਈਂਧਨ ਤੋਂ ਅੱਗ ਭੱਜਦੀ ਹੈ (ਲੱਕੜੀ ਅੰਦਰ ਅੱਗ ਹੁੰਦੀ ਹੈ, ਪਰ ਇਸ ਨੂੰ ਸਾੜਦੀ ਨਹੀਂ)। ਧਰਤੀ ਨੂੰ ਸਮੁੰਦਰ ਦਾ ਪਾਣੀ ਛਡ ਜਾਂਦਾ ਹੈ, ਜੋ ਸਭ ਪਾਸੇ ਹੈ (ਪਾਣੀ ਧਰਤੀ ਨੂੰ ਡੋਬਦਾ ਨਹੀਂ)। ਦਰੱਖਤ ਦੇ ਪੈਰ (ਟਾਹਣੀਆਂ) ਉਪਰ ਹਨ ਅਤੇ (ਮੁੱਢ ਰੂਪ ਅਕਾਸ਼ ਭਾਵ) ਸਿਰ ਹੇਠਾਂ ਹੈ। (ਜੀਵਾਂ ਦੇ) ਹਿਰਦੇ ਰੂਪ ਘੜਿਆਂ ਵਿਚ ਵਾਹਿਗੁਰੂ ਰੂਪ ਸਮੁੰਦਰ ਦਾ ਪ੍ਰਕਾਸ਼ ਹੈ।੧। (ਹੇ ਮਨ!) ਹਰਿ ਜੀ ਆਪ ਇਹੋ ਜਿਹਾ ਸਮਰੱਥ ਹੈ। (ਉਹ ਅਪਣੇ) ਭਗਤਾਂ ਦੇ ਮਨ ਵਿਚੋਂ ਨਿਮਖ ਮਾਤ੍ਰ ਵੀ ਭੁਲਦਾ ਨਹੀਂ, (ਇਸ ਕਰਕੇ) ਹੇ ਮਨ! ਤੂੰ ਅੱਠੇ ਪਹਿਰ ਉਸ ਨੂੰ ਜਪਿਆ ਕਰ।੧। ਰਹਾਉ। (ਹੇ ਭਾਈ!) ਪਹਿਲਾਂ ਦੁੱਧ ਹੁੰਦਾ ਹੈ, (ਉਸ ਦਾ ਦਹੀਂ ਜਮਾ ਕੇ ਰਿੜਕਣ) ਪਿੱਛੋਂ ਮੱਖਣ ਨਿਕਲਦਾ ਹੈ (ਦੁੱਧ ਦਾ ਸਾਰ ਤੱਤ ਮੱਖਣ ਹੈ, ਪਰ ਸ੍ਰਿਸਟੀ ਦਾ ਸਾਰ ਤੱਤ ਵਾਹਿਗੁਰੂ ਹੈ। ਇਸ ਹਾਲਤ ਵਿਚ ਸਾਰ ਤੱਤ ਵਾਹਿਗੁਰੂ ਪਹਿਲਾਂ ਮੌਜੂਦ ਹੈ ਅਤੇ ਪਸਾਰਾ ਸ੍ਰਿਸਟੀ ਰੂਪ ਦੁੱਧ ਪਿਛੋਂ ਬਣਿਆ ਹੈ, ਫਿਰ ਉਸ ਦੇ ਅੰਦਰ ਹਰੀ ਰੂਪ ਮੱਖਣ ਵੀ ਵਿਆਪਕ ਹੈ, ਜਿਵੇਂ ਦੁੱਧ ਦੇ ਅੰਦਰ ਮੱਖਣ ਹੁੰਦਾ ਹੈ। ਸ਼ਬਦਾਰਥ)। ਮੈਲ ਨੇ ਸਾਬਣ ਨੂੰ ਸ਼ੁੱਧ ਕੀਤਾ ਹੈ (ਬੱਚੇ ਦੀ ਪਾਲਣਾ ਲਈ ਮਾਂ ਦੇ ਲਹੂ ਨੂੰ ਚਿੱਟਾ ਦੁੱਧ ਬਣਾ ਦਿਤਾ ਹੈ)। ਜੀਵ ਅਸਲ ਵਿਚ ਨਿਰਭਉ ਪ੍ਰਭੂ ਦੀ ਅੰਸ ਹੈ, ਪਰ ਨਿਰਭਉ ਹੁੰਦਿਆਂ ਅਨੇਕਾਂ ਤਰ੍ਹਾਂ ਦੇ ਡਰ ਤੋਂ ਡਰਦਾ ਫਿਰਦਾ ਹੈ। (ਮਾਇਆ, ਜਿਸ ਦੀ ਕੋਈ) ਹੋਂਦ ਨਹੀਂ, ਇਹ ਹੋਂਦ ਵਾਲੇ ਜੀਵ ਨੂੰ ਠਗ ਰਹੀ ਹੈ।੨। (ਹੇ ਭਾਈ!) ਦੇਹ ਦਾ ਮਾਲਕ ਆਤਮਾ ਗੁਪਤ ਹੈ, (ਜੋ ਆਤਮਾ ਨਹੀਂ, ਉਹ) ਸਰੀਰ ਦਿਸ ਰਿਹਾ ਹੈ। ਜਗਤ ਦਾ ਮਾਲਕ ਸਾਰੇ ਜੀਵਾਂ ਨੂੰ ਪੈਦਾ ਕਰਕੇ (ਅਨੇਕਾਂ) ਕੌਤਕ ਕਰਦਾ ਹੈ (ਜਗਤ ਰਚਨਾ ਨੂੰ ਪੈਦਾ ਕਰਨ ਵਾਲਾ ਪ੍ਰਭੂ ਤੋਂ ਬਿਨਾ ਕੋਈ ਹੋਰ ਨਹੀਂ)। ਠੱਗਣ ਵਾਲੀ ਮਾਇਆ, ਨਾ ਠੱਗੇ ਜਾਣ ਵਾਲੇ ਜੀਵ ਨੂੰ ਠੱਗ ਰਹੀ ਹੈ। ਨਾਮ ਦੀ ਪੂੰਜੀ ਤੋਂ ਬਿਨਾ ਹੋਣ ਕਰਕੇ ਜੀਵ ਮੁੜ ਮੁੜ ਉਠ ਕੇ ਮਾਇਕ ਪਦਾਰਥਾਂ ਨਾਲ ਜੁੜਦਾ ਹੈ।੩। (ਹੇ ਭਾਈ!) ਸੰਤਾਂ ਦੀ ਸਭਾ ਵਿਚ ਮਿਲ ਕੇ (ਬੇਸ਼ਕ) ਸਿਮ੍ਰਿਤੀਆਂ, ਸ਼ਾਸਤ੍ਰਾਂ, ਬੇਦਾਂ ਅਤੇ ਪੁਰਾਣਾਂ ਦਾ ਵਿਚਾਰ ਕਰ ਲਵੋ, (ਉਹ ਧਰਮ ਗ੍ਰੰਥ ਵੀ ਇਹੋ ਆਖਦੇ ਕਿ ਜਿਹੜਾ) ਕੋਈ ਮਨੁੱਖ ਬ੍ਰਹਮ ਦੇ ਬਿਚਾਰ ਨੂੰ ਬਿਚਾਰਦਾ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਦੀ ਮੁਕਤੀ ਹੁੰਦੀ ਹੈ।੪।੪੩।੫੪।

ਪਦਾਰਥ = ਈਂਧਨ ਤੇ–ਬਾਲਣ (ਲੱਕੜੀਆਂ) ਤੋਂ। ਬੈਸੰਤਰੁ–ਅੱਗ। ਭਾਗੈ–ਭੱਜਦੀ ਹੈ। ਮਾਟੀ–ਮਿੱਟੀ (ਧਰਤੀ)। ਕਉ–ਨੂੰ। ਜਲੁ–(ਸਮੁੰਦਰ ਦਾ) ਪਾਣੀ। ਦਹ ਦਿਸ–ਸਾਰੇ ਪਾਸੇ। ਤਿਆਗੈ–ਛਡ ਦਿੰਦਾ ਹੈ (ਡੋਬਦਾ ਨਹੀਂ)। ਊਪਰਿ ਚਰਨ–ਪੈਰ (ਟਾਹਣੀਆਂ) ਉਤੇ ਹਨ। ਤਲੈ–ਹੇਠਾਂ ਵਾਲੇ ਪਾਸੇ। ਆਕਾਸੁ–ਉਤਲਾ ਪਾਸਾ (ਸਿਰ)। ਘਟ ਮਹਿ–ਹਿਰਦੇ ਰੂਪ ਘੜੇ ਵਿਚ। ਸਿੰਧੁ–ਸਮੁੰਦਰ ਰੂਪ ਪ੍ਰਭੂ ਨੇ। ਕੀਓ–ਕੀਤਾ ਹੈ।੧। ਸੰਮ੍ਰਥੁ–ਸਰਬ ਸ਼ਕਤੀਮਾਨ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਨ ਬਿਸਰੈ–ਭੁਲਦਾ ਨਹੀਂ। ਜੀਅ–ਮਨ ਵਿਚੋਂ। ਭਗਤਨ ਕੈ–ਭਗਤਾਂ ਦੇ। ਮਨ–ਹੇ ਮਨ!। ਤਾ ਕਉ–ਉਸ ਨੂੰ। ਜਾਪਿ–ਜਪਿਆ ਕਰ।੧। ਰਹਾਉ। ਪ੍ਰਥਮੇ–ਪਹਿਲਾਂ। ਪਾਛੈ–ਪਿਛੋਂ। ਮੈਲੂ–ਮੈਲ (ਮਾਂ ਦੇ ਲਹੂ) ਨੂੰ। ਕੀਨੋ–ਬਣਾ ਦਿਤਾ। ਸੂਧੁ–ਸ਼ੁੱਧ (ਚਿੱਟਾ)। ਭੈ ਤੇ–ਡਰਾਂ ਤੋਂ। ਨਿਰਭਉ–ਡਰ ਰਹਿਤ। ਹੋਂਦੀ ਕਉ–ਹੋਣ ਵਾਲੀ (ਜੀਵ ਰੂਪ ਹਸਤੀ) ਨੂੰ। ਅਣਹੋਂਦੀ–ਜਿਸ ਦੀ ਕੋਈ ਹੋਂਦ ਨਹੀਂ। ਹਿਰੈ–ਠੱਗ ਰਹੀ ਹੈ।੨। ਦੇਹੀ–ਦੇਹ ਦਾ ਮਾਲਕ ਆਤਮਾ। ਬਿਦੇਹੀ–ਜੋ ਆਤਮਾ ਨਹੀਂ ਭਾਵ ਸਰੀਰ। ਦੀਸੈ–ਦਿਸਦਾ ਹੈ। ਸਗਲੇ–ਸਾਰੇ ਜੀਵਾਂ ਨੂੰ। ਸਾਜਿ–ਪੈਦਾ ਕਰਕੇ। ਕਰਤ–ਕਰਦਾ ਹੈ। ਜਗਦੀਸੈ–ਜਗਤ ਦਾ ਮਾਲਕ। ਠਗਣਹਾਰ–ਠੱਗਣ ਵਾਲੀ ਮਾਇਆ। ਅਣਠਗਦਾ–ਨਾ ਠੱਗੇ ਜਾਣ ਵਾਲਾ ਜੀਵ (ਕਿਉਂਕਿ ਜੀਵ ਪ੍ਰਭੂ ਦੀ ਅੰਸ਼ ਹੈ)। ਠਾਗੈ–ਠਗਦੀ ਹੈ। ਵਖਰ–ਨਾਮ ਦੀ ਪੂੰਜੀ। ਫਿਰਿ ਫਿਰਿ–ਮੁੜ ਮੁੜ। ਉਠਿ–ਉਠ ਕੇ। ਲਾਗੈ–ਲਗਦਾ (ਜੁੜਦਾ) ਹੈ।੩। ਸੰਤ ਸਭਾ–ਸੰਤਾਂ ਦੀ ਸਭਾ ਵਿਚ। ਕਰਹੁ ਬਖਿਆਣ–ਵਿਚਾਰ ਕਰੋ। ਸਿਮ੍ਰਿਤਿ–੨੭ ਸਿਮ੍ਰਤੀਆਂ। ਸਾਸਤ –੬ ਸ਼ਾਸਤ੍ਰ। ਬੇਦ–੪ ਬੇਦ। ਪੁਰਾਣ–੧੮ ਪੁਰਾਣ। ਬੀਚਾਰ ਕੋਇ–ਜਿਹੜਾ ਕੋਈ ਮਨੁੱਖ ਵਿਚਾਰਦਾ ਹੈ। ਤਾ ਕੀ–ਉਸ ਦੀ। ਪਰਮ ਗਤਿ–ਮੁਕਤੀ; ਉਚੀ ਆਤਮਕ ਅਵਸਥਾ।੪।੪੩।੫੪।

ਸਾਰੰਸ਼ = ਪ੍ਰਮਾਤਮਾ ਬਹੁਤ ਸਮਰੱਥਾ ਵਾਲਾ ਹੈ।ਉਸ ਦਾ ਵਿਚਾਰ ਕਰਨ ਨਾਲ ਮਨੁੱਖ ਦੀਆਂ ਸਭ ਬਲਾਵਾਂ ਟਲ ਜਾਂਦੀਆਂ ਹਨ ਅਤੇ ਮਾਇਆ ਦੀ ਤਾਕਤ ਉਲਟ ਕੇ ਆਤਮਕ ਤਰੱਕੀ ਵਿਚ ਰੁਕਾਵਟ ਕਰਨ ਦੀ ਥਾਂ ਸਹਾਇਤਾ ਕਰਦੀ ਹੈ।

ਰਾਮਕਲੀ ਮਹਲਾ ੫ ॥ ਜੋ ਤਿਸੁ ਭਾਵੈ ਸੋ ਥੀਆ ॥ ਸਦਾ ਸਦਾ ਹਰਿ ਕੀ ਸਰਣਾਈ, ਪ੍ਰਭ ਬਿਨੁ ਨਾਹੀ ਆਨ ਬੀਆ ॥੧॥ਰਹਾਉ॥ ਪੁਤੁ ਕਲਤ੍ਰੁ ਲਖਿਮੀ ਦੀਸੈ, ਇਨ ਮਹਿ ਕਿਛੂ ਨ ਸੰਗਿ ਲੀਆ ॥ ਬਿਖੈ ਠਗਉਰੀ ਖਾਇ ਭੁਲਾਨਾ, ਮਾਇਆ ਮੰਦਰੁ ਤਿਆਗਿ ਗਇਆ ॥੧॥ ਨਿੰਦਾ ਕਰਿ ਕਰਿ ਬਹੁਤੁ ਵਿਗੂਤਾ, ਗਰਭ ਜੋਨਿ ਮਹਿ ਕਿਰਤਿ ਪਇਆ ॥ ਪੁਰਬ ਕਮਾਣੇ ਛੋਡਹਿ ਨਾਹੀ, ਜਮ ਦੂਤਿ ਗ੍ਰਾਸਿਓ ਮਹਾ ਭਇਆ ॥੨॥ ਬੋਲੈ ਝੂਠੁ ਕਮਾਵੈ ਅਵਰਾ, ਤ੍ਰਿਸਨ ਨ ਬੂਝੈ ਬਹੁਤੁ ਹਇਆ ॥ ਅਸਾਧ ਰੋਗੁ ਉਪਜਿਆ ਸੰਤ ਦੂਖਨਿ, ਦੇਹ ਬਿਨਾਸੀ ਮਹਾ ਖਇਆ ॥੩॥ ਜਿਨਹਿ ਨਿਵਾਜੇ ਤਿਨ ਹੀ ਸਾਜੇ, ਆਪੇ ਕੀਨੇ ਸੰਤ ਜਇਆ ॥ ਨਾਨਕ ਦਾਸ ਕੰਠਿ ਲਾਇ ਰਾਖੇ, ਕਰਿ ਕਿਰਪਾ ਪਾਰਬ੍ਰਹਮ ਮਇਆ ॥੪॥੪੪॥੫੫॥ (ਹੇ ਭਾਈ!) ਜੋ ਕੁਛ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਹੀ ਹੁੰਦਾ ਹੈ।(ਗੁਰਮੁਖ) ਸਦਾ ਸਦਾ ਹਰੀ ਦੀ ਸ਼ਰਣ ਵਿਚ ਰਹਿੰਦਾ ਹੈ, (ਉਹ ਜਾਣਦਾ ਹੈ ਕਿ) ਪ੍ਰਭੂ ਤੋਂ ਬਿਨਾ ਹੋਰ ਕੋਈ ਦੂਜਾ ਰਖਵਾਲਾ ਨਹੀਂ ਹੈ।੧।ਰਹਾਉ।(ਹੇ ਭਾਈ!) ਪੁਤ੍ਰ, ਇਸਤ੍ਰੀ ਅਤੇ ਮਾਇਆ (ਆਦਿ ਜੋ ਕੁਛ) ਦਿਸਦਾ ਹੈ, ਇਨ੍ਹਾਂ ਵਿਚੋਂ (ਜੀਵ ਨੇ ਪ੍ਰਲੋਕ ਨੂੰ ਜਾਂਦਿਆਂ) ਕੁਛ ਵੀ ਅਪਨੇ ਨਾਲ ਨਹੀਂ ਲਿਆ।ਵਿਸ਼ਿਆਂ ਦੀ ਠਗ ਬੂਟੀ ਖਾ ਕੇ (ਮਨਮੁਖ ਨੇ ਪ੍ਰਭੂ ਨੂੰ) ਭੁਲਾ ਦਿਤਾ ਹੈ, (ਅੰਤ ਸਮੇਂ) ਮਾਇਆ ਅਤੇ ਘਰ (ਇਥੇ ਹੀ) ਛਡ ਕੇ ਪ੍ਰਲੋਕ ਨੂੰ ਚਲਾ ਗਿਆ।੧।(ਹੇ ਭਾਈ! ਮਨਮੁਖ ਦੂਜਿਆਂ ਦੀ) ਨਿੰਦਾ ਕਰ ਕਰਕੇ ਬਹੁਤ ਖੁਆਰ ਹੁੰਦਾ ਹੈ ਅਤੇ (ਅਪਣੇ) ਕੀਤੇ ਕਰਮਾਂ ਅਨੁਸਾਰ ਗਰਭ ਜੋਨੀ ਵਿਚ ਜਾ ਪਿਆ ਹੈ।ਪਹਿਲੇ ਜਨਮਾਂ ਦੇ ਕਮਾਏ ਕਰਮਾਂ ਦੇ ਸੰਸਕਾਰ (ਇਸ ਨੂੰ) ਛਡਦੇ ਨਹੀਂ, (ਇਨ੍ਹਾਂ ਮਾੜੇ ਕੰਮਾਂ ਕਰਕੇ ਇਸ ਨੂੰ) ਮਹਾਂ ਭਿਆਨਕ ਜਮ ਦੂਤਾਂ ਨੇ ਫੜ ਲਿਆ।੨।(ਹੇ ਭਾਈ! ਮਨਮੁਖ) ਝੂਠ ਬੋਲਦਾ ਹੈ, ਹੋਰ ਹੀ (ਮਾੜੇ) ਕਰਮ ਕਰਦਾ ਹੈ; (ਇਹ ਮੂਹੋਂ ਕਹਿੰਦਾ ਕੁਛ ਹੋਰ ਹੈ) ਅਤੇ ਕਮਾਉਂਦਾ ਕੁਛ ਹੋਰ ਹੈ, (ਇਸ ਦੀ ਪਦਾਰਥਾਂ ਦੀ) ਤ੍ਰਿਸ਼ਨਾ ਬੁਝਦੀ ਨਹੀਂ, ਜੋ ਬਹੁਤ ਸ਼ਰਮ ਦੀ ਗੱਲ ਹੈ; (ਇਸੇ ਕਰਕੇ ਇਹ) ਬਹੁਤ ਬਾਰ ਨਾਸ਼ ਹੁੰਦਾ ਹੈ (ਜੰਮਦਾ ਮਰਦਾ ਰਹਿੰਦਾ ਹੈ)।ਸੰਤਾਂ ਉਤੇ ਦੋਸ਼ ਲਗਾਉਣ ਦੇ ਕਾਰਣ (ਇਸ ਦੇ ਅੰਦਰ ਉਹ) ਰੋਗ ਪੈਦਾ ਹੋ ਗਿਆ ਹੈ,(ਜਿਸ ਦਾ) ਇਲਾਜ ਨਹੀਂ ਹੋ ਸਕਦਾ, (ਇਸ) ਵੱਡੇ ਖਈ ਰੋਗ ਦੇ ਕਾਰਨ ਹੀ (ਇਸ ਦੀ) ਦੇਹ ਨਾਸ਼ ਹੋ ਗਈ ਹੈ (ਨਿਸਫਲ ਹੀ ਮਰ ਗਿਆ ਹੈ)।੩।(ਹੇ ਭਾਈ! ਨਿੰਦਕ ਲੋਕ ਸੰਤਾਂ ਦਾ ਕੁਛ ਨਹੀਂ ਬਿਗਾੜ ਸਕਦੇ, ਕਿਉਂਕਿ ਸੰਤ) ਜਿਸ ਪ੍ਰਭੂ ਨੇ ਸਾਜੇ ਹਨ, ਉਸ ਨੇ ਹੀ (ਸੰਤਾਂ ਨੂੰ) ਨਿਵਾਜਿਆ ਹੈ ਅਤੇ ਆਪ ਹੀ ਸੰਤ ਜੇਤੂ ਕੀਤੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਮੇਹਰਵਾਨ ਪਾਰਬ੍ਰਹਮ ਕ੍ਰਿਪਾ ਕਰਕੇ ਅਪਣੇ ਦਾਸਾਂ ਨੂੰ ਕੰਠ ਨਾਲ ਲਾ ਕੇ ਰੱਖਦਾ ਹੈ।੪।੪੪।੫੫।

ਪਦਾਰਥ = ਤਿਸੁ–ਉਸ ਨੂੰ।ਭਾਵੈ–ਚੰਗਾ ਲਗਦਾ ਹੈ।ਸੋ–ਉਹ।ਥੀਆ–ਹੁੰਦਾ ਹੈ।ਆਨ–ਕੋਈ ਹੋਰ।ਬੀਆ–ਦੂਜਾ।੧।ਰਹਾਉ। ਕਲਤ੍ਰੁ–ਇਸਤ੍ਰੀ।ਲਖਿਮੀ–ਮਾਇਆ।ਦੀਸੈ–ਦਿਸਦਾ ਹੈ।ਇਨ ਮਹਿ–ਇਨ੍ਹਾਂ ਵਿਚੋਂ।ਸੰਗਿ–ਨਾਲ।ਬਿਖੈ ਠਗਉਰੀ–ਵਿਸ਼ਿਆਂ ਦੀ ਠਗਬੂਟੀ।ਖਾਇ–ਖਾ ਕੇ।ਭੁਲਾਨਾ–ਭੁਲਾ ਦਿਤਾ; ਕੁਰਾਹੇ ਪੈ ਗਿਆ।ਮੰਦਰੁ–ਘਰ।ਤਿਆਗਿ ਗਇਆ–ਛਡ ਕੇ ਚਲਾ ਗਿਆ। ੧।ਕਰਿ ਕਰਿ–ਕਰ ਕਰਕੇ।ਵਿਗੂਤਾ–ਖੁਆਰ ਹੁੰਦਾ ਹੈ।ਕਿਰਤਿ–ਕੀਤੇ ਕਰਮਾਂ ਅਨੁਸਾਰ।ਪਇਆ–ਜਾ ਪਿਆ।ਪੁਰਬ ਕਮਾਣੇ–ਪਹਿਲੇ ਜਨਮਾਂ ਦੇ ਕੀਤੇ ਕਰਮਾਂ ਦੇ ਸੰਸਕਾਰ।ਜਮ ਦੂਤਿ–ਜਮ ਦੂਤਾਂ ਨੇ।ਗ੍ਰਾਸਿਓ–ਫੜ ਲਿਆ।ਮਹਾ ਭਇਆ–ਬਹੁਤ ਭਿਆਨਕ ।੨।ਅਵਰਾ–ਹੋਰ।ਨ ਬੂਝੈ–ਬੁਝਦੀ ਨਹੀਂ।ਹਇਆ–ਸ਼ਰਮ ਵਾਲੀ ਗੱਲ ਹੈ; ਨਾਸ਼ ਹੁੰਦਾ ਹੈ (ਸੰ.ਸ.; ਫ.ਸ.); ਹਾਇ ਹਾਇ ਲੱਗੀ ਰਹਿੰਦੀ ਹੈ।ਅਸਾਧ–ਜਿਸ ਦਾ ਇਲਾਜ ਨਾ ਹੋ ਸਕਦਾ ਹੋਵੇ।ਉਪਜਿਆ–ਪੈਦਾ ਹੋ ਗਿਆ।ਦੂਖਨਿ–ਦੋਸ਼ ਲਾਉਣ ਕਰਕੇ। ਦੇਹ–ਸਰੀਰ।ਬਿਨਾਸੀ–ਨਾਸ਼ ਹੋ ਗਿਆ।ਮਹਾ ਖਇਆ–ਵੱਡੇ ਖਈ ਰੋਗ ਕਰਕੇ।੩।ਜਿਨਹਿ–ਜਿਸ ਨੇ।ਨਿਵਾਜੇ–ਆਦਰ ਦਿਤਾ ਹੈ।ਤਿਨ ਹੀ–ਉਸ ਨੇ ਹੀ।ਸਾਜੇ–ਪੈਦਾ ਕੀਤੇ ਹਨ।ਕੀਨੇ ਜਇਆ–ਜੇਤੂ ਕੀਤੇ ਹਨ।ਕੰਠਿ–ਗਲ ਨਾਲ।ਦਾਸ–ਦਾਸਾਂ ਨੂੰ।ਲਾਇ ਰਾਖੇ–ਲਾ ਕੇ ਰੱਖਦਾ ਹੈ।ਮਇਆ–ਦਇਆ; ਮੇਹਰਵਾਨ।੪।੪੪।੫੫।

ਰਾਮਕਲੀ ਮਹਲਾ ੫ ॥ ਐਸਾ ਪੂਰਾ ਗੁਰਦੇਉ ਸਹਾਈ ॥ ਜਾ ਕਾ ਸਿਮਰਨੁ ਬਿਰਥਾ ਨ ਜਾਈ ॥੧॥ਰਹਾਉ॥ ਦਰਸਨੁ ਪੇਖਤ ਹੋਇ ਨਿਹਾਲੁ ॥ ਜਾ ਕੀ ਧੂਰਿ ਕਾਟੈ ਜਮ ਜਾਲੁ ॥ ਚਰਨ ਕਮਲ ਬਸੇ ਮੇਰੇ ਮਨ ਕੇ ॥ ਕਾਰਜ ਸਵਾਰੇ ਸਗਲੇ ਤਨ ਕੇ ॥੧॥ ਜਾ ਕੈ ਮਸਤਕਿ ਰਾਖੈ ਹਾਥੁ ॥ ਪ੍ਰਭੁ ਮੇਰੋ ਅਨਾਥ ਕੋ ਨਾਥੁ ॥ ਪਤਿਤ ਉਧਾਰਣੁ ਕ੍ਰਿਪਾ ਨਿਧਾਨੁ ॥ ਸਦਾ ਸਦਾ ਜਾਈਐ ਕੁਰਬਾਨੁ ॥ ੨॥ ਨਿਰਮਲ ਮੰਤੁ ਦੇਇ ਜਿਸੁ ਦਾਨੁ ॥ ਤਜਹਿ ਬਿਕਾਰ ਬਿਨਸੈ ਅਭਿਮਾਨੁ ॥ ਏਕੁ ਧਿਆਈਐ ਸਾਧ ਕੈ ਸੰਗਿ ॥ ਪਾਪ ਬਿਨਾਸੇ

ਨਾਮ ਕੈ ਰੰਗਿ ॥੩॥ ਗੁਰ ਪਰਮੇਸੁਰ ਸਗਲ ਨਿਵਾਸ ॥ ਘਟਿ ਘਟਿ ਰਵਿ ਰਹਿਆ ਗੁਣਤਾਸ ॥ ਦਰਸੁ ਦੇਹਿ ਧਾਰਉ ਪ੍ਰਭ ਆਸ ॥ ਨਿਤ ਨਾਨਕੁ ਚਿਤਵੈ ਸਚੁ ਅਰਦਾਸਿ ॥੪॥੪੫॥੫੬॥ (ਹੇ ਭਾਈ!) ਪ੍ਰਕਾਸ਼ ਸਰੂਪ ਗੁਰੂ ਐਸਾ ਸਹਾਈ ਹੁੰਦਾ ਹੈ ਕਿ ਜਿਸ ਦਾ ਦਿਤਾ ਹੋਇਆ ਹਰੀ ਦਾ ਨਾਮ ਸਿਮਰਨ ਬਿਰਥਾ ਨਹੀਂ ਜਾਂਦਾ।੧।ਰਹਾਉ।(ਹੇ ਭਾਈ! ਜਿਸ ਗੁਰੂ ਦਾ) ਦਰਸ਼ਨ ਦੇਖਦਿਆਂ ਹੀ (ਮਨੁੱਖ) ਨਿਹਾਲ ਹੋ ਜਾਂਦਾ ਹੈ।ਜਿਸ ਦੀ ਚਰਨ ਧੂੜ ਜਮਾਂ ਦਾ ਜਾਲ ਕੱਟ ਦਿੰਦੀ ਹੈ।ਮੇਰੇ ਮਨ ਦੇ ਅੰਦਰ (ਗੁਰੂ ਦੇ) ਚਰਨ ਕਮਲ ਵਸ ਗਏ ਹਨ।(ਗੁਰੂ ਨੇ) ਮੇਰੇ ਸਰੀਰ ਦੇ ਸਾਰੇ ਕਾਰਜ ਸਵਾਰ ਦਿਤੇ ਹਨ।੧।(ਹੇ ਭਾਈ!) ਜਿਸ ਮਨੁੱਖ ਦੇ ਮੱਥੇ ਉਤੇ (ਗੁਰੂ ਅਪਣਾ ਮੇਹਰ ਭਰਿਆ) ਹੱਥ ਰਖਦਾ ਹੈ, (ਉਸ ਨੂੰ) ਮੇਰਾ ਪ੍ਰਭੂ ਮਿਲ ਪੈਂਦਾ ਹੈ, ਜੋ ਅਨਾਥਾਂ ਦਾ ਨਾਥ ਹੈ।(ਗੁਰੂ) ਪਾਪੀਆਂ ਦਾ ਉਧਾਰ ਕਰਨ ਵਾਲਾ ਹੈ ਅਤੇ ਕ੍ਰਿਪਾ ਦਾ ਖਜਾਨਾ ਹੈ।(ਇਸ ਲਈ ਗੁਰੂ ਤੋਂ) ਸਦਾ ਸਦਾ ਕੁਰਬਾਨ ਜਾਣਾ ਚਾਹੀਦਾ ਹੈ।੨।(ਹੇ ਭਾਈ!) ਜਿਸ ਮਨੁੱਖ ਨੂੰ ਗੁਰੂ ਦਾਨ ਵੱਜੋਂ ਪਵਿਤ੍ਰ ਉਪਦੇਸ਼ ਦੇਂਦਾ ਹੈ।ਵਿਕਾਰ (ਉਸ ਦਾ ਪਿੱਛਾ) ਛਡ ਜਾਂਦੇ ਹਨ ਅਤੇ (ਉਸ ਦਾ) ਹੰਕਾਰ ਵੀ ਨਾਸ਼ ਹੋ ਜਾਂਦਾ ਹੈ।(ਹੇ ਭਾਈ!) ਸਾਧੂਆਂ ਦੇ ਸਤਸੰਗ ਵਿਚ ਇਕ ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ।(ਹਰੀ ਦੇ) ਨਾਮ ਦੇ ਪ੍ਰੇਮ ਨਾਲ ਪਾਪ ਨਾਸ਼ ਹੋ ਜਾਂਦੇ ਹਨ।੩।(ਹੇ ਭਾਈ!) ਗੁਰੂ ਪ੍ਰਮੇਸਰ ਦਾ ਸਾਰੇ ਜੀਵਾਂ ਵਿਚ ਨਿਵਾਸ ਹੈ।(ਉਹ) ਗੁਣਾਂ ਦਾ ਸਮੁੰਦਰ ਹਰੇਕ ਜੀਵ ਦੇ ਹਿਰਦੇ ਵਿਚ ਵਿਆਪਕ ਹੋ ਰਿਹਾ ਹੈ।ਹੇ ਪ੍ਰਭੂ! (ਮੈਨੂੰ ਅਪਣਾ) ਦਰਸ਼ਨ ਦੇਹ, ਮੈਂ (ਅਪਣੇ ਮਨ ਵਿਚ ਦਰਸ਼ਨ ਦੀ) ਆਸ ਧਾਰੀ ਬੈਠਾ ਹਾਂ।ਨਾਨਕ ਸੱਚੇ ਪ੍ਰਭੂ ਨੂੰ ਅਰਦਾਸ ਦੁਆਰਾ ਸਦਾ ਯਾਦ ਕਰਦਾ ਰਹਿੰਦਾ ਹੈ।੪।੪੫।੫੬।

ਪਦਾਰਥ = ਗੁਰਦੇਉ–ਪ੍ਰਕਾਸ਼ ਸਰੂਪ ਗੁਰੂ; ਗੁਰੂ ਨਾਨਕ ਦੇਵ ਜੀ।ਸਹਾਈ–ਸਹਾਇਤਾ ਕਰਨ ਵਾਲਾ।ਜਾ ਕਾ–ਜਿਸ ਦਾ (ਦਿਤਾ ਹਰੀ ਦਾ ਨਾਮ)।ਬਿਰਥਾ–ਬਿਅਰਥ।ਨ ਜਾਈ–ਨਹੀਂ ਜਾਂਦਾ।੧।ਰਹਾਉ।ਪੇਖਤ–ਦੇਖਦਿਆਂ ਹੀ।ਨਿਹਾਲ–ਪ੍ਰਸੰਨ; ਦੁੱਖ ਰਹਿਤ ਅਵਸਥਾ।ਜਾ ਕੀ ਧੂਰਿ–ਜਿਸ ਦੀ ਚਰਨ ਧੂੜ।ਜਮ ਜਾਲੁ–ਜਮਾਂ ਦੀ ਫਾਹੀ।ਮਨ ਕੇ–ਮਨ ਦੇ ਅੰਦਰ।ਕਾਰਜ–ਕੰਮ।ਸਗਲੇ–ਸਾਰੇ।ਤਨ ਕੇ–ਸਰੀਰ ਦੇ।੧।ਜਾ ਕੈ–ਜਿਸ ਦੇ।ਮਸਤਕਿ–ਮੱਥੇ ਉਤੇ।ਅਨਾਥ ਕੋ–ਯਤੀਮਾਂ ਦਾ।ਨਾਥੁ–ਮਾਲਕ।ਪਤਿਤ–ਪਾਪੀਆਂ ਦਾ।ਉਧਾਰਣੁ–ਉਧਾਰ ਕਰਨ ਵਾਲਾ।ਨਿਧਾਨੁ–ਖਜਾਨਾ।੨।ਨਿਰਮਲ ਮੰਤੁ–ਪਵਿਤ੍ਰ ਉਪਦੇਸ਼; ਨਾਮ ਮੰਤ੍ਰ।ਦੇਇ–ਦੇਂਦਾ ਹੈ।ਤਜਹਿ ਬਿਕਾਰ–ਵਿਕਾਰ ਛਡ ਜਾਂਦੇ ਹਨ।ਬਿਨਸੈ–ਨਾਸ਼ ਹੋ ਜਾਂਦਾ ਹੈ।ਏਕੁ–ਇਕ ਪ੍ਰਭੂ ਨੂੰ।ਬਿਨਾਸੇ–ਨਾਸ਼ ਹੋ ਜਾਂਦੇ ਹਨ।ਨਾਮ ਕੈ ਰੰਗਿ–ਨਾਮ ਦੇ ਪ੍ਰੇਮ ਨਾਲ।੩।ਸਗਲ–ਸਾਰੇ ਜੀਵਾਂ ਵਿਚ।ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ।ਰਵਿ ਰਹਿਆ–ਵਿਆਪਕ ਹੋ ਰਿਹਾ ਹੈ।ਗੁਣਤਾਸ–ਗੁਣਾਂ ਦਾ ਸਮੁੰਦਰ।ਧਾਰਉ–ਧਾਰੀ ਬੈਠਾ ਹਾਂ।ਪ੍ਰਭ–ਹੇ ਪ੍ਰਭੂ!।ਨਿਤ–ਹਰ ਰੋਜ।ਨਾਨਕ ਚਿਤਵੈ–ਨਾਨਕ ਯਾਦ ਕਰਦਾ ਰਹਿੰਦਾ ਹੈ।ਸਚੁ–ਸੱਚੇ ਪ੍ਰਭੂ ਨੂੰ।੪।੪੫।੫੬।

ਅੰਗ ੯੦੧ = ਰਾਗੁ ਰਾਮਕਲੀ ਮਹਲਾ ੫ ਘਰੁ ੨ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਗਾਵਹੁ ਰਾਮ ਕੇ ਗੁਣ ਗੀਤ ॥ ਨਾਮੁ ਜਪਤ ਪਰਮ ਸੁਖੁ ਪਾਈਐ, ਆਵਾ ਗਉਣੁ ਮਿਟੈ ਮੇਰੇ ਮੀਤ ॥੧॥ਰਹਾਉ॥ ਗੁਣ ਗਾਵਤ ਹੋਵਤ ਪਰਗਾਸੁ ॥ ਚਰਨ ਕਮਲ ਮਹਿ ਹੋਇ ਨਿਵਾਸੁ ॥੧॥ ਸੰਤ ਸੰਗਤਿ ਮਹਿ ਹੋਇ ਉਧਾਰੁ ॥ ਨਾਨਕ ਭਵਜਲੁ ਉਤਰਸਿ ਪਾਰਿ ॥੨॥੧॥੫੭॥ ਹੇ ਮੇਰੇ ਮਿਤ੍ਰੋ! ਰਾਮ ਦੇ ਗੁਣਾਂ ਦੇ ਗੀਤ ਗਾਇਆ ਕਰੋ, (ਪ੍ਰਭੂ ਦਾ) ਨਾਮ ਜਪਦਿਆਂ ਸਭ ਤੋਂ ਵੱਡਾ ਸੁਖ ਪਾ ਲਈਦਾ ਹੈ ਅਤੇ ਜਨਮ ਮਰਨ ਦਾ ਗੇੜ ਵੀ ਮਿਟ ਜਾਂਦਾ ਹੈ।੧।ਰਹਾਉ।(ਹੇ ਮਿਤ੍ਰੋ! ਪ੍ਰਭੂ ਦੇ) ਗੁਣ ਗਾਉਂਦਿਆਂ ਆਤਮਕ ਚਾਨਣ ਹੋ ਜਾਂਦਾ ਹੈ ਅਤੇ ਪ੍ਰਭੂ ਦੇ ਚਰਨ ਕਮਲਾਂ ਵਿਚ ਮਨ ਦਾ ਨਿਵਾਸ ਹੋ ਜਾਂਦਾ ਹੈ।੧।(ਹੇ ਮਿਤ੍ਰ!) ਸੰਤਾਂ ਸੰਗਤ ਵਿਚ (ਪ੍ਰਭੂ ਦੇ ਗੁਣ ਗਾਉਂਦਿਆਂ) ਪਾਰ ਉਤਾਰਾ ਹੋ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਇਸ ਤਰ੍ਹਾਂ ਤੂੰ) ਭਵਜਲ ਤੋਂ ਪਾਰ ਉਤਰ ਜਾਵੇਂਗਾ।੨।੧।੫੭।

ਪਦਾਰਥ = ਦੁਪਦੇ–ਦੋ ਪਦਿਆਂ ਵਾਲੇ ਸ਼ਬਦ।ਗਾਵਹੁ–ਗਾਇਆ ਕਰੋ।ਰਾਮ ਕੇ–ਸਰਬ ਵਿਆਪਕ ਪ੍ਰਭੂ ਦੇ।ਜਪਤ–ਜਪਦਿਆਂ।ਪਰਮ ਸੁਖੁ–ਸਭ ਤੋਂ ਵੱਡਾ ਸੁਖ।ਪਾਈਐ–ਪਾ ਲਈਦਾ ਹੈ।ਆਵਾਗਉਣੁ–ਸੰਸਾਰ ਵਿਚ ਆਉਣ ਅਤੇ ਜਾਣ (ਜਨਮ ਮਰਨ) ਦਾ ਗੇੜ।ਮੀਤ–ਹੇ ਮਿਤ੍ਰੋ!।੧।ਰਹਾਉ। ਗਾਵਤ–ਗਾਉਂਦਿਆਂ।ਹੋਵਤ–ਹੋ ਜਾਂਦਾ ਹੈ।ਪਰਗਾਸੁ–ਗਿਆਨ ਦਾ ਚਾਨਣ।ਚਰਨ ਕਮਲ ਮਹਿ–ਕਮਲ ਫੁੱਲ ਵਰਗੇ ਸੁੰਦਰ ਅਤੇ ਕੋਮਲ ਚਰਨਾਂ ਵਿਚ।੧।ਸੰਤ ਸੰਗਤਿ–ਸੰਤਾਂ ਦੀ ਸੰਗਤ ਵਿਚ।ਉਧਾਰੁ–ਪਾਰ ਉਤਾਰਾ; ਮੁਕਤੀ।ਭਵਜਲੁ–ਸੰਸਾਰ ਸਮੁੰਦਰ ਤੋਂ।ਉਤਰਸਿ ਪਾਰਿ–ਪਾਰ ਲੰਘ ਜਾਵੇਂਗਾ।੨।੧।੫੭।

ਰਾਮਕਲੀ ਮਹਲਾ ੫ ॥ ਗੁਰੁ ਪੂਰਾ ਮੇਰਾ ਗੁਰੁ ਪੂਰਾ ॥ ਰਾਮ ਨਾਮੁ ਜਪਿ ਸਦਾ ਸੁਹੇਲੇ, ਸਗਲ ਬਿਨਾਸੇ ਰੋਗ ਕੂਰਾ ॥੧॥ਰਹਾਉ॥ ਏਕੁ ਅਰਾਧਹੁ ,ਸਾਚਾ ਸੋਇ ॥ ਜਾ ਕੀ ਸਰਨਿ, ਸਦਾ ਸੁਖੁ ਹੋਇ ॥੧॥ ਨੀਦ ਸੁਹੇਲੀ, ਨਾਮ ਕੀ ਲਾਗੀ ਭੂਖ ॥ ਹਰਿ ਸਿਮਰਤ

,ਬਿਨਸੇ ਸਭ ਦੂਖ ॥੨॥ ਸਹਜਿ ਅਨੰਦ ਕਰਹੁ ,ਮੇਰੇ ਭਾਈ ॥ ਗੁਰਿ ਪੂਰੈ, ਸਭ ਚਿੰਤ ਮਿਟਾਈ ॥੩॥ ਆਠ ਪਹਰ, ਪ੍ਰਭ ਕਾ ਜਪੁ ਜਾਪਿ ॥ ਨਾਨਕ ਰਾਖਾ ਹੋਆ ਆਪਿ ॥੪॥੨॥੫੮॥ (ਹੇ ਭਾਈ!) ਮੇਰਾ ਗੁਰੂ (ਸਾਰੇ ਕੰਮਾਂ ਵਿਚ) ਪੂਰਾ ਸਮਰੱਥ ਹੈ ਅਤੇ ਗੁਰੂ ਸਾਰੇ (ਗੁਣਾਂ ਵਿਚ ਵੀ) ਪੂਰਾ ਹੈ।(ਪੂਰੇ ਗੁਰੂ ਦੀ ਸਰਨ ਵਿਚ ਪੈ ਕੇ) ਪ੍ਰਭੂ ਦਾ ਨਾਮ ਜਪ ਕੇ ਸਦਾ ਲਈ ਸੁਖੀ ਹੋ ਗਏ ਹਾਂ ,ਮੇਰੇ ਸਾਰੇ ਵਿਕਾਰ ਆਦਿ ਰੋਗ ਅਤੇ ਝੂਠ ਨਾਸ਼ ਹੋ ਗਏ ਹਨ।੧।ਰਹਾਉ।(ਹੇ ਭਾਈ!) ਇਕ ਪ੍ਰਭੂ ਦੀ ਅਰਾਧਨਾ ਕਰੋ, ਇਕ ਉਹ ਹੀ ਸੱਚਾ ਹੈ।ਜਿਸ ਦੀ ਸ਼ਰਨ ਪਿਆਂ ਸਦਾ ਸੁਖ ਪ੍ਰਾਪਤ ਹੁੰਦਾ ਹੈ।੧।(ਹੇ ਭਾਈ! ਸਾਨੂੰ ਪ੍ਰਭੂ ਦੇ) ਨਾਮ ਦੀ ਭੁੱਖ ਲੱਗੀ ਹੈ, (ਜਿਸ ਕਰਕੇ) ਸੁਖਦਾਈ ਸ਼ਾਂਤੀ ਰੂਪ ਨੀਂਦ ਪ੍ਰਾਪਤ ਹੋਈ ਹੈ।ਹਰੀ ਦਾ ਨਾਮ ਸਿਮਰਦਿਆਂ ਸਾਰੇ ਦੁਖ ਨਾਸ਼ ਹੋ ਗਏ ਹਨ।੨।ਹੇ ਮੇਰੇ ਭਾਈ! ਸਹਿਜ ਅਵਸਥਾ ਵਿਚ ਟਿਕ ਕੇ ਆਤਮਕ ਅਨੰਦ ਮਾਣਨਾ ਕਰੋ।(ਜਿਸ ਮਨੁੱਖ ਨੇ ਇਹ ਅਨੰਦ ਮਾਣਿਆ ਹੈ, ਉਸ ਦੀ) ਸਾਰੀ ਚਿੰਤਾ ਪੂਰੇ ਗੁਰੂ ਨੇ ਮਿਟਾ ਦਿਤੀ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ! ਤੂੰ) ਅੱਠੇ ਪਹਿਰ ਪ੍ਰਭੂ ਦਾ ਜਾਪ ਜਪਿਆ ਕਰ, (ਜਿਸ ਨੇ ਜਪਿਆ ਹੈ, ਉਸ ਦਾ) ਰਖਵਾਲਾ ਪ੍ਰਭੂ ਆਪ ਮੇਰਾ ਹੋਇਆ ਹੈ।੪।੨।੫੮।

ਪਦਾਰਥ = ਪੂਰਾ–ਸਾਰੇ ਗੁਣਾਂ ਅਤੇ ਕੰਮਾਂ ਵਿਚ ਪੂਰਨ।ਜਪਿ–ਜਪ ਕੇ।ਸੁਹੇਲੇ–ਸੁਖੀ।ਸਗਲ–ਸਾਰੇ।ਬਿਨਾਸੇ–ਨਾਸ਼ ਹੋ ਗਏ ਹਨ।ਰੋਗ ਕੂਰਾ–ਝੂਠ ਅਤੇ ਵਿਕਾਰ ਆਦਿ ਰੋਗ।੧।ਰਹਾਉ।ਏਕੁ–ਇਕ ਪ੍ਰਭੂ ਨੂੰ।ਅਰਾਧਹੁ–ਸਿਮਰਿਆ ਕਰੋ।ਸੋਇ–ਉਹ ਹੀ ।ਜਾ ਕੀ–ਜਿਸ ਦੀ।ਸਰਨਿ–ਸ਼ਰਨ ਵਿਚ ਪਿਆਂ।੧।ਨੀਦ–ਆਰਾਮ; ਸ਼ਾਂਤੀ।ਸੁਹੇਲੀ–ਸੁਖਦਾਈ।ਸਿਮਰਤ–ਸਿਮਰਦਿਆਂ। ਬਿਨਸੇ–ਨਾਸ਼ ਹੋ ਗਏ।੨।ਸਹਜਿ–ਸਹਿਜ ਅਵਸਥਾ ਵਿਚ ਟਿਕ ਕੇ।ਮੇਰੇ ਭਾਈ–ਹੇ ਮੇਰੇ ਭਾਈ!।ਗੁਰਿ ਪੂਰੈ–ਪੂਰੇ ਗੁਰੂ ਨੇ। ੩।ਆਠ ਪਹਰ–ਅੱਠੇ ਪਹਿਰ (ਸਦਾ)।ਜਾਪਿ–ਜਪਿਆ ਕਰ।ਰਾਖਾ–ਰਖਵਾਲਾ।੪।੨।੫੮।

ਰਾਗੁ ਰਾਮਕਲੀ ਮਹਲਾ ੫ ਪੜਤਾਲ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਨਰ ਨਰਹ ਨਮਸਕਾਰੰ ॥ ਜਲਨ ਥਲਨ ਬਸੁਧ ਗਗਨ, ਏਕ ਏਕੰਕਾਰੰ ॥੧॥ਰਹਾਉ॥ ਹਰਨ ਧਰਨ ਪੁਨ ਪੁਨਹ ਕਰਨ ॥ ਨਹ ਗਿਰਹ ਨਿਰੰਹਾਰੰ ॥੧॥ ਗੰਭੀਰ ਧੀਰ ਨਾਮ ਹੀਰ ,ਊਚ ਮੂਚ ਅਪਾਰੰ ॥ ਕਰਨ ਕੇਲ ਗੁਣ ਅਮੋਲ, ਨਾਨਕ ਬਲਿਹਾਰੰ ॥੨॥੧॥੫੯॥ (ਹੇ ਭਾਈ!) ਪੁਰਖਾਂ ਵਿਚੋਂ ਸ੍ਰੇਸਟ ਪੁਰਖ ਪ੍ਰਮਾਤਮਾ ਹੈ, (ਉਸ ਨੂੰ ਮੇਰੀ) ਨਮਸ਼ਕਾਰ ਹੈ।(ਉਹ) ਇਕੋ ਇਕ ਪ੍ਰਮਾਤਮਾ ਜਲਾਂ ਵਿਚ, ਥਲਾਂ ਵਿਚ, ਧਰਤੀ ਵਿਚ ਅਤੇ ਅਕਾਸ਼ ਵਿਚ ਵਿਆਪਕ ਹੈ।੧।ਰਹਾਉ।(ਉਹ) ਪ੍ਰਭੂ ਸੰਸਾਰ ਨੂੰ ਮੁੜ ਮੁੜ ਪੈਦਾ ਕਰਨ ਵਾਲਾ ਹੈ, ਸਭ ਦੀ ਪਾਲਣਾ ਕਰਨ ਵਾਲਾ ਹੈ; ਆਸਰਾ ਦੇਣ ਵਾਲਾ ਹੈ ਅਤੇ ਸਭ ਨੂੰ ਨਾਸ਼ ਕਰਨ ਵਾਲਾ ਵੀ (ਉਹ ਹੀ) ਹੈ।ਉਸ ਦਾ ਕੋਈ ਵਿਸ਼ੇਸ਼ ਘਰ ਨਹੀਂ ਅਤੇ (ਉਹ) ਅਹਾਰ ਤੋਂ ਰਹਿਤ ਹੈ।੧।(ਉਹ ਪ੍ਰਭੂ) ਅਡੋਲ, ਧੀਰਜਵਾਨ, (ਉਸ ਦਾ) ਨਾਮ ਹੀਰੇ ਵਾਂਗ ਅਮੋਲਕ ਹੈ, ਅਤਿਅੰਤ ਉਚਾ ਹੈ ਅਤੇ ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈ।(ਉਹ ਅਨੇਕਾਂ) ਕੌਤਕ ਕਰਨ ਵਾਲਾ ਹੈ, ਅਮੋਲਕ ਗੁਣਾਂ ਦਾ ਮਾਲਕ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ (ਉਸ ਪ੍ਰਭੂ ਤੋਂ) ਬਲਿਹਾਰ ਜਾਂਦਾ ਹਾਂ।੨।੧।੫੯।

ਪਦਾਰਥ = ਪੜਤਾਲ–ਜਿਸ ਸ਼ਬਦ ਦੇ ਗਾਉਣ ਵਿਚ ਹਰੇਕ ਤੁਕ ਤੇ ਤਾਲ ਪਰਤਾਇਆ ਜਾਂਦਾ ਹੋਵੇ।ਨਰ ਨਰਹ–ਨਰਾਂ ਵਿਚੋਂ ਸ੍ਰੇਸ਼ਟ ਨਰ।ਜਲਨ–ਪਾਣੀਆਂ ਵਿਚ।ਥਲਨ–ਥਲਾਂ ਵਿਚ।ਬਸੁਧ–ਧਰਤੀ ਵਿਚ।ਗਗਨ–ਅਕਾਸ਼ ਵਿਚ।ਏਕ ਏਕੰਕਾਰੰ–ਇਕੋ ਇਕ ਸਰਬ ਵਿਆਪਕ ਪ੍ਰਮਾਤਮਾ।੧।ਰਹਾਉ।ਹਰਨ–ਨਾਸ਼ ਕਰਨ ਵਾਲਾ।ਧਰਨ–ਪਾਲਣ ਵਾਲਾ; ਆਸਰਾ ਦੇਣ ਵਾਲਾ।ਪੁਨ ਪੁਨਹ–ਮੁੜ ਮੁੜ; ਬਾਰ ਬਾਰ।ਕਰਨ–ਪੈਦਾ ਕਰਨ ਵਾਲਾ।ਨਹ ਗਿਰਹ–(ਉਸ ਦਾ) ਘਰ ਨਹੀਂ।ਨਿਰੰਹਾਰੰ–ਖੁਰਾਕ ਨਹੀਂ ਖਾਂਦਾ। ੧।ਗੰਭੀਰ–ਅਡੋਲ; ਨਿਹਚਲ; ਅਥਾਹ।ਧੀਰ–ਧੀਰਜ ਵਾਲਾ (ਜੋ ਛੇਤੀ ਘਬਰਾਵੇ ਨਾ; ਸ਼ਾਂਤ ਚਿੱਤ)।ਹੀਰ–ਹੀਰੇ ਵਾਂਗ ਅਮੋਲਕ ।ਊਚ ਮੂਚ–ਅਤਿਅੰਤ ਉਚਾ।ਅਪਾਰੰ–ਬੇਅੰਤ; ਜਿਸ ਦੇ ਉਰਾਰ ਪਾਰ ਦਾ ਪਤਾ ਨਹੀਂ।ਕਰਨ ਕੇਲ–ਕੌਤਕ ਕਰਨ ਵਾਲਾ (ਚੋਜੀ) ।ਅਮੋਲ–ਅਮੋਲਕ।ਬਲਿਹਾਰੰ–ਕੁਰਬਾਨ ਜਾਂਦਾ ਹੈ।੨।੧।੫੯।

ਰਾਮਕਲੀ ਮਹਲਾ ੫ ॥ ਰੂਪ ਰੰਗ ਸੁਗੰਧ ਭੋਗ ਤਿਆਗਿ ਚਲੇ, ਮਾਇਆ ਛਲੇ, ਕਨਿਕ ਕਾਮਿਨੀ ॥੧॥ਰਹਾਉ॥ ਭੰਡਾਰ ਦਰਬ ਅਰਬ ਖਰਬ, ਪੇਖਿ ਲੀਲਾ ਮਨੁ ਸਧਾਰੈ ॥ ਨਹ ਸੰਗਿ ਗਾਮਨੀ ॥੧॥ ਸੁਤ ਕਲਤ੍ਰ ਭ੍ਰਾਤ ਮੀਤ ਉਰਝਿ ਪਰਿਓ, ਭਰਮਿ ਮੋਹਿਓ, ਇਹ ਬਿਰਖ ਛਾਮਨੀ ॥ ਚਰਨ ਕਮਲ ਸਰਨ ਨਾਨਕ, ਸੁਖੁ ਸੰਤ ਭਾਵਨੀ ॥੨॥੨॥੬੦॥ (ਹੇ ਭਾਈ! ਪ੍ਰਭੂ ਨੂੰ ਭੁੱਲ ਕੇ) ਮਾਇਆ ਦੇ ਛਲੇ ਹੋਏ ਮਨੁੱਖ ਸੁੰਦਰ ਰੂਪ ਰੰਗ, ਸੁਗੰਧੀਆਂ, ਪਦਾਰਥਾਂ ਦੇ ਭੋਗ, ਸੋਨਾ ਅਤੇ ਇਸਤ੍ਰੀ ਆਦਿ ਸਭ ਕੁਛ ਨੂੰ ਛਡ ਕੇ (ਦੁਨੀਆਂ ਤੋਂ) ਚਲੇ ਜਾਂਦੇ ਹਨ।੧।ਰਹਾਉ।ਅਰਬਾ ਖਰਬਾਂ (ਅਣਗਿਣਤ) ਧਨ ਦੇ ਭੰਡਾਰਿਆਂ ਦੀ ਲੀਲਾ ਦੇਖ ਕੇ ਮਨੁੱਖੀ ਮਨ ਆਸਰੇ

ਸਹਿਤ ਹੁੰਦਾ ਹੈ।(ਇਨ੍ਹਾਂ ਵਿਚੋਂ ਕੋਈ ਵੀ ਚੀਜ ਪ੍ਰਲੋਕ ਨੂੰ) ਮਨੁੱਖ ਦੇ ਨਾਲ ਨਹੀਂ ਜਾਂਦੀ।੧।ਭਰਮ ਵਿਚ ਮੋਹਿਆ ਹੋਇਆ ਮਨੁੱਖ ਪੁਤ੍ਰ, ਇਸਤ੍ਰੀ, ਭਰਾ ਅਤੇ ਮਿਤ੍ਰ ਆਦਿ ਸਬੰਧੀਆਂ ਦੇ ਮੋਹ ਵਿਚ ਫਸਿਆ ਪਿਆ ਹੈ, ਇਹ (ਸਾਰੇ ਸਬੰਧੀ) ਬ੍ਰਿਛ ਦੀ ਛਾਂ ਵਾਂਗ ਸਦਾ ਟਿਕੇ ਰਹਿਣ ਵਾਲੇ ਨਹੀਂ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤਾਂ ਦੀ ਭਾਵਨਾ ਹੈ ਕਿ ਸਦੀਵੀ ਸੁਖ ਪ੍ਰਭੂ ਦੇ ਕਮਲ ਫੁੱਲ ਵਰਗੇ ਚਰਨਾਂ ਦੀ ਸਰਨ ਵਿਚ ਹੀ ਹੈ।੨।੨।੬੦।

ਪਦਾਰਥ = ਰੂਪ ਰੰਗ-ਸੁੰਦਰ ਰੂਪ ਰੰਗ।ਭੋਗ-ਪਦਾਰਥਾਂ ਦੇ ਭੋਗ।ਤਿਆਗਿ ਚਲੇ-ਛਡ ਕੇ ਚਲੇ ਜਾਂਦੇ ਹਨ।ਮਾਇਆ ਛਲੇ-ਮਾਇਆ ਦੇ ਠੱਗੇ ਹੋਏ।ਕਨਿਕ-ਸੋਨਾ।ਕਾਮਿਨੀ-ਇਸਤ੍ਰੀ।੧।ਰਹਾਉ।ਭੰਡਾਰ-ਖਜਾਨੇ।ਦਰਬ-ਧਨ ਦੇ।ਅਰਬ ਖਰਬ-ਅਰਬਾਂ ਖਰਬਾਂ ਦੀ ਗਿਣਤੀ ਦੇ (ਅਣਗਿਣਤ)।ਪੇਖਿ-ਦੇਖ ਕੇ।ਲੀਲਾ-ਖੇਡ; ਮੌਜ।ਸਧਾਰੈ-ਆਸਰੇ ਸਹਿਤ; ਪ੍ਰਸੰਨ।ਸੰਗਿ-ਨਾਲ।ਨਹ ਗਾਮਨੀ-ਨਹੀਂ ਜਾਂਦੀ।੧।ਸੁਤ-ਪੁਤ੍ਰ।ਕਲਤ੍ਰ-ਇਸਤ੍ਰੀ।ਭ੍ਰਾਤ-ਭਰਾ।ਮੀਤ-ਮਿਤ੍ਰ।ਉਰਝਿ ਪਰਿਓ-ਫਸਿਆ ਪਿਆ ਹੈ।ਭਰਮਿ ਮੋਹਿਓ-ਭਰਮ ਵਿਚ ਮੋਹਿਆ ਹੋਇਆ।ਬਿਰਖ-ਬ੍ਰਿਛ ਦੀ।ਛਾਮਨੀ-ਛਾਂ।ਭਾਵਨੀ-ਸ਼ਰਧਾ; ਖਿਆਲ।੨।੨।੬੦।

ੴ ਸਤਿਗੁਰ ਪ੍ਰਸਾਦਿ ॥ ਰਾਗੁ ਰਾਮਕਲੀ ਮਹਲਾ ੯ ਤਿਪਦੇ ॥ ਰੇ ਮਨ! ਓਟਿ ਲੇਹੁ ਹਰਿ ਨਾਮਾ ॥ ਜਾ ਕੈ ਸਿਮਰਨਿ ਦੁਰਮਤਿ ਨਾਸੈ, ਪਾਵਹਿ ਪਦੁ ਨਿਰਬਾਨਾ ॥੧॥ਰਹਾਉ॥ ਬਡਭਾਗੀ ਤਿਹ ਜਨ ਕਉ ਜਾਨਹੁ ,ਜੋ ਹਰਿ ਕੇ ਗੁਨ ਗਾਵੈ ॥ ਜਨਮ ਜਨਮ ਕੇ ਪਾਪ ਖੋਇ ਕੈ, ਫੁਨਿ ਬੈਕੁੰਠਿ ਸਿਧਾਵੈ ॥੧॥ ਹੇ ਮਨ! ਤੂੰ ਹਰੀ ਦੇ ਨਾਮ ਦਾ ਆਸਰਾ ਲੈ।ਜਿਸ ਹਰੀ ਦੇ ਸਿਮਰਨ ਨਾਲ ਖੋਟੀ ਮੱਤ ਨਾਸ਼ ਹੋ ਜਾਂਦੀ ਹੈ ਅਤੇ (ਸਿਮਰਨ ਕਰਕੇ ਤੂੰ) ਅਬਿਨਾਸੀ ਪਦ ਪਾ ਲਵੇਂਗਾ।੧।ਰਹਾਉ।ਉਸ ਮਨੁੱਖ ਨੂੰ ਵੱਡੇ ਭਾਗਾਂ ਵਾਲਾ ਜਾਣੋ, ਜੋ ਹਰੀ ਦੇ ਗੁਣ ਗਾਉਂਦਾ ਹੈ।(ਉਹ ਮਨੁੱਖ) ਜਨਮਾਂ ਜਨਮਾਂ ਦੇ ਪਾਪ ਦੂਰ ਕਰਕੇ, ਫਿਰ ਬੈਕੁੰਠ ਵਿਚ ਚਲੇ ਜਾਂਦਾ ਹੈ।੧।

ਅੰਗ ੯੦੨ = ਅਜਾਮਲ ਕਉ ਅੰਤ ਕਾਲ ਮਹਿ, ਨਾਰਾਇਨ ਸੁਧਿ ਆਈ ॥ ਜਾਂ ਗਤਿ ਕਉ ਜੋਗੀਸੁਰ ਬਾਛਤ, ਸੋ ਗਤਿ ਛਿਨ ਮਹਿ ਪਾਈ ॥੨॥ ਨਾਹਿਨ ਗੁਨੁ ਨਾਹਿਨ ਕਛੁ ਬਿਦਿਆ, ਧਰਮੁ ਕਉਨੁ ਗਜਿ ਕੀਨਾ ॥ ਨਾਨਕ ਬਿਰਦੁ ਰਾਮ ਕਾ ਦੇਖਹੁ ,ਅਭੈ ਦਾਨੁ ਤਿਹ ਦੀਨਾ ॥੩॥੧॥ (ਹੇ ਮਨ! ਪਾਪੀ) ਅਜਾਮਲ ਨੂੰ (ਜੀਵਨ ਦੇ) ਅੰਤ ਸਮੇਂ ਵਿਚ ਪ੍ਰਭੂ ਦੇ ਨਾਮ ਸਿਮਰਨ ਦੀ ਸੋਝੀ ਆਈ।ਜਿਸ ਉਚੀ ਅਵਸਥਾ ਨੂੰ ਵੱਡੇ ਵੱਡੇ ਜੋਗੀ ਚਾਹੁੰਦੇ ਸਨ, ਉਹ ਉਚੀ ਅਵਸਥਾ (ਅਜਾਮਲ ਨੇ) ਇਕ ਖਿਨ ਵਿਚ ਪ੍ਰਾਪਤ ਕਰ ਲਈ ਸੀ।੨।ਹਾਥੀ ਨੇ ਕਿਹੜਾ ਧਰਮ ਕਰਮ ਕੀਤਾ ਸੀ ? (ਉਸ ਵਿਚ) ਨਾ ਕੋਈ ਚੰਗਾ ਗੁਣ ਸੀ ਅਤੇ ਨਾ ਹੀ (ਉਹ) ਕੁਛ ਵਿਦਿਆ ਪੜ੍ਹਿਆ ਹੋਇਆ ਸੀ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਦਿਆਲੂ ਸੁਭਾਵ ਦੇਖੋਂ, ਉਸ (ਹਾਥੀ) ਨੂੰ ਅਭੈ ਪਦਵੀ ਦਾ ਦਾਨ ਬਖਸ਼ ਦਿਤਾ।੩।੧।

ਪਦਾਰਥ = ਤਿਪਦੇ-ਤਿੰਨ ਪਦਿਆਂ ਵਾਲੇ ਸ਼ਬਦ।ਰੇ ਮਨ-ਹੇ ਮਨ!।ਓਟਿ-ਆਸਰਾ।ਜਾ ਕੈ-ਜਿਸ ਦੇ।ਸਿਮਰਨਿ-ਸਿਮਰਨ ਨਾਲ।ਦੁਰਮਤਿ-ਖੋਟੀ ਅਕਲ; ਬੇਸਮਝੀ।ਨਾਸੈ-ਨਾਸ਼ ਹੋ ਜਾਂਦੀ ਹੈ।ਪਾਵਹਿ-ਪਾ ਲਵੇਂਗਾ।ਪਦੁ ਨਿਰਬਾਨਾ-ਅਬਿਨਾਸੀ ਪਦ; ਵਾਸ਼ਨਾ ਰਹਿਤ ਪਦਵੀ।੧।ਰਹਾਉ।ਬਡਭਾਗੀ-ਵੱਡੇ ਭਾਗਾਂ ਵਾਲਾ।ਤਿਹ ਜਨ ਕਉ-ਉਸ ਮਨੁੱਖ ਨੂੰ।ਜਾਨਹੁ-ਜਾਣੋ; ਸਮਝੋ। ਖੋਇ ਕੈ-ਦੂਰ ਕਰਕੇ।ਫੁਨਿ-ਫਿਰ।ਬੈਕੁੰਠਿ-ਹਰੀ ਦੇ ਚਰਨਾਂ ਵਿਚ।ਸਿਧਾਵੈ-ਚਲੇ ਜਾਂਦਾ ਹੈ।੧।ਅੰਤ ਕਾਲ ਮਹਿ-ਅੰਤ ਸਮੇਂ ਵਿਚ।ਨਾਰਾਇਨ ਸੁਧਿ-ਪ੍ਰਭੂ ਦੀ ਸੋਝੀ।ਜਾਂ ਗਤਿ ਕਉ-ਜਿਸ ਅਵਸਥਾ ਨੂੰ।ਜੋਗੀਸੁਰ-ਵੱਡੇ ਵੱਡੇ ਜੋਗੀ।ਬਾਛਤ-ਚਾਹੁੰਦੇ ਸਨ। ਸੋ-ਉਹ।ਪਾਈ-ਪਾ ਲਈ।੨।ਨਾਹਿਨਿ-ਨਹੀਂ।ਕਉਨੁ-ਕਿਹੜਾ।ਗਜਿ-ਹਾਥੀ ਨੇ।ਕੀਨਾ-ਕੀਤਾ।ਬਿਰਦੁ-ਦਿਆਲੂ ਸੁਭਾਵ। ਰਾਮ ਕਾ-ਪ੍ਰਭੂ ਦਾ।ਅਭੈ ਦਾਨੁ-ਨਿਰਭੈਤਾ ਦਾ ਦਾਨ।ਤਿਹ-ਉਸ ਨੂੰ।ਦੀਨਾ-ਦਿਤਾ।੩।੧।

ਅਜਾਮਲ = ਭਾਗਵਤ ਅਨੁਸਾਰ ਕਨੌਜ ਦਾ ਬ੍ਰਾਹਮਣ, ਜੋ ਵੇਸਵਾ ਨਾਲ ਰਹਿੰਦਾ ਸੀ।ਇਸ ਦੇ ਇਕ ਪੁਤ੍ਰ ਦਾ ਨਾਮ ਨਰਾਇਣ ਹੋਣ ਕਰਕੇ ਇਹ ਨਰਾਇਣ ਦਾ ਨਾਮ ਜਪਣ ਲਗ ਗਿਆ, ਜਿਸ ਕਰਕੇ ਇਸ ਦਾ ਉਧਾਰ ਹੋ ਗਿਆ।

ਗਜ (ਹਾਥੀ) = ਭਾਗਵਤ ਅਨੁਸਾਰ ਇਕ ਗੰਧਰਬ, ਜੋ ਦੇਵਲ ਰਿਖੀ ਦੇ ਸਰਾਪ ਨਾਲ ਹਾਥੀ ਬਣ ਗਿਆ।ਇਸ ਨੂੰ ਵਰਣ ਦੇ ਤਲਾ ਵਿਚ ਤੰਦੂਏ ਨੇ ਪਕੜ ਲਿਆ।ਪ੍ਰਭੂ ਨੂੰ ਯਾਦ ਕਰਨ ਨਾਲ ਹਾਥੀ ਦਾ ਛੁਟਕਾਰਾ ਹੋਇਆ ਸੀ।

ਰਾਮਕਲੀ ਮਹਲਾ ੯ ॥ ਸਾਧੋ, ਕਉਨ ਜੁਗਤਿ ਅਬ ਕੀਜੈ ॥ ਜਾ ਤੇ ਦੁਰਮਤਿ ਸਗਲ ਬਿਨਾਸੈ, ਰਾਮ ਭਗਤਿ ਮਨੁ ਭੀਜੈ ॥੧॥ ਰਹਾਉ॥ ਮਨੁ ਮਾਇਆ ਮਹਿ ਉਰਝਿ ਰਹਿਓ ਹੈ, ਬੂਝੈ ਨਹ ਕਛੁ ਗਿਆਨਾ ॥ ਕਉਨੁ ਨਾਮੁ ਜਗੁ ਜਾ ਕੈ ਸਿਮਰੈ, ਪਾਵੈ ਪਦੁ ਨਿਰਬਾਨਾ ॥੧॥ ਭਏ ਦਇਆਲ ਕ੍ਰਿਪਾਲ ਸੰਤ ਜਨ, ਤਬ ਇਹ ਬਾਤ ਬਤਾਈ ॥ ਸਰਬ ਧਰਮ ਮਾਨੋ ਤਿਹ ਕੀਏ, ਜਿਹ ਪ੍ਰਭ

ਕੀਰਤਿ ਗਾਈ ॥੨॥ ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ, ਨਿਮਖ ਏਕ ਉਰਿ ਧਾਰੈ ॥ ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ, ਅਪੁਨੋ ਜਨਮੁ ਸਵਾਰੈ ॥੩॥੨॥ ਹੇ ਸਾਧੂ ਜਨੋਂ! (ਦੱਸੋ) ਹੁਣ ਕਿਹੜੀ ਜੁਗਤੀ ਕੀਤੀ ਜਾਵੇ? ਜਿਸ ਨਾਲ (ਮਨੁੱਖ ਦੇ ਮਨ ਵਿਚੋਂ) ਸਾਰੀ ਖੋਟੀ ਮੱਤ ਨਾਸ਼ ਹੋ ਜਾਵੇ ਅਤੇ ਮਨ ਪ੍ਰਭੂ ਦੀ ਭਗਤੀ ਵਿਚ ਭਿੱਜ ਜਾਵੇ।੧।ਰਹਾਉ।(ਹੇ ਸੰਤ ਜਨੋਂ! ਮਨੁੱਖ ਦਾ) ਮਨ ਮਾਇਆ ਵਿਚ (ਅਜੇਹਾ) ਫਸਿਆ ਰਹਿੰਦਾ ਹੈ, (ਇਹ ਪ੍ਰਭੂ ਦੇ) ਗਿਆਨ ਦੀ ਗੱਲ ਰੱਤਾ ਭਰ ਵੀ ਸਮਝਦਾ ਨਹੀਂ।(ਦੱਸੋ, ਉਹ) ਕਿਹੜਾ ਨਾਮ ਹੈ? ਜਿਸ ਦਾ ਸਿਮਰਨ ਕਰਨ ਨਾਲ ਜਗਤ ਨਿਰਬਾਨ ਪਦਵੀ ਪ੍ਰਾਪਤ ਕਰ ਲਵੇ।੧।ਜਦੋਂ ਦਇਆ ਕਰਨ ਵਾਲੇ ਸੰਤ ਜਨ (ਸਾਰੇ ਗੁਰੂ ਸਾਹਿਬਾਨ) ਕ੍ਰਿਪਾਲੂ ਹੋਏ, ਤਦੋਂ (ਉਨ੍ਹਾਂ ਨੇ) ਇਹ ਗੱਲ ਦੱਸੀ।ਕਿ ਉਸ ਮਨੁੱਖ ਨੇ ਮਾਨੋ ਸਾਰੇ ਧਰਮ ਕਰਮ ਕਰ ਲਏ ਹਨ, ਜਿਸ ਨੇ ਪ੍ਰਭੂ ਦੀ ਕੀਰਤੀ ਗਾਈ ਹੈ।੨।(ਜਿਹੜਾ) ਮਨੁੱਖ ਰਾਤ ਦਿਨ ਵਿਚ ਇਕ ਨਿਮਖ ਮਾਤ੍ਰ ਸਮੇਂ ਲਈ ਪ੍ਰਭੂ ਦਾ ਨਾਮ ਅਪਣੇ ਹਿਰਦੇ ਵਿਚ ਟਿਕਾ ਲੈਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਅਪਣਾ ਮਨੁੱਖਾ ਜਨਮ ਸਵਾਰ ਲੈਂਦਾ ਹੈ ਅਤੇ ਉਸ ਦੇ ਅੰਦਰੋਂ ਜਮ ਦਾ ਡਰ ਮਿਟ ਜਾਂਦਾ ਹੈ।੩।੨।

ਪਦਾਰਥ = ਸਾਧੋ–ਹੇ ਸਾਧੂ ਜਨੋਂ!।ਕਉਨ–ਕਿਹੜੀ।ਜੁਗਤਿ–ਤਰੀਕਾ; ਵਿਓਂਤ।ਅਬ–ਹੁਣ।ਕੀਜੈ–ਕੀਤੀ ਜਾਵੇ।ਜਾ ਤੇ–ਜਿਸ ਨਾਲ।ਦੁਰਮਤਿ–ਖੋਟੀ ਬੁੱਧੀ।ਸਗਲ–ਸਾਰੀ।ਬਿਨਾਸੈ–ਨਾਸ਼ ਹੋ ਜਾਵੇ।ਰਾਮ–ਸਰਬ ਵਿਆਪਕ ਪ੍ਰਮਾਤਮਾ।ਭੀਜੈ–ਭਿੱਜ ਜਾਵੇ।੧।ਰਹਾਉ।ਮਹਿ–ਵਿਚ।ਉਰਝਿ ਰਹਿਓ–ਫਸਿਆ ਰਹਿੰਦਾ ਹੈ।ਬੂਝੈ ਨਹ–ਸਮਝਦਾ ਨਹੀਂ।ਗਿਆਨਾ–ਪ੍ਰਭੂ ਦੇ ਗਿਆਨ ਦੀ ਗੱਲ। ਜਗੁ–ਜਗਤ; ਜੀਵ।ਜਾ ਕੈ ਸਿਮਰਨਿ–ਜਿਸ ਦੇ ਸਿਮਰਨ ਕਰਨ ਨਾਲ।ਪਾਵੈ–ਪ੍ਰਾਪਤ ਕਰ ਲਵੇ।ਪਦੁ ਨਿਰਬਾਨਾ–ਮਾਇਆ ਤੋਂ ਉਚਾ ਉਠ ਕੇ ਪਰਮਾਤਮ ਪਦਵੀ; ਅਟੱਲ ਪਦਵੀ।੧।ਭਏ–ਹੋਏ।ਦਇਆਲ–ਦਇਆ ਕਰਨ ਵਾਲੇ।ਤਬ–ਤਦੋਂ।ਬਾਤ ਬਤਾਈ–ਗੱਲ ਦੱਸੀ।ਸਰਬ ਧਰਮ–ਸਾਰੇ ਧਾਰਮਕ ਕਰਮ।ਮਾਨੋ–ਮੰਨ ਲਵੋ।ਤਿਹ ਕੀਏ–ਉਸ ਨੇ ਕਰ ਲਏ ਹਨ।ਜਿਹ–ਜਿਸ ਨੇ।ਪ੍ਰਭ ਕੀਰਤਿ–ਪ੍ਰਭੂ ਦੀ ਸਿਫਤ ਸਲਾਹ।੨।ਨਰੁ–(ਜਿਹੜਾ) ਮਨੁੱਖ।ਨਿਸਿ–ਰਾਤ।ਬਾਸੁਰ–ਦਿਨ।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਉਰਿ–ਹਿਰਦੇ ਵਿਚ।ਧਾਰੈ–ਟਿਕਾ ਲੈਂਦਾ ਹੈ।ਜਮ ਕੋ–ਜਮ ਦਾ।ਤ੍ਰਾਸ–ਡਰ।ਸਵਾਰੈ–ਸਵਾਰ ਲੈਂਦਾ ਹੈ।੩।੨।

ਰਾਮਕਲੀ ਮਹਲਾ ੯ ॥ ਪ੍ਰਾਨੀ ਨਾਰਾਇਨ ਸੁਧਿ ਲੇਹਿ ॥ ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ, ਬ੍ਰਿਥਾ ਜਾਤੁ ਹੈ ਦੇਹ ॥੧॥ਰਹਾਉ ॥ ਤਰਨਾਪੋ ਬਿਖਿਅਨ ਸਿਉ ਖੋਇਓ, ਬਾਲਪਨੁ ਅਗਿਆਨਾ ॥ ਬਿਰਧਿ ਭਇਓ ਅਜਹੂ ਨਹੀ ਸਮਝੈ, ਕਉਨ ਕੁਮਤਿ ਉਰਝਾਨਾ ॥੧॥ ਮਾਨਸ ਜਨਮੁ ਦੀਓ ਜਿਹ ਠਾਕੁਰਿ, ਸੋ ਤੈ ਕਿਉ ਬਿਸਰਾਇਓ ॥ ਮੁਕਤੁ ਹੋਤ ਨਰ ਜਾ ਕੈ ਸਿਮਰੈ, ਨਿਮਖ ਨ ਤਾ ਕਉ ਗਾਇਓ ॥੨॥ ਮਾਇਆ ਕੋ ਮਦੁ ਕਹਾ ਕਰਤੁ ਹੈ, ਸੰਗਿ ਨ ਕਾਹੂ ਜਾਈ ॥ ਨਾਨਕੁ ਕਹਤੁ ਚੇਤਿ ਚਿੰਤਾਮਨਿ, ਹੋਇ ਹੈ ਅੰਤਿ ਸਹਾਈ ॥੩॥੩॥੮੧॥ ਹੇ ਪ੍ਰਾਣੀ! ਤੂੰ ਪ੍ਰਭੂ (ਦੇ ਸਿਮਰਨ) ਦੀ ਸੂਝ ਬੂਝ ਲੈ।(ਸਿਮਰਨ ਤੋਂ ਬਿਨਾ) ਛਿਨ ਛਿਨ ਕਰਕੇ ਦਿਨ ਰਾਤ ਤੇਰੀ ਉਮਰ ਘਟਦੀ ਜਾ ਰਹੀ ਹੈ ਅਤੇ (ਦੁਰਲੱਭ ਮਨੁੱਖਾ) ਦੇਹੀ ਬਿਅਰਥ ਜਾ ਰਹੀ ਹੈ।੧।ਰਹਾਉ।(ਤੈਂ ਅਪਣੀ) ਜਵਾਨੀ ਵਿਸ਼ਿਆਂ ਨਾਲ ਲਗ ਕੇ ਗੁਆ ਦਿਤੀ ਹੈ ਅਤੇ (ਤੇਰਾ) ਬਚਪਨ ਬੇਸਮਝੀ ਵਿਚ ਬੀਤ ਗਿਆ ਹੈ।(ਹੁਣ ਤੂੰ) ਬੁੱਢਾ ਹੋ ਗਿਆ ਹੈਂ, (ਪਰ) ਅਜੇ ਵੀ ਨਹੀਂ ਸਮਝਦਾ, ਤੂੰ ਕਿਹੜੀ ਖੋਟੀ ਮੱਤ ਵਿਚ ਫਸਿਆ ਪਿਆ ਹੈਂ?।੧।(ਹੇ ਪ੍ਰਾਣੀ! ਤੈਨੂੰ) ਜਿਸ ਮਾਲਕ ਪ੍ਰਭੂ ਨੇ ਮਨੁੱਖਾ ਜਨਮ ਦਿਤਾ ਹੈ, ਉਹ ਤੈਂ ਭੁਲਾ ਕਿਉਂ ਦਿਤਾ ਹੈ? ਜਿਸ ਪ੍ਰਭੂ ਦੇ ਸਿਮਰਨ ਕਰਨ ਨਾਲ ਮਨੁੱਖ ਮੁਕਤ ਹੁੰਦਾ ਹੈ, ਉਸ ਦਾ ਜਸ ਤੂੰ ਇਕ ਨਿਮਖ ਮਾਤ੍ਰ ਸਮੇਂ ਲਈ ਵੀ ਨਹੀਂ ਗਾਇਆ।੨।(ਹੇ ਪ੍ਰਾਣੀ!) ਤੂੰ ਮਾਇਆ ਦਾ ਹੰਕਾਰ ਕਿਸ ਵਾਸਤੇ ਕਰਦਾ ਹੈਂ? (ਇਹ ਮਾਇਆ ਅੰਤ ਸਮੇਂ) ਕਿਸੇ ਦੇ ਨਾਲ ਨਹੀਂ ਜਾਂਦੀ।ਨਾਨਕ ਆਖਦਾ ਹੈ ਕਿ (ਹੇ ਪ੍ਰਾਣੀ!) ਤੂੰ ਮਨ ਚਿਤਵੇ ਫਲ ਦੇਣ ਵਾਲੇ ਕਰਤਾਰ ਨੂੰ ਯਾਦ ਕਰ, ਜੋ ਅੰਤ ਵੇਲੇ ਤੇਰਾ ਸਹਾਈ ਹੋਵੇਗਾ।੩।੩।੮੧।

ਪਦਾਰਥ = ਪ੍ਰਾਨੀ–ਹੇ ਪ੍ਰਾਣ ਧਾਰੀ ਮਨੁੱਖ!।ਨਾਰਾਇਨ ਸੁਧਿ–ਪ੍ਰਭੂ ਦੀ ਸੂਝ ਬੂਝ (ਗਿਆਨ)।ਲੇਹਿ–ਅੰਗੀਕਾਰ ਕਰ।ਛਿਨੁ ਛਿਨੁ–ਇਕ ਇਕ ਪਲ ਕਰਕੇ।ਅਉਧ–ਉਮਰ।ਨਿਸਿ–ਰਾਤ।ਬਾਸੁਰ–ਦਿਨ।ਬ੍ਰਿਥਾ–ਬਿਅਰਥ।ਜਾਤ–ਜਾ ਰਹੀ ਹੈ।ਦੇਹ–ਮਨੁੱਖਾ ਸਰੀਰ।੧।ਰਹਾਉ।ਤਰਨਾਪੋ–ਜਵਾਨੀ।ਬਿਖਿਅਨ ਸਿਉ–ਵਿਸ਼ਿਆਂ ਨਾਲ ਲਗ ਕੇ।ਖੋਇਓ–ਗਵਾ ਦਿਤੀ।ਬਾਲਪਨ–ਬਚਪਨ। ਅਗਿਆਨਾ–ਬੇਸਮਝੀ ਵਿਚ।ਬਿਰਧਿ ਭਇਓ–ਬੁੱਢਾ ਹੋ ਗਿਆ ਹੈਂ।ਅਜਹੂ–ਅਜੇ ਵੀ।ਕਉਨ ਕੁਮਤਿ–ਕਿਹੜੀ ਖੋਟੀ ਮੱਤ ਵਿਚ।ਉਰਝਾਨਾ–ਉਲਝਿਆ (ਫਸਿਆ) ਪਿਆ ਹੈਂ।੧।ਮਾਨਸ ਜਨਮੁ–ਮਨੁੱਖਾ ਜਨਮ।ਦੀਓ–ਦਿਤਾ ਹੈ।ਜਿਹ ਠਾਕੁਰਿ–ਜਿਸ ਮਾਲਕ ਪ੍ਰਭੂ ਨੇ।ਸੋ–ਉਹ; ਉਸ ਨੂੰ।ਬਿਸਰਾਇਓ–ਭੁਲਾ ਦਿਤਾ ਹੈ।ਹੋਤ–ਹੁੰਦਾ ਹੈ।ਨਰ–ਮਨੁੱਖ।ਜਾ ਕੈ ਸਿਮਰੈ–ਜਿਸ ਦੇ ਸਿਮਰਨ ਕਰਨ

ਨਾਲ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਤਾ ਕਉ–ਉਸ ਦਾ।੨। ਮਦੁ–ਹੰਕਾਰ। ਕਹਾ–ਕਿਉਂ। ਕਰਤੁ ਹੈ–ਕਰਦਾ ਹੈਂ। ਸੰਗਿ–ਨਾਲ। ਕਾਹੂ–ਕਿਸੇ ਦੇ। ਕਹਤੁ–ਆਖਦਾ ਹੈ। ਚੇਤਿ–ਯਾਦ ਕਰ। ਚਿੰਤਾਮਨਿ–ਪੁਰਾਣਾਂ ਅਨੁਸਾਰ ਇਕ ਮਣੀ (ਰਤਨ), ਜੋ ਮਨ ਚਿਤਵੇ ਫਲ ਦਿੰਦੀ ਹੈ; ਗੁਰਬਾਣੀ ਅਨੁਸਾਰ ਕਰਤਾਰ। ਅੰਤਿ–ਅੰਤ ਸਮੇਂ। ਸਹਾਈ–ਸਹਾਇਤਾ ਕਰਨ ਵਾਲਾ।੩।੩।੮੧।

ਮਹਲਾ ੧ ਦੇ ੧੧ ਸ਼ਬਦ। ਮਹਲਾ ੩ ਦਾ ੧ ਸ਼ਬਦ। ਮਹਲਾ ੪ ਦੇ ੬ ਸ਼ਬਦ।

ਮਹਲਾ ੫ ਦੇ ੬੦ ਸ਼ਬਦ। ਮਹਲਾ ੯ ਦੇ ੩ ਸ਼ਬਦ। ਜੋੜ = ੮੧

ਉਥਾਨਕਾ = ਗੁਰੂ ਨਾਨਕ ਦੇਵ ਜੀ ਜਦ ਬਿੰਦ੍ਰਾਬਨ ਪਹੁੰਚੇ, ਤਾਂ ਮਰਦਾਨੇ ਨੇ ਪੁਛਿਆ ਲੋਕ ਤੀਰਥਾਂ ਤੇ ਪਾਪ ਕਿਉਂ ਕਰਦੇ ਹਨ? ਕੋਲੋਂ ਇਕ ਪੰਡਤ ਨੇ ਕਿਹਾ ਕਿ ਕਲਜੁਗ ਆਇਆ ਹੋਇਆ ਹੈ, ਇਸ ਲਈ ਧਰਮ ਦੀ ਗਿਲਾਨੀ ਹੋ ਰਹੀ ਹੈ। ਉਸ ਪ੍ਰਥਾਇ ਗੁਰੂ ਜੀ ਨੇ ਸਮਝਾਇਆ ਕਿ ਕਲਜੁਗ ਸਾਡਾ ਅਪਣਾ ਮਾੜਾ ਸੁਭਾਉ ਹੈ, ਜਿਸ ਅਨੁਸਾਰ ਅਸੀਂ ਪਾਪ ਕਰਦੇ ਹਾਂ। ਜਿਥੇ ਵੀ ਕੋਈ ਬੰਦਾ ਚੰਗਾ ਕੰਮ ਕਰੇ, ਉਥੇ ਉਦੋਂ ਸਤਜੁਗ ਹੁੰਦਾ ਹੈ, ਜਦ ਕੋਈ ਮਨੁੱਖ ਮੰਦਾ ਕੰਮ ਕਰੇ ਤਾਂ ਉਦੋਂ ਉਥੇ ਕਲਜੁਗ ਹੁੰਦਾ ਹੈ।

ਰਾਮਕਲੀ ਮਹਲਾ ੧ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥ ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ ॥ ਸਾ ਧਰਤੀ ਸੋ ਪਉਣੁ ਝੁਲਾਰੇ, ਜੁਗ ਜੀਅ ਖੇਲੇ ਥਾਵ ਕੈਸੇ ॥੧॥ ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ ਕਰਹਿ ਧਿਙਾਣਾ, ਕਲਿ ਲਖਣ ਵੀਚਾਰਿ ॥੧॥ਰਹਾਉ॥ ਕਿਤੈ ਦੇਸਿ ਨ ਆਇਆ ਸੁਣੀਐ, ਤੀਰਥ ਪਾਸਿ ਨ ਬੈਠਾ ॥ ਦਾਤਾ ਦਾਨੁ ਕਰੇ ਤਹ ਨਾਹੀ, ਮਹਲ ਉਸਾਰਿ ਨ ਬੈਠਾ ॥੨॥ ਜੇ ਕੋ ਸਤੁ ਕਰੇ ਸੋ ਛੀਜੈ, ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ, ਕਲਿ ਕੇ ਲਖਣ ਏਈ ॥੩॥ ਜਿਸੁ ਸਿਕਦਾਰੀ ਤਿਸਹਿ ਖੁਆਰੀ, ਚਾਕਰ ਕੇਹੇ ਡਰਣਾ ॥ ਜਾ ਸਿਕਦਾਰੈ ਪਵੈ ਜੰਜੀਰੀ, ਤਾ ਚਾਕਰ ਹਥਹੁ ਮਰਣਾ ॥੪॥ (ਹੇ ਪੰਡਤ! ਜੁਗਾਂ ਜੁਗਾਂਤਰਾਂ ਤੋਂ) ਉਹ ਹੀ ਚੰਦ੍ਰਮਾ ਤੇ ਉਹ ਹੀ ਤਾਰੇ ਚੜ੍ਹਦੇ ਆ ਰਹੇ ਹਨ ਅਤੇ ਉਹ ਹੀ ਸੂਰਜ ਤਪਦਾ ਰਹਿੰਦਾ ਹੈ। ਉਹ ਹੀ ਧਰਤੀ ਹੈ, ਉਹੀ ਪੌਣ ਝੁਲਦੀ ਆ ਰਹੀ ਹੈ, ਜੁਗਾਂ ਦਾ ਅਸਰ ਜੀਵਾਂ ਦੇ ਅੰਦਰ ਖੇਲਦਾ (ਵਰਤਦਾ) ਆ ਰਿਹਾ ਹੈ, (ਇਸ ਤੋਂ ਬਿਨਾ ਕਲਜੁਗ ਦਾ ਵਰਤਾਰਾ ਹੋਰ) ਥਾਂ ਕਿਵੇਂ ਹੋ ਸਕਦਾ ਹੈ? (ਜੀਵਾਂ ਦੇ ਮਨਾਂ ਵਿਚ ਜੁਗਾਂ ਦਾ ਅਸਰ ਹੁੰਦਾ ਹੈ, ਸੂਰਜ, ਚੰਦ, ਤਾਰੇ, ਧਰਤੀ ਤੇ ਹਵਾ ਉਤੇ ਜੁਗਾਂ ਦਾ ਕੋਈ ਪ੍ਰਭਾਵ ਨਹੀਂ। ਜੀਵਾਂ ਦੇ ਚੰਗੇ ਮਾੜੇ ਸੁਭਾਵ ਬਦਲਣ ਨਾਲ ਜੁਗ ਦਾ ਨਾਮ ਪੈ ਜਾਂਦਾ ਹੈ)।੧। (ਹੇ ਪੰਡਤ!) ਜੀਵਨ ਦੀ ਇਛਾ ਦੂਰ ਕਰ ਦੇਹ (ਕਲਜੁਗ ਆਪੇ ਦੂਰ ਹੋ ਜਾਊ) {ਜੀਵਨ ਤਲਬ ਨਿਵਾਰਿ ਸੁਆਮੀ ੮੭੬}। (ਜਿਹੜਾ ਮਨੁੱਖ ਇਥੇ ਕਮਜੋਰ ਲੋਕਾਂ ਉਤੇ) ਧੱਕਾ ਕਰਦਾ ਹੈ, ਉਹ ਪ੍ਰਵਾਨ ਹੋ ਜਾਂਦਾ ਹੈ, ਇਹੋ ਕਲਜੁਗ ਦੇ ਲੱਛਣ ਤੂੰ ਵਿਚਾਰ ਲੈ।੧। ਰਹਾਉ। (ਹੇ ਪੰਡਤ! ਇਹ) ਕਦੇ ਨਹੀਂ ਸੁਣੀਦਾ ਕਿ ਕਲਜੁਗ ਕਿਸੇ ਦੇਸ਼ ਵਿਚ ਆਇਆ ਹੋਇਆ ਹੈ, ਜਾਂ ਕਿਸੇ ਤੀਰਥ ਦੇ ਪਾਸ ਬੈਠਾ ਹੋਇਆ ਹੈ। (ਜਿਥੇ ਕਿਤੇ ਕੋਈ) ਦਾਤਾ ਦਾਨ ਕਰਦਾ ਹੈ, ਉਥੇ ਵੀ ਕਲਜੁਗ ਬੈਠਾ ਨਹੀਂ ਸੁਣਿਆ ਅਤੇ ਨਾ ਹੀ ਕਿਤੇ ਮਹਿਲ ਉਸਾਰ ਕੇ ਬੈਠਾ ਦਿਸਦਾ ਹੈ।੨। ਜੇ ਕੋਈ ਮਨੁੱਖ ਭਲਾ ਕੰਮ ਕਰਦਾ ਹੈ, ਤਾਂ ਉਸ ਦਾ (ਭਲਾ ਕੀਤਾ) ਨਾਸ਼ ਹੋ ਜਾਂਦਾ ਹੈ, ਤਪ ਕਰਨ ਵਾਲੇ ਮਨੁੱਖ ਦੇ ਘਰ (ਸਥਾਨਾਂ) ਵਿਚ ਤਪ ਨਹੀਂ ਹੁੰਦਾ (ਉਪਰੋਂ ਦਿਖਾਵੇ ਦੇ ਹੀ ਤਪੀਏ ਹਨ)। ਜੇ ਕੋਈ ਮਨੁੱਖ ਰੱਬ ਦਾ ਨਾਮ ਲੈਂਦਾ ਹੈ, (ਲੋਕ ਉਸ ਦੀ) ਬਦਨਾਮੀ ਕਰਦੇ ਹਨ, ਇਹੀ ਕਲਜੁਗ ਦੇ ਲੱਛਣ ਹਨ।੩। ਜਿਸ ਕਿਸੇ ਮਨੁੱਖ ਨੂੰ ਸਰਦਾਰੀ ਮਿਲੀ ਹੁੰਦੀ ਹੈ, ਉਸ ਦੀ ਬੇਇਜਤੀ ਹੁੰਦੀ ਹੈ, (ਪਰ) ਚਾਕਰਾਂ ਨੂੰ ਕਾਹਦਾ ਡਰ ਹੈ? ਜਦੋਂ ਸਰਦਾਰ ਨੂੰ ਜੰਜੀਰ (ਫਾਹੀ) ਪੈਂਦੀ ਹੈ, ਤਾਂ ਨੌਕਰਾਂ ਹੱਥੋਂ (ਉਸ ਦੀ) ਮੌਤ ਹੁੰਦੀ ਹੈ ਭਾਵ ਨੌਕਰ ਵਫਾਦਾਰੀ ਦੀ ਥਾਂ ਗਦਾਰੀ ਕਰਦੇ ਹਨ, ਤੇ ਰਾਜੇ ਕੋਲ ਫੜਾ ਦੇਂਦੇ ਹਨ।੪।

ਪਦਾਰਥ = ਅਸਟਪਦੀਆ–ਅੱਠ ਪਦਿਆਂ ਵਾਲਾ ਸ਼ਬਦ। ਸੋਈ–ਉਹ ਹੀ। ਚੜਹਿ–ਚੜ੍ਹਦੇ ਹਨ। ਸੇ–ਉਹੀ। ਦਿਨੀਅਰੁ–ਸੂਰਜ। ਤਪਤ ਰਹੈ–ਤਪਦਾ ਰਹਿੰਦਾ ਹੈ। ਸਾ–ਉਹੀ। ਸੋ–ਉਹੀ। ਝੁਲਾਰੇ–ਝੁਲਦੀ ਹੈ। ਜੁਗ ਜੀਅ ਖੇਲੇ–ਜੁਗਾਂ ਦਾ ਅਸਰ ਜੀਵਾਂ ਦੇ ਮਨਾਂ ਵਿਚ ਖੇਲਦਾ (ਵਰਤਦਾ) ਆ ਰਿਹਾ ਹੈ। ਥਾਵ ਕੈਸੇ–(ਹੋਰ) ਥਾਂ ਕਿਵੇਂ ਦੱਸੀ (ਜਿੱਥੇ ਕਲਜੁਗ ਹੋਵੇ)।੧। ਜੀਵਨ ਤਲਬ–ਜਿਉਣ ਦੀ ਇੱਛਾ। ਨਿਵਾਰਿ–ਦੂਰ ਕਰ ਦੇਹ। ਹੋਵੈ ਪਰਵਾਣਾ–ਪ੍ਰਵਾਨ ਹੁੰਦਾ ਹੈ। ਕਰਹਿ ਧਿਙਾਣਾ–ਧਿੰਗੋਜੋਰੀ (ਧੱਕਾ) ਕਰਦਾ ਹੈ। ਕਲਿ ਲਖਣ–ਕਲਜੁਗ ਦੇ ਲੱਛਣ। ਵਿਚਾਰਿ–ਵਿਚਾਰ ਲੈ।੧। ਰਹਾਉ। ਕਿਤੈ ਦੇਸਿ–ਕਿਸੇ ਦੇਸ਼ ਵਿਚ। ਪਾਸਿ–ਕੋਲ (ਨੇੜੇ)। ਕਰੇ–ਕਰਦਾ ਹੈ। ਤਹ–ਉਥੇ। ਉਸਾਰਿ–ਉਸਾਰ ਕੇ।੨। ਸਤੁ–ਭਲਾ ਕੰਮ। ਛੀਜੈ–ਨਾਸ਼ ਹੁੰਦਾ ਹੈ; ਖੁਆਰ ਹੁੰਦਾ ਹੈ। ਤਪ ਘਰਿ–ਤਪ ਕਰਨ ਵਾਲਿਆਂ ਦੇ ਘਰ ਵਿਚ। ਜੇ ਕੋ–ਜੇ ਕੋਈ (ਮਨੁੱਖ)। ਨਾਉ–ਰੱਬ ਦਾ ਨਾਉਂ। ਲਏ–ਲੈਂਦਾ (ਜਪਦਾ) ਹੈ। ਬਦਨਾਵੀ–ਬਦਨਾਮੀ ਹੁੰਦੀ

ਹੈ। ਏਈ-ਇਹੀ ਹਨ।੩। ਸਿਕਦਾਰੀ-ਸਰਦਾਰੀ। ਤਿਸਹਿ-ਉਸ ਦੀ। ਖੁਆਰੀ-ਬੇਇਜਤੀ; ਦੁਰਗਤੀ। ਚਾਕਰ-ਨੌਕਰ। ਕੇਹੇ-ਕਾਹਦਾ। ਜਾ-ਜਦੋਂ। ਸਿਕਦਾਰੈ-ਸਰਦਾਰ ਨੂੰ। ਪਵੈ ਜੰਜੀਰੀ-ਫਾਹੀ ਪੈਂਦੀ ਹੈ। ਤਾ-ਤਾਂ; ਤਦ। ਮਰਣਾ-ਮੌਤ।੪।

ਅੰਗ ੯੦੩ = **ਆਖੁ ਗੁਣਾ ਕਲਿ ਆਈਐ ॥ ਤਿਹੁ ਜੁਗ ਕੇਰਾ ਰਹਿਆ ਤਪਾਵਸੁ ,ਜੇ ਗੁਣ ਦੇਹਿ ਤ ਪਾਈਐ ॥੧॥ਰਹਾਉ॥ ਕਲਿ ਕਲਵਾਲੀ ਸਰਾ ਨਿਬੇੜੀ, ਕਾਜੀ ਕ੍ਰਿਸਨਾ ਹੋਆ ॥ ਬਾਣੀ ਬ੍ਰਹਮਾ ਬੇਦੁ ਅਥਰਬਣੁ ,ਕਰਣੀ ਕੀਰਤਿ ਲਹਿਆ ॥੫॥ ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ,ਜਤ ਵਿਣੁ ਕਾਹੇ ਜਨੇਊ ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ,ਸੁਚ ਵਿਣੁ ਸੋਚ ਨ ਹੋਈ ॥੬॥ ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥ ਨਾਨਕ ਨਾਮੁ ਮਿਲੈ ਵਡਿਆਈ, ਏਦੂ ਉਪਰਿ ਕਰਮੁ ਨਹੀ ॥ ਜੇ ਘਰਿ ਹੋਦੈ ਮੰਗਣਿ ਜਾਈਐ, ਫਿਰਿ ਓਲਾਮਾ ਮਿਲੈ ਤਹੀ ॥੮॥ ੧॥**(ਹੇ ਪੰਡਤ! ਹੁਣ) ਕਲਜੁਗ ਆਇਆ ਹੈ, ਪ੍ਰਭੂ ਦੇ ਗੁਣ ਉਚਾਰਨ ਕਰ। (ਜੋ ਪਹਿਲੇ) ਤਿੰਨ ਜੁਗਾਂ ਦਾ ਨਿਆਉਂ ਸੀ, (ਉਹ ਹੁਣ ਦੂਰ) ਰਹਿ ਗਿਆ ਹੈ, (ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ!) ਜੇ ਤੂੰ ਗੁਣਾਂ ਦੀ ਬਖਸ਼ਿਸ਼ ਕਰ ਦੇਵੇਂ, ਤਾਂ (ਕਲਜੁਗ ਤੋਂ) ਮੁਕਤੀ ਪਾਈ ਜਾ ਸਕਦੀ ਹੈ; ਤਾਂ ਗੁਣਾਂ ਦੀ ਪ੍ਰਾਪਤੀ ਹੋ ਸਕਦੀ ਹੈ।੧। ਰਹਾਉ। (ਹੇ ਪੰਡਤ!) ਕਲਜੁਗ ਵਿਚ ਝਗੜੇ ਵਾਲੇ ਫੈਸਲੇ ਕਰਨ ਵਾਲੀ ਸ਼ਰ੍ਹਾ (ਇਸਲਾਮੀ ਕਾਨੂੰਨ) ਹੈ, (ਕਾਜੀ ਵੱਢੀ ਖੋਰ ਹੈ, ਇਸ ਪਾਪ ਕਰਮ ਕਰਕੇ) ਕਾਜੀ ਕਾਲੇ ਮਨ ਵਾਲਾ ਹੋ ਗਿਆ ਹੈ। (ਕਲਜੁਗ ਵਿਚ) ਬ੍ਰਹਮਾ ਦੀ ਬਾਣੀ ਅਥਰਬਣ ਵੇਦ ਪ੍ਰਧਾਨ ਹੈ (ਲੋਕ ਅਥਰਬਣ ਵੇਦ ਦੇ ਕਰਮ ਕਾਂਡ ਅਤੇ ਜਾਦੂ ਟੂਣੇ ਪ੍ਰਧਾਨ ਮੰਨੀ ਬੈਠੇ ਹਨ), ਉਚਾ ਅਚਰਣ ਅਤੇ ਹਰੀ ਦਾ ਜਸ ਕਰਨਾ (ਲੋਕਾਂ ਦੇ ਮਨਾਂ ਵਿਚੋਂ) ਲਹਿ ਗਿਆ ਹੈ; ਬ੍ਰਹਮਾ ਦੀ ਬਾਣੀ ਅਥਰਬਣ ਵੇਦ ਨੂੰ ਛਡ ਕੇ ਗੁਰਮੁਖਾਂ ਨੇ ਕੀਰਤਨ ਦੇ ਕਰਮ ਰਾਹੀਂ ਪ੍ਰਭੂ ਨੂੰ ਪਾਇਆ ਹੈ (ਗੁ. ਗ੍ਰੰ.ਕੋਸ਼)।੫। (ਹੇ ਪੰਡਤ!) ਇੱਜਤ ਤੋਂ ਬਿਨਾ ਪੂਜਾ ਕਿਸ ਕੰਮ ਅਤੇ ਸਤ ਧਰਮ ਤੋਂ ਬਿਨਾ ਸੰਜਮ ਰੱਖਣ ਦਾ ਕੀ ਲਾਭ ਅਤੇ ਜਤ ਤੋਂ ਬਿਨਾ ਜਨੇਊ ਪਹਿਨਿਆ ਕਿਸ ਕੰਮ? (ਤੁਸੀਂ ਤੀਰਥਾਂ ਉਤੇ ਜਾ ਕੇ) ਨ੍ਹਾਉਂਦੇ ਹੋ, (ਸਰੀਰ ਨੂੰ ਮਲ ਮਲ ਕੇ) ਧੋਂਦੇ ਹੋ, ਮੱਥੇ ਉਤੇ ਤਿਲਕ ਵੀ ਚੜ੍ਹਾਉਂਦੇ (ਲਾਉਂਦੇ) ਹੋ, (ਪਰ) ਸੁੱਚੇ ਜੀਵਨ ਤੋਂ ਬਿਨਾ ਮਨ ਦੀ ਸੁੱਚਮਤਾ ਨਹੀਂ ਹੋ ਸਕਦੀ।੬। (ਹੇ ਪੰਡਤ!) ਕਲਜੁਗ ਵਿਚ ਕੁਰਾਣ ਆਦਿ (ਇਸਲਾਮੀ) ਕਿਤਾਬਾਂ ਨੂੰ (ਹਕੂਮਤ ਦੇ ਜੋਰ ਕਰਕੇ) ਪ੍ਰਵਾਨ ਕਰਾਇਆ ਜਾਂਦਾ ਹੈ। ਪੰਡਤਾਂ ਦੀਆਂ ਪੋਥੀਆਂ ਪੁਰਾਣ ਆਦਿ ਪਿੱਛੇ ਰਹਿ ਗਏ ਹਨ (ਇਸਲਾਮੀ ਰਾਜ ਵਿਚ ਇਨ੍ਹਾਂ ਦੀ ਪੁੱਛ ਪ੍ਰਤੀਤ ਨਹੀਂ)। ਨਾਨਕ ਗੁਰੂ ਜੀ ਆਖਦੇ ਹਨ ਕਿ (ਇਸਲਾਮੀ ਰਾਜ ਵਿਚ) ਪ੍ਰਭੂ ਦਾ ਨਾਮ ਰਹਿਮਾਨ ਪ੍ਰਸਿੱਧ ਹੋ ਗਿਆ ਹੈ। (ਹੇ ਪੰਡਤ!) ਸਭ ਸਮਿਆਂ ਵਿਚ ਤੂੰ ਕਰਤਾਰ ਨੂੰ ਇਕ ਕਰਕੇ ਜਾਣ (ਲੋਕ ਸਮੇਂ ਸਮੇਂ ਉਸ ਦਾ ਨਾਮ ਤੇ ਰੂਪ ਬਦਲਦੇ ਹਨ, ਕਦੇ ਰਾਮ ਅਤੇ ਕਦੇ ਰਹਿਮਾਨ ਆਖਦੇ ਹਨ, ਪਰ ਹੈ ਉਹ ਆਪ ਇਕੋ ਹੀ); ਤੂੰ ਹਿੰਦੂ ਮੁਸਲਮਾਨਾਂ ਦੋਹਾਂ ਨੂੰ ਪੈਦਾ ਕਰਨ ਵਾਲਾ ਇਕੋ ਕਰਤਾਰ ਸਮਝ।੭। ਨਾਨਕ ਗੁਰੂ ਜੀ ਆਖਦੇ ਹਨ ਕਿ (ਸਾਰੇ ਜੁਗਾਂ ਵਿਚ) ਪ੍ਰਭੂ ਦਾ ਨਾਮ ਜਪਣ ਨਾਲ ਵਡਿਆਈ ਮਿਲਦੀ ਹੈ, ਇਸ (ਨਾਮ ਸਿਮਰਨ) ਤੋਂ ਉਪਰ ਹੋਰ ਕੋਈ ਕਰਮ ਨਹੀਂ ਹੈ। ਜੇ ਹਿਰਦੇ ਘਰ ਵਿਚ ਪ੍ਰਭੂ ਦੇ ਹੁੰਦੇ ਹੋਏ (ਉਸ ਨੂੰ ਛਡ ਕੇ ਕਿਸੇ ਦੇਵੀ ਦੇਵਤੇ ਤੋਂ) ਮੰਗਣ ਜਾਈਏ, ਫਿਰ ਉਸ (ਮੰਗਣ ਵਾਲੇ) ਨੂੰ ਉਲਾਂਭਾ ਤਾਂ ਮਿਲਦਾ ਹੀ ਹੈ (ਧਰਮਰਾਇ ਉਲਾਂਭਾ ਦੇਵੇਗਾ ਕਿ ਹਰੀ ਦਾ ਨਾਮ ਤੇਰੇ ਹਿਰਦੇ ਵਿਚ ਸੀ, ਉਸ ਦਾ ਸਿਮਰਨ ਛਡ ਕੇ ਤੂੰ ਹੋਰ ਕਰਮਕਾਂਡ ਕਿਉਂ ਕਰਦਾ ਰਿਹਾ ਹੈਂ?)।੮।੧।

ਪਦਾਰਥ = ਆਖੁ ਗੁਣਾ-ਗੁਣ ਉਚਾਰਨ ਕਰ। ਕਲਿ ਆਈਐ-ਕਲਜੁਗ ਆਇਆ ਹੈ। ਤਿਹੁ ਜੁਗ-(ਪਹਿਲੇ) ਤਿੰਨ ਜੁਗ (ਸਤ ਜੁਗ, ਤ੍ਰੇਤਾ ਅਤੇ ਦੁਆਪਰ)। ਕੇਰਾ-ਦਾ। ਰਹਿਆ-ਦੂਰ ਰਹਿ (ਮੁਕ) ਗਿਆ। ਤਪਾਵਸ-ਨਿਆਂ। ਜੇ ਦੇਹਿ-ਜੇ ਤੂੰ ਦੇਵੇਂ। ਤ-ਤਾਂ। ਪਾਈਐ-ਪ੍ਰਾਪਤੀ ਹੋ ਸਕਦੀ ਹੈ।੧। ਰਹਾਉ। ਕਲਿ-ਕਲਜੁਗ ਵਿਚ। ਕਲ ਵਾਲੀ-ਝਗੜੇ ਵਾਲੇ। ਸਰਾ-ਇਸਲਾਮੀ ਸ਼ਰ੍ਹਾ (ਕਾਨੂੰਨ)। ਨਿਬੇੜੀ-ਫੈਸਲੇ (ਨਿਆਂ) ਕਰਨ ਵਾਲੀ। ਕਾਜੀ-ਫੈਸਲੇ ਕਰਨ ਵਾਲਾ ਹਾਕਮ। ਕ੍ਰਿਸਨਾ-ਕਾਲੇ ਮਨ ਵਾਲਾ (ਵੱਢੀ ਖੋਰ)। ਕਰਣੀ-ਕਰਣ ਯੋਗ ਕਰਮ। ਕੀਰਤਿ-ਕੀਰਤਨ। ਲਹਿਆ-(ਮਨਾਂ ਚੋਂ) ਲਹਿ ਗਿਆ; (ਪ੍ਰਭੂ ਨੂੰ) ਪਾਇਆ।੫। ਪਤਿ-ਇੱਜਤ; ਨਿਸ਼ਚਾ। ਵਿਣੁ-ਬਿਨਾ। ਪੂਜਾ-ਦੇਵਤਿਆਂ ਦੀ ਪੂਜਾ। ਸਤ-ਸਤ ਧਰਮ; ਸੱਤਵਾਦੀ। ਸੰਜਮੁ-ਇੰਦ੍ਰੀਆਂ ਨੂੰ ਵਸ ਵਿਚ ਰੱਖਣ ਦਾ ਜਤਨ। ਜਤ-ਕਾਮ ਵਾਸ਼ਨਾ ਨੂੰ ਰੋਕਣਾ। ਕਾਹੇ-ਕੀ; ਕਿਸ (ਕੰਮ)। ਨਾਵਹੁ-ਨ੍ਹਾਉਂਦੇ ਹੋ। ਸੁਚ-ਪਵਿਤ੍ਰ ਜੀਵਨ। ਸੋਚ-ਪਵਿਤ੍ਰਤਾ।੬। ਪਰਵਾਣੁ-ਪ੍ਰਵਾਨ। ਕਤੇਬ-ਕਿਤਾਬਾਂ। ਰਹੇ-ਰਹਿ ਗਏ (ਪੁੱਛ ਪ੍ਰਤੀਤ ਨਹੀਂ ਰਹੀ)। ਭਇਆ-ਹੋ ਗਿਆ। ਕਰਤਾ-ਕਰਤਾਰ।੭। ਏਦੂ ਉਪਰਿ-ਇਸ ਤੋਂ ਉਪਰ। ਘਰਿ-ਹਿਰਦੇ ਘਰ ਵਿਚ। ਹੋਦੈ-ਹੁੰਦੇ ਹੋਏ। ਓਲਾਮਾ-ਉਲਾਂਭਾ। ਤਹੀ-ਉਸ (ਮੰਗਣ ਵਾਲੇ) ਨੂੰ।੮।੧।

ਰਾਮਕਲੀ ਮਹਲਾ ੧ ॥ ਜਗੁ ਪਰਬੋਧਹਿ, ਮੜੀ ਬਧਾਵਹਿ ॥ ਆਸਣੁ ਤਿਆਗਿ, ਕਾਹੇ ਸਚੁ ਪਾਵਹਿ ॥ ਮਮਤਾ ਮੋਹੁ ,ਕਾਮਣਿ ਹਿਤਕਾਰੀ ॥ ਨਾ ਅਉਧੂਤੀ, ਨਾ ਸੰਸਾਰੀ ॥੧॥ ਜੋਗੀ ਬੈਸਿ ਰਹਹੁ ,ਦੁਬਿਧਾ ਦੁਖੁ ਭਾਗੈ ॥ ਘਰਿ ਘਰਿ ਮਾਗਤ, ਲਾਜ ਨ ਲਾਗੈ ॥੧॥ਰਹਾਉ॥ ਗਾਵਹਿ ਗੀਤ, ਨ ਚੀਨਹਿ ਆਪੁ ॥ ਕਿਉ ਲਾਗੀ ਨਿਵਰੈ ਪਰਤਾਪੁ ॥ ਗੁਰ ਕੈ ਸਬਦਿ ਰਚੈ ,ਮਨ ਭਾਇ ॥ ਭਿਖਿਆ ਸਹਜ ਵੀਚਾਰੀ ਖਾਇ ॥੨॥ ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ,ਸਹਹਿ ਜਮ ਡੰਡੁ ॥ ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ, ਆਵੈ ਜਾਇ ॥੩॥ ਬਿੰਦੁ ਨ ਰਾਖਹਿ, ਜਤੀ ਕਹਾਵਹਿ ॥ ਮਾਈ ਮਾਗਤ, ਤ੍ਰੈ ਲੋਭਾਵਹਿ ॥ ਨਿਰਦਇਆ ਨਹੀ ਜੋਤਿ ਉਜਾਲਾ ॥ ਬੂਡਤ ਬੂਡੇ ਸਰਬ ਜੰਜਾਲਾ ॥੪॥ (ਹੇ ਜੋਗੀ!) ਤੂੰ ਜਗਤ ਨੂੰ ਉਪਦੇਸ਼ ਦਿੰਦਾ ਹੈਂ ਅਤੇ ਅਪਣੀ ਪੇਟ ਪੂਜਾ ਨਾਲ ਸਰੀਰ ਰੂਪ ਮੜ੍ਹੀ ਨੂੰ ਵਧਾਉਂਦਾ (ਖਾ ਖਾ ਕੇ ਮੋਟਾ ਹੁੰਦਾ ਜਾਂਦਾ) ਹੈਂ।ਤੂੰ ਮਨ ਦਾ ਟਿਕਾਉ ਛਡ ਕੇ ਸੱਚ ਸਰੂਪ ਪ੍ਰਭੂ ਨੂੰ ਕਿਵੇਂ ਪਾਵੇਂਗਾ? ਤੈਨੂੰ ਚੇਲਿਆਂ ਦਾ ਮੋਹ ਤੇ ਮਾਇਆ ਦੀ ਮਮਤਾ ਹੈ ਅਤੇ ਤੂੰ ਇਸਤ੍ਰੀ ਦਾ ਪ੍ਰੇਮੀ ਹੈਂ।(ਇਸ ਲਈ ਤੂੰ) ਨਾ ਤਿਆਗੀ ਹੈਂ ਅਤੇ ਨਾ ਹੀ ਗ੍ਰਿਹਸਤੀ ਹੈਂ।੧।ਹੇ ਜੋਗੀ! (ਕੀ ਤੈਨੂੰ) ਘਰ ਘਰ ਮੰਗਦਿਆਂ ਸ਼ਰਮ ਨਹੀਂ ਲਗਦੀ? (ਤੂੰ ਮਨ ਜੋੜ ਕੇ) ਬੈਠਾ ਰਹੁ ,(ਇਸ ਤਰ੍ਹਾਂ ਤੇਰਾ) ਦੁਬਿਧਾ ਦਾ ਦੁਖ ਦੌੜ ਜਾਵੇਗਾ।੧।ਰਹਾਉ।(ਹੇ ਜੋਗੀ! ਤੂੰ ਲੋਕਾਂ ਨੂੰ ਸੁਣਾਉਣ ਵਾਸਤੇ ਭਜਨ ਦੇ) ਗੀਤ ਗਾਉਂਦਾ ਹੈਂ, (ਪਰ ਤੂੰ) ਅਪਣੇ ਆਪ ਨੂੰ ਪਛਾਣਦਾ ਨਹੀਂ।(ਇਸ ਤਰ੍ਹਾਂ ਤੇਰੇ ਅੰਦਰ) ਲਗੀ ਵਿਸ਼ੇ ਵਿਕਾਰਾਂ ਦੀ ਤਪਸ਼ ਕਿਵੇਂ ਦੂਰ ਹੋ ਸਕਦੀ ਹੈ? (ਜੋ ਮਨੁੱਖ) ਮਨ ਦੇ ਪ੍ਰੇਮ ਨਾਲ ਗੁਰੂ ਦੇ ਸ਼ਬਦ ਵਿਚ ਰਚ ਜਾਂਦਾ ਹੈ।ਉਹ ਵਿਚਾਰਵਾਨ ਹੋ ਕੇ ਸਹਿਜ ਦੀ ਭਿੱਖਿਆ ਖਾਂਦਾ ਹੈ।੨।(ਹੇ ਜੋਗੀ! ਤੂੰ ਸਰੀਰ ਉਤੇ) ਸੁਆਹ ਚੜ੍ਹਾ ਕੇ (ਮਲ ਕੇ ਤਿਆਗੀ ਹੋਣ ਦਾ) ਪਖੰਡ ਕਰਦਾ ਹੈਂ।ਮਾਇਆ ਦੇ ਮੋਹ ਕਰਕੇ (ਤੂੰ ਅੰਤ ਸਮੇਂ) ਜਮ ਦਾ ਦੰਡ ਸਹੇਂਗਾ।(ਤੇਰਾ) ਹਿਰਦਾ ਰੂਪ ਖੱਪਰ ਟੁੱਟ ਗਿਆ ਹੈ, (ਜਿਸ ਕਰਕੇ ਉਸ ਵਿਚ ਪ੍ਰਭੂ ਦੇ) ਪ੍ਰੇਮ ਦੀ ਭਿੱਖਿਆ ਨਹੀਂ ਪੈਂਦੀ; ਨਾਮ ਦੀ ਭਿਖਿਆ (ਤੈਨੂੰ) ਚੰਗੀ ਨਹੀਂ ਲਗਦੀ।(ਤੇਰੇ ਵਰਗਾ ਮਨੁੱਖ) ਕਰਮਕਾਂਡ ਦੇ ਬੰਧਨਾਂ ਵਿਚ ਬੰਨ੍ਹਿਆ ਹੋਇਆ ਜੰਮਦਾ ਮਰਦਾ ਰਹਿੰਦਾ ਹੈ।੩।(ਹੇ ਜੋਗੀ! ਲੋਕਾਂ ਪਾਸੋਂ) ਤੂੰ ਜਤੀ ਕਹਾਉਂਦਾ ਹੈਂ (ਪਰ) ਤੂੰ ਕਾਮ ਵਾਸ਼ਨਾ ਨੂੰ ਵਸ ਵਿਚ ਨਹੀਂ ਰਖਦਾ।ਮਾਇਆ ਦੇ ਤਿੰਨਾਂ ਗੁਣਾਂ ਵਿਚ ਲੁਭਾਇਮਾਨ ਹੋ ਕੇ ਤੂੰ (ਲੋਕਾਂ ਕੋਲੋਂ) ਮਾਇਆ ਮੰਗਦਾ ਫਿਰਦਾ ਹੈਂ।ਤੂੰ ਦਇਆ ਹੀਣ ਹੋਣ ਕਰਕੇ (ਤੇਰੇ ਅੰਦਰ) ਰੱਬੀ ਜੋਤ ਦਾ ਚਾਨਣ ਨਹੀਂ ਹੋਇਆ।ਤੂੰ ਡੁਬਦਾ ਹੋਇਆ ਸਾਰੇ ਜੰਜਾਲਾਂ ਵਿਚ ਡੁੱਬਾ ਹੋਇਆ ਹੈਂ।੪।

ਪਦਾਰਥ = ਜਗੁ–ਜਗਤ ਨੂੰ।ਪਰਬੋਧਹਿ–ਉਪਦੇਸ਼ ਦੇਂਦਾ ਹੈਂ।ਮੜੀ–ਸਰੀਰ।ਵਧਾਵਹਿ–ਵਧਾਉਂਦਾ (ਮੋਟਾ ਹੋ ਰਿਹਾ) ਹੈਂ।ਆਸਣੁ –ਮਨ ਦਾ ਟਿਕਾਉ।ਤਿਆਗਿ–ਛਡ ਕੇ।ਕਾਹੇ–ਕਿਵੇਂ।ਸਚੁ–ਸੱਚ ਸਰੂਪ ਪ੍ਰਭੂ।ਪਾਵਹਿ–ਪਾਵੇਂਗਾ।ਕਾਮਣਿ ਹਿਤਕਾਰੀ–ਇਸਤ੍ਰੀ ਦਾ ਪ੍ਰੇਮੀ।ਅਉਧੂਤੀ–ਤਿਆਗੀ।ਸੰਸਾਰੀ–ਗ੍ਰਿਹਸਤੀ; ਵਿਰੱਕਤ।੧।ਜੋਗੀ–ਹੇ ਜੋਗੀ!।ਬੈਸਿ ਰਹੁ–(ਮਨ ਜੋੜ ਕੇ ਬੈਠਾ) ਟਿਕਿਆ ਰਹੁ।ਦੁਬਿਧਾ–ਦੁਚਿੱਤਾਪਣ।ਭਾਗੈ–ਦੌੜ ਜਾਏਗਾ।ਮਾਗਤ–ਮੰਗਦਿਆਂ।ਲਾਜ–ਸ਼ਰਮ।੧।ਰਹਾਉ।ਗਾਵਹਿ–ਗਾਉਂਦਾ ਹੈਂ।ਗੀਤ–ਭਜਨ ਦੇ ਛੰਦ।ਨ ਚੀਨਹਿ–ਨਹੀਂ ਪਛਾਣਦਾ।ਆਪੁ–ਅਪਣੇ ਆਪ ਨੂੰ।ਲਾਗੀ ਪਰਤਾਪੁ–(ਵਿਸ਼ਿਆਂ ਦੀ) ਲਗੀ ਹੋਈ ਤਪਸ਼।ਨਿਵਰੈ–ਦੂਰ ਹੋ ਸਕਦੀ ਹੈ।ਕੈ ਸਬਦਿ–ਦੇ ਸ਼ਬਦ ਵਿਚ।ਰਚੈ–ਲੀਨ ਹੁੰਦਾ ਹੈ।ਮਨ ਭਾਇ–ਮਨ ਦੇ ਪ੍ਰੇਮ ਨਾਲ।ਵੀਚਾਰ–ਵਿਚਾਰਵਾਨ ਹੋ ਕੇ।ਖਾਇ–ਖਾਂਦਾ ਹੈ।੨।ਭਸਮ–ਸੁਆਹ।ਚੜਾਇ–ਚੜ੍ਹ (ਮਲ) ਕੇ।ਸਹਹਿ–ਸਹੇਂਗਾ।ਦੰਡੁ–ਸਜਾ।ਫੂਟੈ–ਟੁੱਟ ਗਿਆ।ਖਾਪਰੁ–ਹਿਰਦਾ ਰੂਪ ਖੱਪਰ (ਭਾਂਡਾ)।ਭੀਖ–ਭਿੱਖਿਆ।ਨ ਭਾਇ–ਪ੍ਰੇਮ ਦੀ; ਚੰਗੀ ਨਹੀਂ ਲਗਦੀ।ਬੰਧਨਿ ਬਾਧਿਆ–ਬੰਧਨ ਵਿਚ ਬੰਨ੍ਹਿਆ ਹੋਇਆ।ਆਵੈ ਜਾਇ–ਜੰਮਦਾ ਮਰਦਾ ਹੈ।੩।ਬਿੰਦੁ–ਵੀਰਜ (ਕਾਮ ਵਾਸ਼ਨਾ)।ਜਤੀ–ਕਾਮ ਵਾਸ਼ਨਾ ਨੂੰ ਕਾਬੂ ਰਖਣ ਵਾਲਾ।ਮਾਈ–ਮਾਇਆ।ਤ੍ਰੈ–ਮਾਇਆ ਦੇ ਤਿੰਨ ਰਜੋ, ਸਤੋ ਤੇ ਤਮੋ ਗੁਣਾਂ ਵਿਚ।ਲੋਭਾਵਹਿ–ਫਸਿਆ ਹੈਂ।ਨਿਰ ਦਇਆ–ਦਇਆ ਹੀਣ।ਉਜਾਲਾ–ਚਾਨਣ।ਬੂਡਤ ਬੂਡੇ–ਡੁਬਦਾ ਡੁਬ ਗਿਆ।ਸਰਬ–ਸਾਰੇ।੪।

ਭੇਖ ਕਰਹਿ, ਖਿੰਥਾ ਬਹੁ ਥਟੂਆ ॥ ਝੂਠੋ ਖੇਲੁ ਖੇਲੈ ਬਹੁ ਨਟੂਆ ॥ ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣੁ ਕਰਮਾ, ਕੈਸੇ ਉਤਰਸਿ ਪਾਰੇ ॥੫॥ ਮੁੰਦ੍ਰਾ ਫਟਕ ਬਨਾਈ ਕਾਨਿ ॥ ਮੁਕਤਿ ਨਹੀ, ਬਿਦਿਆ ਬਿਗਿਆਨਿ ॥ ਜਿਹਵਾ ਇੰਦ੍ਰੀ ਸਾਦਿ ਲੋਭਾਨਾ ॥ ਪਸੂ ਭਏ, ਨਹੀ ਮਿਟੈ ਨੀਸਾਨਾ ॥੬॥ ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥ ਸਬਦੁ ਵੀਚਾਰੈ ਚੁਕਸਿ ਸੋਗਾ ॥ ਊਜਲੁ ਸਾਚੁ ਸੁ ਸਬਦੁ ਹੋਇ ॥ ਜੋਗੀ ਜੁਗਤਿ ਵੀਚਾਰੇ ਸੋਇ ॥੭॥ ਤੁਝ ਪਹਿ ਨਉ ਨਿਧਿ, ਤੂ ਕਰਣੈ ਜੋਗੁ ॥ ਥਾਪਿ ਉਥਾਪੇ, ਕਰੇ ਸੁ ਹੋਗੁ ॥ ਜਤੁ ਸਤੁ ਸੰਜਮੁ ਸਚੁ ਸੁਚੀਤੁ ॥ ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥੨॥ (ਹੇ ਜੋਗੀ!) ਤੂੰ ਗੋਦੜੀ ਪਹਿਨ ਕੇ ਬਹੁਤ ਬਨਾਉਟੀ ਠਾਠ

ਬਾਠ ਵਾਲੇ ਭੇਖ ਕਰਦਾ ਹੈਂ। ਅਤੇ (ਮਾਇਆ ਹਾਸਲ ਕਰਨ ਵਾਸਤੇ) ਨਟ ਵਾਂਗ ਬਹੁਤ ਝੂਠੇ ਖੇਲ ਖੇਲਦਾ ਹੈਂ। ਤੇਰੇ ਅੰਦਰ ਚਿੰਤਾ ਦੀ ਅੱਗ (ਤੈਨੂੰ) ਬਹੁਤ ਸਾੜ ਰਹੀ ਹੈ। ਪ੍ਰਭੂ ਦੀ ਬਖਸ਼ਿਸ਼ ਤੋਂ ਬਿਨਾ ਤੂੰ ਭਵਜਲ ਤੋਂ ਕਿਵੇਂ ਪਾਰ ਲੰਘ ਸਕੇਂਗਾ?੫। (ਹੇ ਜੋਗੀ!) ਕੱਚ ਦੀਆਂ ਮੁੰਦ੍ਰਾਂ ਬਣਾ ਕੇ ਤੈਂ ਕੰਨਾਂ ਵਿਚ ਪਾਈਆਂ ਹਨ। ਆਤਮਕ ਵਿਦਿਆ ਦੇ ਗਿਆਨ ਤੋਂ ਹੀਣ ਮਨੁੱਖ ਨੂੰ ਮੁਕਤੀ ਨਹੀਂ ਮਿਲਦੀ। ਤੂੰ ਜੀਭ ਅਤੇ ਇੰਦ੍ਰੀ ਦੇ ਸੁਆਦ ਵਿਚ ਲੋਭਾਇਵਾਨ ਹੋਇਆ ਪਿਆ ਹੈਂ। ਪਸ਼ੂ ਬਿਰਤੀ ਹੋਈ ਹੋਣ ਕਰਕੇ (ਤੇਰੇ ਅੰਦਰੋਂ ਪਸ਼ੂਪੁਣੇ ਦਾ) ਨਿਸ਼ਾਨ ਮਿਟਦਾ ਨਹੀਂ।੬। ਜਿਵੇਂ ਸੰਸਾਰ ਤਿੰਨ ਪ੍ਰਕਾਰ ਦੇ ਗੁਣਾਂ ਵਾਲਾ ਹੈ, ਤਿਵੇਂ ਜੋਗੀ ਵੀ ਤਿੰਨ ਪ੍ਰਕਾਰ ਦੇ ਗੁਣਾਂ ਵਿਚ ਫਸੇ ਹੋਏ ਹਨ। (ਜਿਹੜਾ ਜੋਗੀ) ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ, (ਉਸੇ ਦਾ ਪਦਾਰਥ ਨਾ ਮਿਲਣ ਦਾ) ਸੋਗ ਦੂਰ ਹੁੰਦਾ ਹੈ। (ਕਿਉਂਕਿ) ਉਹ ਸ਼ਬਦ ਉਜਲ ਤੇ ਸੱਚਾ ਹੁੰਦਾ ਹੈ। ਉਹ ਜੋਗੀ ਹੀ ਸਹੀ ਜੀਵਨ ਜੁਗਤੀ ਵਿਚਾਰਦਾ ਹੈ।੭। (ਹੇ ਜੋਗੀ!) ਨੌਂ ਨਿਧੀਆਂ ਦੇਣ ਵਾਲਾ ਮਾਲਕ ਤੇਰੇ ਪਾਸ ਹੈ, (ਇਸ ਲਈ) ਤੂੰ ਸਭ ਕੁਛ ਕਰਨ ਦੇ ਸਮਰੱਥ ਪ੍ਰਭੂ ਨੂੰ ਸਿਮਰ। (ਜੋ) ਸ੍ਰਿਸ਼ਟੀ ਨੂੰ ਪੈਦਾ ਕਰਕੇ, (ਫਿਰ) ਨਾਸ਼ ਕਰਦਾ ਹੈ ਅਤੇ (ਸੰਸਾਰ ਵਿਚ ਜੋ ਕੁਛ) ਉਹ ਕਰਦਾ ਹੈ, ਉਹ ਹੀ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ ਜੋਗੀ ਦੇ ਦਿਲ ਵਿਚ) ਸੱਚਾ ਪ੍ਰਭੂ ਵਸਦਾ ਹੈ, ਉਹ ਪਵਿਤ੍ਰ ਚਿਤ ਵਾਲਾ ਹੈ ਅਤੇ (ਉਸ ਨੂੰ) ਜਤ, ਸਤ ਤੇ ਸੰਜਮ ਆਦਿ ਕਰਮ ਆਪੇ ਪ੍ਰਾਪਤ ਹੋ ਜਾਂਦੇ ਹਨ। (ਅਜੇਹਾ) ਜੋਗੀ ਸਾਰੇ ਜਗਤ ਦਾ ਮਿਤ੍ਰ ਹੈ।੮।੨।

ਪਦਾਰਥ = ਖਿੰਥਾ–ਗੋਦੜੀ। ਕਰਹਿ–ਕਰਦਾ ਹੈਂ। ਬਹੁ–ਬਹੁਤ। ਥਟੂਆ–ਸ੍ਵਾਂਗ (ਅਡੰਬਰ) ਰਚਣ ਵਾਲਾ। ਨਟੂਆ–ਨਟ; ਮਦਾਰੀ। ਅੰਤਰਿ–ਮਨ ਦੇ ਅੰਦਰ। ਜਾਰੇ–ਸਾੜਦੀ ਹੈ। ਵਿਣੁ ਕਰਮਾ–ਬਖਸ਼ਿਸ਼ ਤੋਂ ਬਿਨਾ। ਉਤਰਸਿ ਪਾਰੇ–ਪਾਰ ਲੰਘ ਸਕੇਂਗਾ।੫। ਫਟਕ–ਕੱਚ ਦੀਆਂ। ਬਨਾਈ–ਬਣਾ ਕੇ। ਕਾਨਿ–ਕੰਨਾਂ ਵਿਚ। ਬਿਦਿਆ–ਆਤਮਕ ਵਿਦਿਆ। ਬਿਗਿਆਨਿ–ਗਿਆਨਹੀਣ ਮਨੁੱਖ ਨੂੰ। ਜਿਹਵਾ–ਜੀਭ। ਸਾਦਿ–ਸੁਆਦ ਵਿਚ। ਲੋਭਾਨਾ–ਫਸਿਆ ਪਿਆ ਹੈਂ। ਭਏ–ਹੋਏ ਹੋਣ ਕਰਕੇ। ਨੀਸਾਨਾ–ਨਿਸ਼ਾਨ; ਲੱਛਣ।੬। ਤ੍ਰਿਬਿਧਿ–ਤਿੰਨ ਪ੍ਰਕਾਰ ਦੇ ਗੁਣਾਂ (ਰਜੋ, ਸਤੋ ਤੇ ਤਮੋ) ਦੀ। ਲੋਗਾ–ਜਗਤ। ਜੋਗਾ–ਜੋਗੀ। ਚੂਕਸਿ–ਦੂਰ ਹੁੰਦਾ ਹੈ। ਸੋਗਾ–ਸੋਗ। ਊਜਲ–ਸਾਫ; ਨਿਰਮਲ। ਸੁ–ਉਹ। ਜੁਗਤਿ–ਜੀਵਨ ਜਿਉਣ ਦਾ ਤਰੀਕਾ। ਸੋਇ–ਉਹ ਹੀ।੭। ਤੁਝ ਪਹਿ–ਤੇਰੇ ਪਾਸ। ਨਉ ਨਿਧਿ–ਨੌਂ ਨਿਧੀਆਂ (ਦੁਨੀਆਂ ਦੇ ਸਾਰੇ ਖਜਾਨਿਆਂ ਦਾ ਮਾਲਕ ਪ੍ਰਭੂ)। ਕਰਣੈ ਜੋਗੁ–ਸਭ ਕੁਛ ਕਰਨ ਦੇ ਸਮਰੱਥ ਪ੍ਰਭੂ। ਥਾਪਿ–ਪੈਦਾ ਕਰਕੇ। ਉਥਾਪੇ–ਨਾਸ਼ ਕਰਦਾ ਹੈ। ਕਰੇ ਸੁ ਹੋਗੁ–ਉਹ ਹੀ ਹੁੰਦਾ ਹੈ, ਜੋ ਉਹ ਪ੍ਰਭੂ ਕਰਦਾ ਹੈ। ਜਤੁ–ਇਸਤ੍ਰੀ ਭੋਗ ਦਾ ਤਿਆਗ। ਸਤੁ–ਸਤਵਾਦੀ। ਸੰਜਮੁ–ਇੰਦ੍ਰੀਆਂ ਨੂੰ ਰੋਕਣ ਦਾ ਜਤਨ। ਸੁਚੀਤੁ–ਪਵਿਤ੍ਰ ਚਿੱਤ ਵਾਲਾ। ਤ੍ਰਿਭਵਣ–ਤਿੰਨਾਂ ਭਵਨਾਂ ਦਾ।੮।੧।

ਰਾਮਕਲੀ ਮਹਲਾ ੧ ॥ ਖਟੁ ਮਟੁ ਦੇਹੀ, ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ, ਅੰਤਰਿ ਜਾਗੀ ॥ ਵਾਜੈ ਅਨਹਦੁ ,ਮੇਰਾ ਮਨੁ ਲੀਣਾ ॥ ਗੁਰ ਬਚਨੀ ਸਚਿ ਨਾਮਿ ਪਤੀਣਾ ॥੧॥ ਪ੍ਰਾਣੀ ਰਾਮ ਭਗਤਿ ਸੁਖੁ ਪਾਈਐ ॥ ਗੁਰਮੁਖਿ ਹਰਿ ਹਰਿ ਮੀਠਾ ਲਾਗੈ, ਹਰਿ ਹਰਿ ਨਾਮਿ ਸਮਾਈਐ ॥੧॥ਰਹਾਉ॥ (ਹੇ ਜੋਗੀ! ਮੈਂ ਗੁਰੂ ਦੁਆਰਾ) ਛੇ ਚੱਕ੍ਰਾਂ ਵਾਲੇ ਸਰੀਰ ਨੂੰ ਮਠ ਬਣਾਇਆ ਹੈ, (ਇਸ ਮਠ ਵਿਚ ਰਹਿਣ ਵਾਲਾ) ਮੇਰਾ ਮਨ ਬੈਰਾਗੀ ਹੋ ਗਿਆ ਹੈ। ਮੇਰੀ ਸੁਰਤ ਵਿਚ ਸ਼ਬਦ ਰੂਪ ਧੁਨੀ ਗੂੰਜ ਰਹੀ ਹੈ, (ਜਿਸ ਨੂੰ ਸੁਣ ਕੇ ਮੇਰੀ ਬਿਰਤੀ) ਅੰਦਰੋਂ ਜਾਗ ਪਈ ਹੈ। (ਮੇਰੇ ਅੰਦਰ) ਅਨਹਦ ਸ਼ਬਦ ਵਜ ਰਿਹਾ ਹੈ, (ਉਸ ਵਿਚ) ਮੇਰਾ ਮਨ ਲੀਨ ਰਹਿੰਦਾ ਹੈ। ਗੁਰੂ ਦੇ ਬਚਨਾਂ ਰਾਹੀਂ (ਮੇਰਾ ਮਨ) ਸੱਚੇ ਨਾਮ ਵਿਚ ਪਤੀਜ ਗਿਆ ਹੈ।੧। ਹੇ ਪ੍ਰਾਣੀ! ਰਾਮ ਦੀ ਭਗਤੀ ਕਰਕੇ ਸੁਖ ਪਾਈਦਾ ਹੈ। ਗੁਰੂ ਦੁਆਰਾ ਹਰੀ ਦਾ ਨਾਮ ਮਿੱਠਾ ਲਗਦਾ ਹੈ, (ਜਿਸ ਕਰਕੇ) ਹਰੀ ਦੇ ਨਾਮ ਵਿਚ ਸਮਾ ਜਾਈਦਾ ਹੈ।੧। ਰਹਾਉ।

ਅੰਗ ੯੦੪ = ਮਾਇਆ ਮੋਹੁ ਬਿਵਰਜਿ ਸਮਾਏ ॥ ਸਤਿਗੁਰੁ ਭੇਟੈ ਮੇਲਿ ਮਿਲਾਏ ॥ ਨਾਮੁ ਰਤਨੁ ਨਿਰਮੋਲਕੁ ਹੀਰਾ ॥ ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥ ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥ ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥ ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥ (ਜਿਸ ਮਨੁੱਖ ਨੂੰ) ਸਤਿਗੁਰੂ ਮਿਲਦਾ ਹੈ, (ਗੁਰੂ ਉਸ ਨੂੰ) ਸੰਗਤ ਵਿਚ ਮਿਲਾਉਂਦਾ ਹੈ। (ਫਿਰ ਉਹ ਮਨੁੱਖ) ਮਾਇਆ ਦਾ ਮੋਹ ਰੋਕ ਕੇ ਪ੍ਰਭੂ ਨਾਲ ਲੀਨ ਹੋ ਜਾਂਦਾ ਹੈ। ਨਾਮ ਰੂਪ ਰਤਨ ਅਮੋਲਕ ਹੀਰਾ ਹੈ। ਉਸ (ਅਮੋਲਕ ਨਾਮ) ਵਿਚ ਰੰਗਿਆ ਹੋਇਆ ਮੇਰਾ ਮਨ ਟਿਕ ਗਿਆ ਹੈ।੨। (ਹੇ ਜੋਗੀ! ਗੁਰੂ ਦੁਆਰਾ) ਰਾਮ ਦੀ ਭਗਤੀ ਕੀਤਿਆਂ ਹਉਮੈ ਤੇ ਮਮਤਾ ਦਾ ਰੋਗ ਨਹੀਂ ਲਗਦਾ ਅਤੇ ਜਮ ਦਾ ਡਰ ਭੱਜ ਜਾਂਦਾ ਹੈ। ਜਾਲਮ ਜਮ ਮੇਰੇ ਨੇੜੇ ਨਹੀਂ ਆ ਸਕਦਾ। (ਕਿਉਂਕਿ) ਮੇਰੇ ਹਿਰਦੇ ਵਿਚ ਪ੍ਰਭੂ ਦਾ ਪਵਿਤ੍ਰ ਨਾਮ ਸੋਭਦਾ ਹੈ।੩। (ਹੇ ਜੋਗੀ! ਗੁਰੂ ਦੇ) ਸ਼ਬਦ ਨੂੰ ਬਿਚਾਰ

ਕੇ (ਅਸੀਂ) ਨਿਰੰਕਾਰੀ (ਨਿਰੰਕਾਰ ਸਰੂਪ) ਹੋ ਗਏ ਹਾਂ।(ਜੋ ਮਨੁੱਖ) ਗੁਰੂ ਦੀ ਮੱਤ ਦੁਆਰਾ ਜਾਗ ਪਏ ਹਨ (ਉਨ੍ਹਾਂ ਦੀ) ਖੋਟੀ ਮੱਤ ਨਾਸ਼ ਹੋ ਗਈ ਹੈ।(ਜੋ ਮਨੁੱਖ) ਪ੍ਰਭੂ ਵਿਚ ਲਿਵ ਲਾਈ ਰਖਦੇ ਹਨ, (ਉਹ) ਹਰ ਰੋਜ ਜਾਗਦੇ ਰਹਿੰਦੇ ਹਨ।(ਉਨ੍ਹਾਂ ਨੇ) ਜੀਵਨ ਮੁਕਤੀ ਦੀ ਅਵਸਥਾ ਹਿਰਦੇ ਅੰਦਰੋਂ ਹੀ ਪ੍ਰਾਪਤ ਕਰ ਲਈ ਹੈ।੪।

ਪਦਾਰਥ = ਖਟੁ-ਜੋਗ ਮੱਤ ਅਨੁਸਾਰ ਸਰੀਰ ਦੇ ਛੇ ਚੱਕ੍ਰ ਹਨ ੧. ਮੂਲਾਧਾਰ-ਗੁਦਾ ਮੰਡਲ ਦਾ ਚੱਕ੍ਰ, ੨. ਸ੍ਵਾਧਿਸ਼ਠਾਨ ਚੱਕ੍ਰ-ਲਿੰਗ ਦੇ ਮੂਲ ਵਿਚ, ੩. ਮਣਿਪੁਰ ਚੱਕ੍ਰ-ਧੁਨੀ ਦੇ ਮੂਲ ਵਿਚ, ੪. ਅਨਾਹਤ ਚੱਕ੍ਰ-ਦਿਲ ਵਿਚ, ੫. ਵਿਸ਼ੁੱਧ ਚੱਕ੍ਰ-ਕੰਠ ਵਿਚ। ੬. ਆਗਿਆ ਚੱਕ੍ਰ-ਭਰਵੱਟਿਆ ਦੇ ਵਿਚਕਾਰ।ਮਟੁ-ਜੋਗੀਆਂ ਦਾ ਮਠ (ਧਾਰਮਕ ਅਸਥਾਨ)।ਦੇਹੀ-ਸਰੀਰ।ਸੁਰਤਿ-ਚਿਤ ਬਿਰਤੀ।ਧੁਨਿ-ਅਵਾਜ।ਵਾਜੈ-ਵਜਦਾ ਹੈ।ਅਨਹਦੁ-ਬਿਨਾ ਵਜਾਇਆਂ ਇਕ ਰਸ; ਲਗਾਤਾਰ।ਲੀਣਾ-ਲੀਨ; ਮਗਨ।੧।ਪ੍ਰਾਣੀ -ਪ੍ਰਾਣ ਧਾਰੀ ਮਨੁੱਖ।ਰਾਮ ਭਗਤਿ-ਸਰਬ ਵਿਆਪਕ ਪ੍ਰਭੂ ਦੀ ਭਗਤੀ ਕਰਨ ਨਾਲ।ਗੁਰਮੁਖਿ-ਗੁਰੂ ਦੁਆਰਾ।ਨਾਮਿ ਸਮਾਈਐ-ਨਾਮ ਵਿਚ ਲੀਨ ਹੋ ਜਾਈਦਾ ਹੈ।੧।ਰਹਾਉ।ਬਿਵਰਜਿ-ਰੋਕ ਕੇ।ਸਮਾਏ-ਲੀਨ ਹੋ ਜਾਂਦਾ ਹੈ।ਭੇਟੈ-ਮਿਲਦਾ ਹੈ।ਮੇਲਿ ਮਿਲਾਏ -ਸੰਗਤ ਵਿਚ ਮਿਲਾਉਂਦਾ ਹੈ।ਨਿਰਮੋਲਕੁ-ਜਿਸ ਦਾ ਮੁਲ ਨਾ ਪਾਇਆ ਜਾ ਸਕੇ।ਤਿਤੁ-ਉਸ (ਨਾਮ) ਵਿਚ।ਰਾਤਾ-ਰੰਗਿਆ ਹੋਇਆ।ਧੀਰਾ-ਟਿਕ ਗਿਆ; ਧੀਰਜਵਾਨ ਹੋ ਗਿਆ।੨।ਕਾ ਭਉ-ਦਾ ਡਰ।ਜੰਦਾਰੁ-(ਖੱਲ ਉਤਾਰਨ ਵਾਲਾ) ਜਾਲਮ।ਭਾਗੈ-ਦੌੜ ਜਾਂਦਾ ਹੈ।ਮੋਹਿ-ਮੈਨੂੰ।ਨਿਰਮਲ-ਪਵਿਤ੍ਰ।ਰਿਦੈ-ਹਿਰਦੇ ਵਿਚ।ਸੋਹਿ-ਸੋਭ ਰਿਹਾ ਹੈ।੩।ਬਿਚਾਰਿ-ਵਿਚਾਰ ਕੇ।ਭਏ-ਹੋ ਗਏ ਹਨ।ਨਿਰੰਕਾਰੀ-ਨਿਰੰਕਾਰ ਸਰੂਪ।ਗੁਰਮਤਿ-ਗੁਰੂ ਦੀ ਸਿੱਖਿਆ ਦੁਆਰਾ।ਦੁਰਮਤਿ-ਖੋਟੀ ਮੱਤ।ਪਰਹਾਰੀ-ਨਾਸ਼ ਹੋ ਗਈ ।ਅਨਦਿਨ-ਹਰ ਰੋਜ।ਗਤਿ-ਅਵਸਥਾ।ਅੰਤਰਿ-ਹਿਰਦੇ ਅੰਦਰ।ਪਾਈ-ਪ੍ਰਾਪਤ ਕਰ ਲਈ।੪।

ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥ ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ ਨਿਰੰਤਰਿ ਰਹਉ ਸਮਾਏ ॥੫॥ ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥ ਜਗੁ ਸੂਤਾ ਮਰਿ ਆਵੈ ਜਾਇ ॥ ਬਿਨੁ ਗੁਰ ਸਬਦ ਨ ਸੋਝੀ ਪਾਇ ॥੬॥ ਅਨਹਦ ਸਬਦੁ ਵਜੈ ਦਿਨੁ ਰਾਤੀ ॥ ਅਵਿਗਤਿ ਕੀ ਗਤਿ ਗੁਰਮੁਖਿ ਜਾਤੀ ॥ ਤਉ ਜਾਨੀ ਜਾ ਸਬਦਿ ਪਛਾਨੀ ॥ ਏਕੋ ਰਵਿ ਰਹਿਆ ਨਿਰਬਾਨੀ ॥੭॥ ਸੁੰਨ ਸਮਾਧਿ ਸਹਜਿ ਮਨੁ ਰਾਤਾ ॥ ਤਜਿ ਹਉ ਲੋਭਾ ਏਕੋ ਜਾਤਾ ॥ ਗੁਰ ਚੇਲੇ ਅਪਨਾ ਮਨੁ ਮਾਨਿਆ ॥ ਨਾਨਕ ਦੂਜਾ ਮੇਟਿ ਸਮਾਨਿਆ ॥੮॥੩॥(ਪ੍ਰਭੂ ਦੇ ਭਗਤ) ਸਰੀਰ ਰੂਪ ਗੁਫਾ ਵਿਚ ਨਿਰਲੇਪ ਰਹਿੰਦੇ ਹਨ, ਮਾਇਆ ਤੋਂ ਨਿਰਾਰੇ ਰਹਿੰਦੇ ਹਨ।(ਉਨ੍ਹਾਂ ਨੇ) ਗੁਰੂ ਦੇ ਸ਼ਬਦ ਦੁਆਰਾ ਪੰਜ ਚੋਰ ਕਾਮਾਦਿਕ ਮਾਰ ਲਏ ਹਨ।(ਉਹ) ਪਰਾਏ ਘਰਾਂ ਵਿਚ ਜਾ ਕੇ (ਭਿਖਿਆ ਲੈਣ ਸਮੇਂ ਕਿਸੇ ਇਸਤ੍ਰੀ ਨੂੰ ਦੇਖ ਅਪਣੇ) ਮਨ ਨੂੰ ਨਹੀਂ ਡੁਲਾਉਂਦੇ।(ਗੁਰੂ ਦੀ ਕ੍ਰਿਪਾ ਨਾਲ ਮੈਂ ਵੀ) ਸਹਿਜ ਪਦ ਵਿਚ ਇਕ ਰਸ ਲੀਨ ਰਹਿੰਦਾਂ ਹਾਂ।੫।(ਜੋ ਮਨੁੱਖ) ਗੁਰੂ ਦੀ ਸ਼ਰਣ ਵਿਚ ਪੈ ਕੇ (ਗਿਆਨ ਅਵਸਥਾ ਵਿਚ) ਜਾਗ ਰਹੇ ਹਨ, ਉਹ ਅਸਲ ਤਿਆਗੀ ਹਨ।ਸਦਾ ਬੈਰਾਗੀ (ਉਹ ਮਨੁੱਖ) ਹੈ, (ਜਿਹੜਾ) ਤੱਤ ਸਰੂਪ ਪ੍ਰਭੂ ਨਾਲ ਪ੍ਰੋਇਆ (ਜੁੜਿਆ) ਹੋਇਆ ਹੈ।ਮੋਹ ਮਾਇਆ ਦੀ ਨੀਂਦ ਵਿਚ ਸੁੱਤਾ ਜਗਤ ਮਰ ਕੇ ਆਉਂਦਾ ਜਾਂਦਾ (ਆਵਾਗੌਣ ਵਿਚ ਪਿਆ) ਰਹਿੰਦਾ ਹੈ।ਗੁਰੂ ਦੇ ਸ਼ਬਦ ਤੋਂ ਬਿਨਾ (ਸੁੱਤਾ ਪਿਆ ਮਨੁੱਖ) ਸਮਝ ਨਹੀਂ ਪ੍ਰਾਪਤ ਕਰ ਸਕਦਾ।੬।(ਜਿਸ ਪੁਰਖ ਨੇ) ਗੁਰੂ ਦੁਆਰਾ ਸਰੀਰ ਰਹਿਤ ਪ੍ਰਭੂ ਦੀ ਅਵਸਥਾ ਜਾਣੀ ਹੈ, (ਕਿ ਉਹ ਕੈਸਾ ਹੈ, ਉਸ ਦੇ ਅੰਦਰ) ਇਕ ਰਸ ਸ਼ਬਦ ਦਿਨ ਰਾਤ ਵਜਦਾ ਰਹਿੰਦਾ ਹੈ।(ਉਸ ਨੇ ਇਹ ਅਵਸਥਾ) ਤਦ ਜਾਣੀ ਹੈ, ਜਦ (ਉਸ ਨੇ) ਗੁਰੂ ਦੇ ਸ਼ਬਦ ਦੁਆਰਾ (ਇਹ ਗੱਲ) ਪਛਾਣੀ ਹੈ।ਕਿ ਇਕੋ ਵਾਸ਼ਨਾ ਰਹਿਤ ਪ੍ਰਭੂ (ਸਭ ਜਗ੍ਹਾ) ਵਿਆਪਕ ਹੋ ਰਿਹਾ ਹੈ।੭।(ਜਿਸ ਮਨੁੱਖ ਦਾ) ਮਨ (ਪ੍ਰਭੂ ਦੇ) ਪ੍ਰੇਮ ਵਿਚ ਰੰਗਿਆ ਹੋਇਆ ਸਹਜੇ ਹੀ ਅਫੁਰ ਸਮਾਧੀ ਵਿਚ ਟਿਕਿਆ ਹੈ।(ਉਸ ਨੇ ਸਰੀਰ ਦੀ) ਹਉਮੈ ਅਤੇ (ਪਦਾਰਥਾਂ ਦਾ) ਲੋਭ ਛਡ ਕੇ ਇਕੋ ਪ੍ਰਭੂ ਨੂੰ ਜਾਣਿਆ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ) ਗੁਰੂ ਦੇ ਚੇਲੇ ਦਾ ਅਪਣਾ ਮਨ (ਗੁਰੂ ਦੇ ਸ਼ਬਦ ਵਿਚ) ਪਤੀਜ ਗਿਆ ਹੈ।(ਉਹ) ਦੂਜਾ ਭਾਵ ਮੇਟ ਕੇ ਇਕ ਪ੍ਰਭੂ ਵਿਚ ਸਮਾ ਗਿਆ ਹੈ।੮।੩।

ਪਦਾਰਥ = ਅਲਿਪਤ-ਨਿਰਲੇਪ।ਗੁਫਾ ਮਹਿ-ਸਰੀਰ ਰੂਪ ਗੁਫਾ ਵਿਚ।ਨਿਰਾਰੇ-ਨਿਰਾਲੇ; ਨਿਰਲੇਪ।ਤਸਕਰ ਪੰਚ-ਪੰਜ ਕਾਮ ਆਦਿਕ ਚੋਰ।ਸੰਘਾਰੇ-ਮਾਰ ਲਏ ਹਨ।ਪਰ ਘਰ-ਪਰਾਏ ਘਰਾਂ ਵਿਚ।ਜਾਇ-ਜਾ ਕੇ।ਸਹਜ-ਸਹਿਜ ਪਦ।ਨਿਰੰਤਰਿ-ਇਕ ਰਸ।ਰਹਉ ਸਮਾਏ-ਮੈਂ ਲੀਨ ਰਹਿੰਦਾ ਹਾਂ।੫।ਗੁਰਮੁਖਿ-ਗੁਰੂ ਦੀ ਸਰਣ ਵਿਚ ਪੈ ਕੇ।ਸਦ-ਸਦਾ।ਤਤੁ-ਜਗਤ ਦਾ ਮੂਲ ਪ੍ਰਭੂ। ਪਰੋਤਾ-ਪ੍ਰੋਇਆ ਹੈ।ਜਗੁ-ਜਗਤ।ਆਵੈ ਜਾਇ-ਆਉਂਦਾ ਜਾਂਦਾ ਹੈ।ਸੋਝੀ-ਸਮਝ।੬।ਅਨਹਦ-ਇਕ ਰਸ।ਵਜੈ-ਵਜਦਾ ਹੈ।

ਅਵਿਗਤਿ–ਸਰੀਰ ਰਹਿਤ ਪ੍ਰਭੂ। ਗਤਿ–ਅਵਸਥਾ। ਜਾਤੀ–ਜਾਣੀ ਹੈ। ਤਉ–ਤਦ। ਜਾ–ਜਦੋਂ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਨਿਰਬਾਨੀ–ਵਾਸ਼ਨਾ ਰਹਿਤ ਪ੍ਰਭੂ।੭। ਸੁੰਨ ਸਮਾਧਿ–ਅਫੁਰ ਸਮਾਧੀ; ਇਕਾਗ੍ਰ ਅਵਸਥਾ। ਸਹਜਿ–ਸਹਜੇ ਹੀ। ਰਾਤਾ–ਰੰਗਿਆ ਹੈ। ਤਜਿ–ਛਡ ਕੇ। ਹਉ–ਹਉਮੈ। ਏਕੋ–ਇਕ ਪ੍ਰਭੂ ਨੂੰ। ਮਾਨਿਆ–ਪਤੀਜ ਗਿਆ। ਸਮਾਨਿਆ–ਲੀਨ ਹੋ ਗਿਆ।੮।੩।

ਉਥਾਨਕਾ = ਗੁਰੂ ਨਾਨਕ ਦੇਵ ਜੀ ਦੇ ਵਿਆਹ ਦੀ ਤਰੀਕ ਤੇ ਸਮਾਂ ਨੀਯਤ ਕਰਨ ਵਾਸਤੇ ਪਿਤਾ ਮਹਿਤਾ ਕਾਲੂ ਜੀ ਨੇ ਪੰਡਤ ਹਰਦਿਆਲ ਨੂੰ ਬੁਲਾਇਆ। ਜਦ ਪੰਡਤ ਪੱਤ੍ਰੀ ਦੇਖ ਕੇ ਜੋਤਿਸ਼ ਦੇ ਹਿਸਾਬ ਨਾਲ ਸਾਹਾ ਸੋਧਣ ਲੱਗਾ, ਤਾਂ ਗੁਰੂ ਜੀ ਨੇ ਪੰਡਤ ਹਰਦਿਆਲ ਨੂੰ ਇਸ ਸ਼ਬਦ ਦੁਆਰਾ ਉਪਦੇਸ਼ ਦਿਤਾ (ਟਕਸਾਲ ਦੀ ਟੇਪ ਵਿਚੋਂ)।

ਰਾਮਕਲੀ ਮਹਲਾ ੧ ॥ ਸਾਹਾ ਗਣਹਿ, ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥ ਜਿਸੁ ਗੁਰੁ ਮਿਲੈ, ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥ ਝੂਠੁ ਨ ਬੋਲਿ ਪਾਡੇ, ਸਚੁ ਕਹੀਐ ॥ ਹਉਮੈ ਜਾਇ, ਸਬਦਿ ਘਰੁ ਲਹੀਐ ॥੧॥ਰਹਾਉ ॥ ਗਣਿ ਗਣਿ ਜੋਤਕੁ ,ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥ ਸਭਸੈ ਊਪਰਿ, ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ, ਸਗਲੀ ਛਾਰੁ ॥੨॥ ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ, ਮੈਲੋ ਮੈਲਾ ॥ ਗਰਬੁ ਨਿਵਾਰਿ, ਮਿਲੈ ਪ੍ਰਭੁ ਸਾਰਥਿ ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥ ਵਾਚੈ ਵਾਦੁ ,ਨ ਬੇਦੁ ਬੀਚਾਰੈ ॥ ਆਪਿ ਡੁਬੈ, ਕਿਉ ਪਿਤਰਾ ਤਾਰੈ ॥ ਘਟਿ ਘਟਿ ਬ੍ਰਹਮੁ ,ਚੀਨੈ ਜਨੁ ਕੋਇ ॥ ਸਤਿਗੁਰੁ ਮਿਲੈ ਤ ਸੋਝੀ ਹੋਇ ॥੪॥ (ਹੇ ਪੰਡਤ!) ਤੂੰ ਵਿਆਹ ਦਾ ਸ਼ੁੱਭ ਮਹੂਰਤ ਤਾਂ ਗਿਣਦਾ ਹੈਂ, (ਪਰ ਤੂੰ ਇਹ) ਵਿਚਾਰ ਨਹੀਂ ਕਰਦਾ ਕਿ ਪ੍ਰਭੂ ਸ਼ੁੱਭ ਮਹੂਰਤਾਂ ਤੋਂ ਉਪਰ ਹੈ। ਜਿਸ ਮਨੁੱਖ ਨੂੰ ਗੁਰੂ ਮਿਲਦਾ ਹੈ, ਉਹ ਹੀ ਇਸ ਵਿਧੀ ਨੂੰ ਜਾਣਦਾ ਹੈ (ਕਿ ਸ਼ੁੱਭ ਸਮਾਂ ਕਿਵੇਂ ਬਣ ਸਕਦਾ ਹੈ? ਜਦੋਂ ਕਿਸੇ ਮਨੁੱਖ ਨੂੰ) ਗੁਰੂ ਦੀ ਸਿੱਖਿਆ ਪ੍ਰਾਪਤ ਹੋ ਜਾਂਦੀ ਹੈ, ਤਦ (ਉਹ ਪ੍ਰਭੂ ਦੇ) ਹੁਕਮ ਨੂੰ ਪਛਾਣਦਾ ਹੈ (ਕਿ ਸ਼ੁੱਭ ਮਹੂਰਤ ਬਣਾਉਣ ਵਾਲਾ ਵੀ ਪ੍ਰਮਾਤਮਾ ਹੈ)।੧। ਹੇ ਪੰਡਤ! ਝੂਠ ਨ ਬੋਲ (ਜਜਮਾਨਾਂ ਨੂੰ ਐਵੇਂ ਸਾਹਾ ਨਾ ਦਸਦਾ ਫਿਰ), ਸੱਚ ਬੋਲਣਾ ਚਾਹੀਦਾ ਹੈ (ਲਾਲਚ ਵਸ ਹੋ ਕੇ ਕਿਸੇ ਨੂੰ ਗੁਮਰਾਹ ਨਾ ਕਰ। ਜਦ) ਗੁਰੂ ਦੇ ਸ਼ਬਦ ਦੁਆਰਾ ਹਉਮੈ ਨਾਸ਼ ਹੋ ਜਾਂਦੀ ਹੈ, ਤਾਂ (ਅਪਣਾ ਅਸਲੀ) ਘਰ ਲੱਭ ਪੈਂਦਾ ਹੈ (ਉਸ ਅਸਲੀ ਘਰ ਵਿਚੋਂ ਚਾਰੇ ਪਦਾਰਥ ਮਿਲ ਜਾਂਦੇ ਹਨ)।੧। ਰਹਾਉ। (ਪੰਡਤ ਨੇ) ਜੋਤਿਸ਼ ਨੂੰ ਗਿਣ ਗਿਣ ਕੇ (ਕਿਸੇ ਨਵ ਜੰਮੇ ਬੱਚੇ ਦੀ) ਜਨਮ ਪੱਤ੍ਰੀ ਤਿਆਰ ਕੀਤੀ। (ਉਹ ਪੱਤ੍ਰੀ ਨੂੰ) ਪੜ੍ਹਦਾ ਹੈ ਅਤੇ (ਜਜਮਾਨ ਨੂੰ) ਸੁਣਾਉਂਦਾ ਹੈ, (ਪਰ ਉਹ) ਅਸਲੀਅਤ ਨੂੰ ਨਹੀਂ ਸਮਝਦਾ। (ਜੋਤਿਸ਼ ਆਦਿ ਨਾਲੋਂ) ਗੁਰੂ ਦੇ ਸ਼ਬਦ ਦਾ ਵਿਚਾਰ ਸਭ (ਵਿਚਾਰਾਂ) ਤੋਂ ਉਪਰ ਹੈ। (ਗੁਰੂ ਜੀ ਆਖਦੇ ਹਨ ਕਿ) ਮੈਂ ਹੋਰ ਗੱਲਾਂ (ਮਹੂਰਤ ਆਦਿ ਵਹਿਮ ਦੀਆਂ) ਨਹੀਂ ਆਖਦਾ, (ਕਿਉਂਕਿ ਉਹ) ਸਭ ਸੁਆਹ (ਨਿਕੰਮੀਆਂ) ਹਨ।੨। (ਹੇ ਪੰਡਤ!) ਤੂੰ ਤੀਰਥਾਂ ਤੇ ਜਾ ਕੇ ਨ੍ਹਾਉਂਦਾ ਹੈਂ, (ਸਰੀਰ ਨੂੰ ਮਲ ਮਲ ਕੇ) ਧੋਂਦਾ ਹੈ ਅਤੇ ਪੱਥਰ ਦੀਆਂ ਮੂਰਤੀਆਂ ਨੂੰ ਪੂਜਦਾ ਹੈਂ। (ਪਰ ਮਨ ਨੂੰ) ਪ੍ਰਭੂ ਦੇ ਨਾਮ ਵਿਚ ਰੰਗੇ ਜਾਣ ਤੋਂ ਬਿਨਾ (ਸਭ ਕੁਛ) ਮੈਲਾ ਹੀ ਮੈਲਾ ਹੈ। ਹੰਕਾਰ ਦੂਰ ਕਰਨ ਨਾਲ ਪ੍ਰਭੂ ਤੋਂ (ਤੈਨੂੰ) ਧਨ ਆਦਿਕ ਸਮੇਤ (ਸਭ ਕੁਛ) ਮਿਲੇਗਾ। ਹਰੀ ਦਾ ਨਾਮ ਜਪ ਕੇ (ਮਨੁੱਖਾ ਜਨਮ) ਸਫਲ ਹੁੰਦਾ ਹੈ ਅਤੇ ਪ੍ਰਾਣ (ਜੀਵਨ) ਮੁਕਤੀ ਮਿਲਦੀ ਹੈ।੩। (ਪਰ ਪੰਡਤ ਬੇਦ) ਪੜ੍ਹਦਾ ਹੈ ਅਤੇ (ਲੋਕਾਂ ਨਾਲ ਬਿਅਰਥ) ਬਹਿਸ ਕਰਦਾ ਰਹਿੰਦਾ ਹੈ, ਬੇਦ ਨੂੰ (ਉਹ ਸਹੀ ਅਰਥਾਂ ਵਿਚ) ਨਹੀਂ ਵਿਚਾਰਦਾ। (ਇਉਂ ਉਹ ਭਵਜਲ ਵਿਚ) ਆਪ ਡੁਬਦਾ ਹੈ, ਪਿਤਰਾਂ ਨੂੰ ਕਿਵੇਂ ਤਾਰ ਸਕਦਾ ਹੈ? ਕੋਈ ਵਿਰਲਾ ਮਨੁੱਖ ਹੀ ਜਾਣਦਾ ਹੈ ਕਿ ਪ੍ਰਭੂ ਹਰੇਕ ਜੀਵ ਦੇ ਹਿਰਦੇ ਵਿਚ ਵਸਦਾ ਹੈ। (ਪਰ ਜੇ) ਸਤਿਗੁਰੂ ਮਿਲ ਪਵੇ, ਤਾਂ (ਪ੍ਰਭੂ ਬਾਰੇ) ਸੋਝੀ ਪ੍ਰਾਪਤ ਹੁੰਦੀ ਹੈ।੪।

ਪਦਾਰਥ = ਸਾਹਾ–ਵਿਆਹ ਦੀ ਤਰੀਕ ਤੇ ਸਮਾਂ (ਹਿੰਦੂ ਮੱਤ ਅਨੁਸਾਰ ਗ੍ਰਹਿ ਆਦਿਕਾਂ ਦੀ ਗਿਣਤੀ ਕਰਕੇ ਵਿਆਹ ਲਈ ਨੀਯਤ ਕੀਤਾ ਦਿਨ ਤੇ ਸਮਾਂ)। ਗਣਹਿ–ਤੂੰ ਗਿਣਦਾ ਹੈਂ। ਏਕੰਕਾਰੁ–ਇਕ ਪ੍ਰਮਾਤਮਾ। ਸੋਈ–ਉਹ ਹੀ। ਬਿਧਿ–ਤਰੀਕਾ। ਗੁਰਮਤਿ–ਗੁਰੂ ਦੀ ਸਿੱਖਿਆ। ਤ–ਤਾਂ; ਤਦ।੧। ਪਾਡੇ–ਹੇ ਪੰਡਤ!। ਕਹੀਐ–ਬੋਲਣਾ ਚਾਹੀਦਾ ਹੈ। ਸਬਦਿ–ਗੁਰੂ ਦੇ ਸ਼ਬਦ ਦੁਆਰਾ। ਘਰੁ–ਅਪਣਾ ਅਸਲੀ ਘਰ (ਰੱਬ ਦੀ ਹਜੂਰੀ)। ਲਹੀਐ–ਲੱਭ ਪੈਂਦਾ ਹੈ।੧। ਰਹਾਉ। ਗਣਿ ਗਣਿ–ਗਿਣ ਗਿਣ ਕੇ। ਜੋਤਕੁ–ਜੋਤਿਸ਼। ਕਾਂਡੀ–ਜਨਮ ਪੱਤ੍ਰੀ। ਕੀਨੀ–ਤਿਆਰ ਕੀਤੀ। ਤਤੁ–ਅਸਲੀਅਤ। ਨ ਚੀਨੀ–ਨਹੀਂ ਪਛਾਣਦਾ। ਸਭਸੈ ਊਪਰਿ–ਸਭ ਤੋਂ ਉਪਰ। ਕਥਨੀ–ਗੱਲਾਂ। ਬਦਉ ਨ–ਮੈਂ ਨਹੀਂ ਆਖਦਾ; ਨਹੀਂ ਮੰਨਦਾ। ਸਗਲੀ–ਸਾਰੀ। ਛਾਰੁ–ਸੁਆਹ।੨। ਨਾਵਹਿ–ਨ੍ਹਾਉਂਦਾ ਹੈਂ। ਸੈਲਾ–ਪੱਥਰ ਦੀਆਂ ਮੂਰਤੀਆਂ। ਬਿਨੁ ਰਾਤੇ–ਰੰਗੇ ਜਾਣ ਤੋਂ ਬਿਨਾ। ਗਰਬੁ–ਹੰਕਾਰ। ਨਿਵਾਰਿ–ਦੂਰ ਕਰਕੇ। ਸਾਰਥਿ–ਧਨ ਪਦਾਰਥਾਂ ਦੇ

ਸਮੇਤ। ਕਿਰਤਾਰਥਿ-ਸਫਲ ਹੁੰਦਾ ਹੈ।੩। ਵਾਚੈ-ਪੜ੍ਹਦਾ ਹੈ। ਵਾਦੁ-ਬਹਿਸ। ਪਿਤਰਾ-ਮਰ ਚੁੱਕੇ ਬਜ਼ੁਰਗਾਂ ਨੂੰ। ਤਾਰੈ-ਤਾਰ ਸਕਦਾ ਹੈ। ਘਟਿ ਘਟਿ-ਹਰੇਕ ਜੀਵ ਦੇ ਹਿਰਦੇ ਵਿਚ। ਚੀਨੈ-ਜਾਣਦਾ ਹੈ। ਜਨੁ-ਮਨੁੱਖ। ਸੋਝੀ-ਸਮਝ; ਗਿਆਨ।੪।

ਗਣਤ ਗਣੀਐ, ਸਹਸਾ ਦੁਖੁ ਜੀਐ ॥ ਗੁਰ ਕੀ ਸਰਣਿ ਪਵੈ, ਸੁਖੁ ਥੀਐ ॥ ਕਰਿ ਅਪਰਾਧ, ਸਰਣਿ ਹਮ ਆਇਆ ॥ ਗੁਰ ਹਰਿ ਭੇਟੇ, ਪੁਰਬਿ ਕਮਾਇਆ ॥੫॥ ਗੁਰ ਸਰਣਿ ਨ ਆਈਐ, ਬ੍ਰਹਮੁ ਨ ਪਾਈਐ ॥ ਭਰਮਿ ਭੁਲਾਈਐ, ਜਨਮਿ ਮਰਿ ਆਈਐ ॥ ਜਮ ਦਰਿ ਬਾਧਉ ,ਮਰੈ ਬਿਕਾਰੁ ॥ ਨਾ ਰਿਦੈ ਨਾਮੁ ,ਨ ਸਬਦੁ ਅਚਾਰੁ ॥੬॥ ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ, ਮਹਲੁ ਨ ਪਾਵਹਿ ॥ (ਹੇ ਪੰਡਤ! ਜੇ ਜੋਤਿਸ਼ ਵਿਦਿਆ ਦੀ) ਗਿਣਤੀ ਗਿਣਦੇ ਰਹੀਏ, ਤਾਂ ਜਿੰਦ ਲਈ ਸੰਸਿਆਂ ਦਾ ਦੁਖ ਬਣਿਆ ਰਹਿੰਦਾ ਹੈ। (ਜੋ ਮਨੁੱਖ) ਗੁਰੂ ਦੀ ਸ਼ਰਣ ਵਿਚ ਪੈਂਦਾ ਹੈ, (ਉਸ ਨੂੰ) ਸੁਖ ਪ੍ਰਾਪਤ ਹੁੰਦਾ ਹੈ। (ਇਉਂ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ! ਅਨੇਕਾਂ ਜਨਮਾਂ ਵਿਚ) ਮੈਂ ਪਾਪ ਕਰਕੇ ਤੇਰੀ ਸ਼ਰਣ ਵਿਚ ਆਇਆ ਹਾਂ। (ਪਰ) ਪੂਰਬਲੇ ਕੀਤੇ ਕਰਮਾਂ ਦੇ ਫਲ ਅਨੁਸਾਰ ਹਰੀ ਸਰੂਪ ਗੁਰੂ ਮਿਲਦਾ ਹੈ।੫। ਜੇ ਗੁਰ ਦੀ ਸ਼ਰਣ ਵਿਚ ਨਾ ਆਈਏ, ਤਾਂ ਬ੍ਰਹਮ ਨੂੰ ਨਹੀਂ ਪਾਇਆ ਜਾ ਸਕਦਾ। (ਗੁਰੂ ਤੋਂ ਬੇਮੁਖ ਹੋ ਕੇ) ਭਰਮ ਵਿਚ ਪੈ ਕੇ ਭੁੱਲੇ ਰਹੀਦਾ ਹੈ, (ਜਿਸ ਕਰਕੇ) ਜਨਮ ਮਰਨ ਵਿਚ ਆਉਂਦੇ ਰਹੀਦਾ ਹੈ। (ਗੁਰੂ ਤੋਂ ਬੇਮੁਖ ਜੀਵ) ਜਮ ਦੇ ਦਰ ਤੇ ਬੱਧਾ ਬਿਅਰਥ ਮਰਦਾ ਹੈ। (ਕਿਉਂਕਿ ਉਸ ਦੇ) ਹਿਰਦੇ ਵਿਚ ਨਾ ਨਾਮ ਹੈ, ਨਾ ਗੁਰੂ ਦਾ ਸ਼ਬਦ ਹੈ ਅਤੇ ਨਾ ਹੀ (ਉਸ ਦੀ) ਚੰਗੀ ਰਹਿਣੀ ਬਹਿਣੀ ਹੁੰਦੀ ਹੈ।੬। (ਹੇ ਭਾਈ!) ਕਈ ਅਪਣੇ ਆਪ ਨੂੰ ਪਾਂਧੇ, ਪੰਡਤ ਤੇ ਮਿਸਰ ਕਹਾਉਂਦੇ ਹਨ। (ਪਰ ਉਹ) ਦੁਬਿਧਾ ਵਿਚ ਰੰਗੇ ਹੋਏ ਹੋਣ ਕਰਕੇ ਪ੍ਰਭੂ ਦੇ ਸਰੂਪ ਨੂੰ ਨਹੀਂ ਪਾ ਸਕਦੇ।

ਅੰਗ ੯੦੫ = ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ, ਕੋ ਜਨੁ ਆਪਾਰੁ ॥੭॥ ਏਕੁ ਬੁਰਾ ਭਲਾ, ਸਚੁ ਏਕੈ ॥ ਬੂਝੁ ਗਿਆਨੀ, ਸਤਗੁਰ ਕੀ ਟੇਕੈ ॥ ਗੁਰਮੁਖਿ ਵਿਰਲੀ ਏਕੋ ਜਾਣਿਆ ॥ ਆਵਣੁ ਜਾਣਾ ਮੇਟਿ, ਸਮਾਣਿਆ ॥੮॥ ਜਿਨ ਕੈ ਹਿਰਦੈ ਏਕੰਕਾਰੁ ॥ ਸਰਬ ਗੁਣੀ ਸਾਚਾ ਬੀਚਾਰੁ ॥ ਗੁਰ ਕੈ ਭਾਣੈ, ਕਰਮ ਕਮਾਵੈ ॥ ਨਾਨਕ, ਸਾਚੇ ਸਾਚਿ ਸਮਾਵੈ ॥੯॥੪॥ ਜਿਸ ਮਨੁੱਖ ਦਾ ਆਸਰਾ ਗੁਰੂ ਦੀ ਕ੍ਰਿਪਾ ਨਾਲ ਹਰੀ ਦਾ ਨਾਮ ਬਣ ਗਿਆ ਹੈ। (ਉਹ) ਕ੍ਰੋੜਾਂ ਵਿਚੋਂ ਕੋਈ ਵਿਰਲਾ ਅਦੁਤੀ ਮਨੁੱਖ ਹੈ।੭। ਇਕ ਮਨੁੱਖ ਬੁਰਾ ਹੈ, ਇਕ ਚੰਗਾ ਹੈ,(ਪਰ) ਸੱਚਾ ਪ੍ਰਭੂ (ਸਾਰੇ ਜੀਵਾਂ ਵਿਚ) ਵਰਤ ਰਿਹਾ ਹੈ। ਹੇ ਗਿਆਨਵਾਨ ਪੁਰਸ਼! (ਇਸ ਗੱਲ ਨੂੰ) ਸਤਿਗੁਰੂ ਦੇ ਆਸਰੇ ਸਮਝ। ਗੁਰੂ ਦੇ ਰਾਹੀਂ ਜਿਸ ਵਿਰਲੇ ਮਨੁੱਖਾਂ ਨੇ (ਸਾਰੇ ਜੀਵਾਂ ਵਿਚ) ਇਕੋ ਪ੍ਰਭੂ ਵਸਦਾ ਜਾਣਿਆ ਹੈ। (ਉਹ ਸੰਸਾਰ ਵਿਚ ਅਪਣਾ) ਆਉਣਾ ਜਾਣਾ ਮਿਟਾ ਕੇ (ਪ੍ਰਭੂ ਵਿਚ) ਮਿਲ ਗਏ ਹਨ।੮। (ਹੇ ਭਾਈ!) ਜਿਨ੍ਹਾਂ ਪੁਰਖਾਂ ਦੇ ਹਿਰਦੇ ਵਿਚ ਇਕ ਪ੍ਰਭੂ ਵਸਦਾ ਹੈ। ਉਹ ਸਾਰੇ ਗੁਣਾਂ ਵਾਲੇ (ਗੁਣੀ ਪੁਰਖ) ਹਨ ਅਤੇ (ਉਨ੍ਹਾਂ ਦਾ) ਵਿਚਾਰ ਵੀ ਸੱਚਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਹੜਾ ਮਨੁੱਖ ਸ਼ੁੱਭ ਅਸ਼ੁੱਭ ਮਹੂਰਤ ਦਾ ਭਰਮ ਛਡ ਕੇ) ਗੁਰੂ ਦੇ ਭਾਣੇ ਅਨੁਸਾਰ ਕੰਮ ਕਰਦਾ ਹੈ। (ਉਹ) ਸੱਚੇ ਨਾਮ ਦੁਆਰਾ ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ।੯।੪।

ਪਦਾਰਥ = ਗਣਤ-ਗਿਣਤੀ। ਗਣੀਐ-ਗਿਣਦੇ ਰਹੀਏ। ਸਹਸਾ-ਸੰਸਾ। ਜੀਐ-ਜਿੰਦ ਨੂੰ। ਪਵੈ-ਪੈਂਦਾ ਹੈ। ਥੀਐ-ਹੁੰਦਾ ਹੈ। ਕਰਿ ਅਪਰਾਧ-ਪਾਪ ਕਰਕੇ। ਹਮ-ਮੈਂ। ਭੇਟੇ-ਮਿਲਦਾ ਹੈ। ਪੁਰਬਿ ਕਮਾਇਆ-ਪੂਰਬਲੇ ਕੀਤੇ ਕਰਮਾਂ ਦੇ ਫਲ ਅਨੁਸਾਰ।੫। ਭਰਮਿ-ਭਰਮ ਵਿਚ। ਭੁਲਾਈਐ-ਭੁੱਲੇ ਰਹੀਦਾ ਹੈ। ਜਨਮਿ ਮਰਿ-ਜਨਮ ਮਰਨ ਵਿਚ। ਦਰਿ-ਦਰ ਉਤੇ। ਬਾਧਉ-ਬੰਨ੍ਹਿਆ ਹੋਇਆ। ਮਰੈ-ਮਰਦਾ ਹੈ। ਬਿਕਾਰੁ-ਬਿਅਰਥ। ਰਿਦੈ-ਹਿਰਦੇ ਵਿਚ। ਅਚਾਰੁ-ਰਹਿਣੀ ਬਹਿਣੀ; ਆਚਰਨ।੬। ਇਕਿ-ਕਈ (ਮਨੁੱਖ)। ਪਾਧੇ-ਬੱਚਿਆਂ ਨੂੰ ਵਿਦਿਆ ਪੜ੍ਹਾਉਣ ਵਾਲਾ ਪੰਡਤ। ਪੰਡਿਤ-ਬੇਦ ਸ਼ਾਸਤ੍ਰ ਪੜ੍ਹਿਆ ਵਿਦਵਾਨ ਪੰਡਤ। ਮਿਸਰ-ਬ੍ਰਾਹਮਣ ਲਈ ਸਤਿਕਾਰ ਵਾਲਾ ਸ਼ਬਦ। ਰਾਤੇ-ਰੰਗੇ ਹੋਏ। ਅਧਾਰੁ-ਆਸਰਾ। ਕੋਟਿ ਮਧੇ-ਕ੍ਰੋੜਾਂ ਵਿਚੋਂ। ਕੋ ਜਨੁ-ਕੋਈ ਵਿਰਲਾ ਮਨੁੱਖ। ਆਪਾਰੁ-ਅਦੁਤੀ (ਜਿਸ ਵਰਗਾ ਕੋਈ ਹੋਰ ਨਹੀਂ)।੭। ਸਚੁ ਏਕੈ-ਇਕ ਸੱਚਾ ਪ੍ਰਭੂ। ਬੂਝੁ-ਸਮਝ ਲੈ। ਗਿਆਨੀ-ਹੇ ਗਿਆਨਵਾਨ ਪੁਰਸ਼!। ਟੇਕੈ-ਆਸਰੇ ਨਾਲ। ਗੁਰਮੁਖਿ-ਗੁਰੂ ਰਾਹੀਂ। ਵਿਰਲੀ-ਵਿਰਲੇ ਮਨੁੱਖਾਂ ਨੇ। ਆਵਣੁ ਜਾਣਾ-ਆਵਾਗਵਨ। ਮੇਟਿ-ਮਿਟਾ ਕੇ। ਸਮਾਣਿਆ-ਸਮਾ ਗਏ ਹਨ।੮। ਹਿਰਦੈ-ਹਿਰਦੇ ਵਿਚ। ਏਕੰਕਾਰੁ-ਇਕ ਅਦੁਤੀ ਪ੍ਰਮਾਤਮਾ। ਸਰਬ ਗੁਣੀ-ਸਾਰੇ ਗੁਣਾਂ ਵਾਲੇ। ਭਾਣੈ-ਭਾਣੇ ਅਨੁਸਾਰ। ਕਰਮ ਕਮਾਵੈ-ਕੰਮ ਕਰਦਾ ਹੈ। ਸਾਚੇ-ਸੱਚੇ ਨਾਮ ਰਾਹੀਂ। ਸਾਚਿ ਸਮਾਵੈ-ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ।੯।੪।

ਰਾਮਕਲੀ ਮਹਲਾ ੧ ॥ ਹਠੁ ਨਿਗ੍ਰਹੁ ਕਰਿ, ਕਾਇਆ ਛੀਜੈ ॥ ਵਰਤੁ ਤਪਨੁ ਕਰਿ, ਮਨੁ ਨਹੀ ਭੀਜੈ ॥ ਰਾਮ ਨਾਮ ਸਰਿ, ਅਵਰੁ ਨ ਪੂਜੈ ॥੧॥ ਗੁਰੁ ਸੇਵਿ ਮਨਾ, ਹਰਿ ਜਨ ਸੰਗੁ ਕੀਜੈ ॥ ਜਮੁ ਜੰਦਾਰੁ ਜੋਹਿ ਨਹੀ ਸਾਕੈ, ਸਰਪਨਿ ਡਸਿ ਨ ਸਕੈ, ਹਰਿ ਕਾ

ਰਸੁ ਪੀਜੈ ॥੧॥ਰਹਾਉ॥ ਵਾਦੁ ਪੜੈ, ਰਾਗੀ ਜਗੁ ਭੀਜੈ ॥ ਤ੍ਰੈ ਗੁਣ ਬਿਖਿਆ, ਜਨਮਿ ਮਰੀਜੈ ॥ ਰਾਮ ਨਾਮ ਬਿਨੁ ,ਦੂਖੁ ਸਹੀਜੈ ॥੨॥ ਚਾੜਸਿ ਪਵਨੁ ,ਸਿੰਘਾਸਨੁ ਭੀਜੈ ॥ ਨਿਉਲੀ ਕਰਮ ਖਟੁ ਕਰਮ ਕਰੀਜੈ ॥ ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ ॥੩॥ ਅੰਤਰਿ ਪੰਚ ਅਗਨਿ, ਕਿਉ ਧੀਰਜੁ ਧੀਜੈ ॥ ਅੰਤਰਿ ਚੋਰੁ ,ਕਿਉ ਸਾਦੁ ਲਹੀਜੈ ॥ ਗੁਰਮੁਖਿ ਹੋਇ, ਕਾਇਆ ਗੜੁ ਲੀਜੈ ॥੪॥ (ਹੇ ਜੋਗੀ!) ਹਠ ਯੋਗ ਕ੍ਰਿਆ ਨਾਲ ਅਤੇ (ਲੋਕ ਲਾਜ ਦੇ ਡਰ ਨਾਲ) ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕਣ ਦਾ ਜਤਨ ਕਰਨ ਨਾਲ ਸਰੀਰ ਕਮਜੋਰ ਹੁੰਦਾ ਹੈ। ਵਰਤ ਰੱਖਣ ਨਾਲ, ਤਪ ਕਰਨ ਨਾਲ ਮਨ ਖੁਸ਼ ਨਹੀਂ ਹੁੰਦਾ। ਰਾਮ ਨਾਮ ਦੇ ਬਰਾਬਰ ਹੋਰ ਕੋਈ ਸਾਧਨ ਨਹੀਂ ਪਹੁੰਚ ਸਕਦਾ।੧। (ਮਨ ਨੂੰ ਸਿੱਖਿਆ ਦਿਓ ਕਿ) ਹੇ ਮਨਾ! ਗੁਰੂ ਦੀ ਸੇਵਾ ਕਰ ਅਤੇ ਹਰੀ ਦੇ ਸੇਵਕਾਂ ਦੀ ਸੰਗਤ ਕਰ। ਤੂੰ ਹਰੀ ਦਾ ਨਾਮ ਰਸ ਪੀਂਦਾ ਰਹੁ ,(ਫਿਰ ਤੇਰੇ ਵੱਲ) ਜਮ ਜਲਾਦ ਦੇਖ ਨਹੀਂ ਸਕੇਗਾ ਅਤੇ ਮਾਇਆ ਰੂਪ ਸੱਪਣੀ ਵੀ (ਤੈਨੂੰ) ਡੰਗ ਨਹੀਂ ਮਾਰ ਸਕੇਗੀ।੧। ਰਹਾਉ। (ਹੇ ਜੋਗੀ!) ਜਗਤ ਧਾਰਮਕ ਬਹਿਸ ਕਰਨ ਵਾਸਤੇ ਗ੍ਰੰਥ ਪੜ੍ਹਦਾ ਹੈ ਅਤੇ ਜਗਤ ਰਾਗ ਨਾਦ ਵਿਚ ਭਿੱਜਦਾ ਹੈ (ਮਨ ਪ੍ਰਚਾਉਂਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਜਗਤ) ਤਿੰਨ ਗੁਣਾਂ ਵਾਲੀ ਮਾਇਆ ਵਿਚ ਫਸ ਕੇ ਜੰਮਦਾ ਮਰਦਾ ਰਹਿੰਦਾ ਹੈ। ਰਾਮ ਨਾਮ ਤੋਂ ਬਿਨਾ (ਜਗਤ) ਦੁਖ ਸਹਾਰਦਾ ਹੈ।੨। (ਜੋਗੀ ਦਸਮ ਦੁਆਰ ਵਿਚ) ਸੁਆਸ ਚਾੜ੍ਹਦਾ ਹੈ ਅਤੇ (ਹਠ ਯੋਗ ਕਰਕੇ ਪਸੀਨੇ ਨਾਲ ਉਸ ਦਾ) ਸਿੰਘਾਸਨ ਭਿੱਜ ਜਾਂਦਾ ਹੈ। (ਪੇਟ ਦੇ ਅੰਦਰੋਂ ਆਦਰਾਂ ਸਾਫ ਰੱਖਣ ਲਈ ਜੋਗੀ) ਨਿਉਲੀ ਕਰਮ ਅਤੇ ਹਠ ਯੋਗ ਦੇ (ਹੋਰ) ਛੇ ਕਰਮ ਕਰਦਾ ਹੈ। (ਪਰ) ਰਾਮ ਦੇ ਨਾਮ ਸਿਮਰਨ ਤੋਂ ਬਿਨਾ (ਉਹ) ਬਿਰਥਾ ਸੁਆਸ ਲੈਂਦਾ ਹੈ।੩। (ਜਦੋਂ ਜੋਗੀ ਦੇ) ਅੰਦਰ ਪੰਜ ਕਾਮਾਦਿਕਾਂ ਦੀ ਅੱਗ ਹੈ, (ਤਾਂ ਉਹ) ਧੀਰਜ ਕਿਵੇਂ ਧਰ ਸਕਦਾ ਹੈ? (ਜਦ ਤਕ ਉਸ ਦੇ) ਅੰਦਰ ਵਿਕਾਰ ਰੂਪ ਚੋਰ ਮੌਜੂਦ ਹੈ, (ਤਾਂ ਉਹ) ਆਤਮ ਰਸ ਦਾ ਸੁਆਦ ਕਿਵੇਂ ਪ੍ਰਾਪਤ ਕਰ ਸਕਦਾ ਹੈ? (ਜੇ ਉਹ) ਗੁਰਮੁਖ ਹੋ ਜਾਵੇ, (ਤਾਂ ਗੁਰੂ ਦੀ ਕ੍ਰਿਪਾ ਨਾਲ ਉਹ) ਸਰੀਰ ਰੂਪ ਕਿਲ੍ਹੇ ਨੂੰ ਜਿੱਤ ਲੈਂਦਾ ਹੈ।੪।

ਪਦਾਰਥ = ਹਠੁ–ਹਠ ਯੋਗ। ਨਿਗ੍ਰਹੁ ਕਰਿ–ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕਣ ਦਾ ਜਤਨ ਕਰਨ ਨਾਲ। ਕਾਇਆ–ਸਰੀਰ। ਛੀਜੈ–ਕਮਜੋਰ ਹੁੰਦਾ ਹੈ। ਤਪਨੁ ਕਰਿ–ਤਪ ਕਰਨ ਨਾਲ। ਭੀਜੈ–ਰਸਦਾਇਕ ਨਹੀਂ ਹੁੰਦਾ; ਖੁਸ਼ ਨਹੀਂ ਹੁੰਦਾ। ਸਰਿ–ਬਰਾਬਰ। ਅਵਰੁ–ਹੋਰ ਕੋਈ। ਨ ਪੂਜੈ–ਨਹੀਂ ਪਹੁੰਚਦਾ।੧। ਸੇਵਿ–ਸੇਵਾ ਕਰ। ਮਨਾ–ਹੇ ਮਨ! । ਜਨ–ਸੇਵਕਾਂ ਦੀ। ਸੰਗੁ–ਸੰਗਤ। ਜੰਦਾਰੁ–ਜਲਾਦ। ਜੋਹਿ ਨਹੀ ਸਾਕੈ–ਦੇਖ ਨਹੀਂ ਸਕਦਾ। ਸਰਪਨਿ–ਮਾਇਆ ਸੱਪਣੀ। ਡਸਿ ਨ ਸਾਕੈ–ਡੰਗ ਨਹੀਂ ਮਾਰ ਸਕੇਗੀ। ਪੀਜੈ–ਪੀਂਦਾ ਰਹੁ।੧। ਰਹਾਉ। ਵਾਦੁ–ਧਾਰਮਕ ਬਹਿਸ। ਰਾਗੀ–ਰਾਗ ਨਾਦ ਵਿਚ। ਜਗੁ–ਜਗਤ। ਭੀਜੈ–ਪ੍ਰਸੰਨ ਹੁੰਦਾ ਹੈ। ਤ੍ਰੈ ਗੁਣ ਬਿਖਿਆ–ਤਿੰਨ ਗੁਣਾਂ ਵਾਲੀ ਮਾਇਆ। ਸਹੀਜੈ–ਸਹਾਰਦਾ ਹੈ।੨। ਚਾੜਸਿ–ਚਾੜ੍ਹਦਾ ਹੈ। ਪਵਨੁ–ਸੁਆਸ। ਸਿੰਘਾਸਨਿ–ਜੋਗੀ ਦਾ ਆਸਣ। ਭੀਜੈ–ਭਿੱਜ ਜਾਂਦਾ ਹੈ (ਪਸੀਨੇ ਨਾਲ)। ਬਿਰਥਾ–ਬਿਅਰਥ।੩। ਅੰਤਰਿ–ਸਰੀਰ ਦੇ ਅੰਦਰ। ਪੰਚ ਅਗਨਿ–ਕਾਮਾਦਿਕ ਪੰਜ ਵਿਕਾਰਾਂ ਦੀ ਅੱਗ। ਧੀਜੈ–ਧਾਰ ਸਕਦਾ ਹੈ। ਸਾਦੁ–ਸੁਆਦ। ਲਹੀਜੈ–ਪ੍ਰਾਪਤ ਕਰ ਸਕਦਾ ਹੈ। ਗੜੁ–ਕਿਲ੍ਹਾ।੪।

ਨਿਉਲੀ ਕਰਮ = ਜੋਗੀ ਲੋਕ ਸਿੱਧੇ ਬੈਠ ਕੇ ਮੋਢੇ ਨੀਵੇਂ ਕਰਕੇ ਪੇਟ ਨੂੰ ਸਜਿਓਂ ਖੱਬੇ ਅਤੇ ਖਬਿਓਂ ਸੱਜੇ ਪਾਸੇ ਨੂੰ ਭੁਆਉਂਦੇ ਹਨ, ਜਿਸ ਨਾਲ ਅੰਦਰੋਂ ਆਂਦਰਾਂ ਸਾਫ ਹੋ ਜਾਂਦੀ ਹਨ, ਇਸ ਨੂੰ ਨਿਉਲੀ ਕਰਮ ਕਹਿੰਦੇ ਹਨ।

ਖਟ ਕਰਮ = ੧. ਧੋਤੀ (ਕਪੜੇ ਦੀ ਪੱਟੀ ਅੰਦਰ ਨਿਗਲ ਕੇ ਬਾਹਰ ਕਢਣੀ)।੨. ਨੇਤੀ (ਸੂਤ ਦੀ ਡੋਰੀ ਨੱਕ ਰਾਹੀਂ ਚੜ੍ਹਾ ਕੇ ਮੂੰਹ ਰਾਹੀਂ ਕਢਣੀ, ਇਸ ਨਾਲ ਨੱਕ ਤੇ ਕੰਠ ਦੀ ਸਫਾਈ ਹੁੰਦੀ ਹੈ)।੩. ਨਿਉਲੀ (ਉਪਰ ਆ ਚੁੱਕਾ ਹੈ)।੪. ਵਸਤੀ (ਬਾਂਸ ਦੀ ਪੋਰੀ ਗੁਦਾ ਵਿਚ ਰੱਖ ਕੇ ਸੁਆਸਾਂ ਦੇ ਜੋਰ ਨਾਲ ਉਸ ਰਾਹੀਂ ਪਾਣੀ ਚੜ੍ਹਾ ਕੇ ਅੰਤੜੀ ਸਾਫ ਕਰਨੀ)।੫. ਤ੍ਰਾਟਕ (ਅੱਖਾਂ ਦੀ ਨਜਰ ਕਿਸੇ ਖਾਸ ਚਿੰਨ੍ਹ ਉਤੇ ਟਕਾ ਕੇ ਰੱਖਣੀ)।੬. ਕਪਾਲ ਭਾਤੀ (ਲੁਹਾਰ ਦੀ ਧੌਂਕਣੀ ਵਾਂਗ ਸੁਆਸ ਚਾੜ੍ਹਨੇ ਤੇ ਉਤਾਰਨੇ।

ਅੰਤਰਿ ਮੈਲੁ ਤੀਰਥ ਭਰਮੀਜੈ ॥ ਮਨੁ ਨਹੀ ਸੂਚਾ, ਕਿਆ ਸੋਚ ਕਰੀਜੈ ॥ ਕਿਰਤੁ ਪਇਆ, ਦੋਸੁ ਕਾ ਕਉ ਦੀਜੈ ॥੫॥ ਅੰਨੁ ਨ ਖਾਹਿ, ਦੇਹੀ ਦੁਖੁ ਦੀਜੈ ॥ ਬਿਨੁ ਗੁਰ ਗਿਆਨ, ਤ੍ਰਿਪਤਿ ਨਹੀ ਥੀਜੈ ॥ ਮਨਮੁਖਿ ਜਨਮੈ ਜਨਮਿ ਮਰੀਜੈ ॥੬॥ ਸਤਿਗੁਰ ਪੂਛਿ, ਸੰਗਤਿ ਜਨ ਕੀਜੈ ॥ ਮਨੁ ਹਰਿ ਰਾਚੈ, ਨਹੀ ਜਨਮਿ ਮਰੀਜੈ ॥ ਰਾਮ ਨਾਮ ਬਿਨੁ ,ਕਿਆ ਕਰਮੁ ਕੀਜੈ ॥੭॥ ਊਂਦਰ ਦੂੰਦਰ, ਪਾਸਿ ਧਰੀਜੈ ॥ ਧੁਰ ਕੀ ਸੇਵਾ, ਰਾਮੁ ਰਵੀਜੈ ॥ ਨਾਨਕ ਨਾਮੁ ਮਿਲੈ, ਕਿਰਪਾ ਪ੍ਰਭ ਕੀਜੈ ॥੮॥੫॥ (ਹੇ ਭਾਈ! ਜੇ ਮਨੁੱਖ ਦੇ ਮਨ) ਅੰਦਰ ਵਿਸ਼ੇ ਵਿਕਾਰਾਂ ਦੀ ਮੈਲ ਹੈ, ਤਾਂ ਤੀਰਥਾਂ ਉਤੇ ਭਰਮਦੇ ਫਿਰੀਏ। (ਜੇ ਤੀਰਥ ਇਸ਼ਨਾਨ ਕਰਨ ਨਾਲ) ਮਨ ਸੁੱਚਾ ਨਹੀਂ ਹੋਇਆ, ਤਾਂ ਬਾਹਰਲੀ ਸੁੱਚਮਤਾਈ ਕਰਦੇ ਫਿਰੀਏ, (ਇਸ ਦਾ ਕੀ ਲਾਭ)? ਜੇ ਪਿਛਲੇ ਕੀਤੇ ਕਰਮਾਂ ਦਾ

ਸੰਸਕਾਰ ਹੀ ਅਜੇਹਾ ਪਿਆ ਹੋਇਆ ਹੈ, ਤਾਂ ਕਿਸ ਨੂੰ ਦੋਸ਼ ਦੇਈਏ?।੫।(ਜਿਹੜੇ ਮਨੁੱਖ) ਅੰਨ ਨਹੀਂ ਖਾਂਦੇ, (ਉਹ) ਸਰੀਰ ਨੂੰ ਦੁਖ ਦੇਂਦੇ ਹਨ।ਗੁਰੂ ਦੇ ਗਿਆਨ ਤੋਂ ਬਿਨਾ ਮਨ ਤ੍ਰਿਪਤ ਨਹੀਂ ਹੁੰਦਾ।(ਅਜੇਹਾ) ਮਨਮੁਖ ਜਨਮ ਲੈਂਦਾ ਹੈ, ਜਨਮ ਲੈ ਕੇ (ਬਿਅਰਥ ਹੀ) ਮਰ ਜਾਂਦਾ ਹੈ।੬।(ਹੇ ਭਾਈ!) ਸਤਿਗੁਰੂ ਨੂੰ ਪੁਛ (ਸਿੱਖਿਆ ਲੈ) ਕੇ ਸੰਤ ਜਨਾਂ ਦੀ ਸੰਗਤ ਕਰਨੀ ਚਾਹੀਦੀ ਹੈ।(ਸੰਤਾਂ ਦੀ ਸੰਗਤ ਵਿਚ) ਮਨ ਹਰੀ ਵਿਚ ਲੀਨ ਹੋ ਜਾਂਦਾ ਹੈ, (ਫਿਰ ਮਨੁੱਖ ਮੁੜ ਕੇ) ਜੰਮਦਾ ਮਰਦਾ ਨਹੀਂ।ਰਾਮ ਨਾਮ ਸਿਮਰਨ ਤੋਂ ਬਿਨਾ (ਹੋਰ) ਕੀ ਕਰਮ ਕਰੀਏ? (ਉਸ ਦਾ ਕੋਈ ਲਾਭ ਨਹੀਂ)।੭।ਉਦਰ ਵਿਖੇ ਸ਼ੋਰ ਮਚਾਉਣ ਵਾਲੇ ਰਾਗ ਦ੍ਵੈਖ ਇਕ ਪਾਸੇ ਧਰ ਦੇਣੇ ਚਾਹੀਦੇ ਹਨ; ਚੂਹੇ ਵਾਕਰ ਉਦਰ ਅੰਦਰੋਂ ਸ਼ੋਰ ਮਚਾਉਣ ਵਾਲੇ ਸੰਕਲਪ ਵਿਕਲਪ ਦੂਰ ਕਰੋ।ਤਾਂ ਕਿ ਮਨ ਟਿਕਾਉ ਵਾਲਾ ਹੋ ਕੇ ਆਦਿ ਰੂਪ ਪ੍ਰਭੂ ਦੀ ਨਾਮ ਸਿਮਰਨ ਦੀ ਸੇਵਾ ਕਰ ਸਕੇ।ਨਾਨਕ ਗੁਰੂ ਜੀ ਆਖਦੇ ਹਨ ਕਿ (ਮਨੁੱਖ ਨੂੰ ਇਉਂ ਅਰਦਾਸ ਕਰਨੀ ਚਾਹੀਦੀ ਹੈ ਕਿ) ਹੇ ਪ੍ਰਭੂ! ਕ੍ਰਿਪਾ ਕਰ, (ਮੈਨੂੰ ਤੇਰਾ) ਨਾਮ ਮਿਲ ਜਾਵੇ।੮।੫।

ਪਦਾਰਥ = ਭਰਮੀਜੈ–ਭਰਮਦੇ ਫਿਰੀਏ।ਸੋਚ–ਪਵਿਤ੍ਰਤਾ; ਸਫਾਈ।ਸੂਚਾ–ਸੁੱਚਾ।ਕਿਰਤੁ ਪਇਆ–ਪਿਛਲੇ ਕੀਤੇ ਕਰਮਾਂ ਦਾ ਪਿਆ ਸੰਸਕਾਰ।ਕਾ ਕਉ–ਕਿਸ ਨੂੰ।ਦੀਜੈ–ਦੇਈਏ।੫।ਨ ਖਾਹਿ–ਨਹੀਂ ਖਾਂਦੇ।ਦੇਹੀ–ਸਰੀਰ ਨੂੰ।ਤ੍ਰਿਪਤਿ–ਰੱਜ; ਸੰਤੋਖ।ਨਹੀ ਥੀਜੈ–ਨਹੀਂ ਹੁੰਦਾ।੬।ਪੂਛਿ–ਪੁੱਛ ਕੇ।ਜਨ–ਸੰਤ ਜਨਾਂ ਦੀ।ਰਾਚੈ–ਰਚ (ਲੀਨ ਹੋ) ਜਾਂਦਾ ਹੈ।ਕਰਮੁ–ਹਠ ਕਰਮ।੭।ਊਂਦਰ–ਚੂਹਾ।ਦੂੰਦਰ–ਦੁੰਦ (ਸ਼ੋਰ ਮਚਾਓਣ ਵਾਲੇ ਵਿਕਾਰ ਅਤੇ ਬੁਰੇ ਖਿਆਲ)।ਪਾਸਿ ਧਰੀਜੈ–ਇਕ ਪਾਸੇ ਰੱਖ ਦੇਣੇ ਚਾਹੀਦੇ ਹਨ।ਧੁਰ ਕੀ–ਆਦਿ ਰੂਪ ਪ੍ਰਭੂ ਦੀ।ਰਵੀਜੈ–ਸਿਮਰਨ ਕਰ ਸਕੀਏ।੮।੫।

ਸਾਰੰਸ਼ = ਜੋਗ ਅਭਿਆਸ ਆਦਿ ਤਰ੍ਹਾਂ ਤਰ੍ਹਾਂ ਦੇ ਸਾਧਨ, ਜੋ ਕੇਵਲ ਸਰੀਰ ਨੂੰ ਮੋੜਦੇ ਤੋੜਦੇ ਹਨ ਤੇ ਮਨ ਤਕ ਨਹੀਂ ਪਹੁੰਚਦੇ, ਕਿਸੇ ਕੰਮ ਦੇ ਨਹੀਂ।ਇਹ ਕਰਮ ਸਰੀਰ ਨੂੰ ਦੁਖ ਦੇ ਕੇ ਨਕਾਰਾ ਕਰ ਦੇਂਦੇ ਹਨ।ਇਨ੍ਹਾਂ ਦੀ ਥਾਂ ਹਰੀ ਦਾ ਸਿਮਰਨ ਕਰਨਾ ਚਾਹੀਦਾ ਹੈ, ਜਿਸ ਨਾਲ ਮਨ ਸ਼ੁੱਧ ਹੋ ਕੇ ਜਨਮ ਮਰਨ ਕੱਟ ਹੋ ਜਾਂਦਾ ਹੈ ਅਤੇ ਪਰਮ ਸੁਖ ਮਿਲਦਾ ਹੈ (ਸ਼ਬਦਾਰਥ)।

ਰਾਮਕਲੀ ਮਹਲਾ ੧ ॥ ਅੰਤਰਿ ਉਤਭੁਜੁ ,ਅਵਰੁ ਨ ਕੋਈ ॥ ਜੋ ਕਹੀਐ, ਸੋ ਪ੍ਰਭ ਤੇ ਹੋਈ ॥ ਜੁਗਹ ਜੁਗੰਤਰਿ, ਸਾਹਿਬੁ ਸਚੁ ਸੋਈ ॥ ਉਤਪਤਿ ਪਰਲਉ ,ਅਵਰੁ ਨ ਕੋਈ ॥੧॥ ਐਸਾ ਮੇਰਾ ਠਾਕੁਰੁ ਗਹਿਰ ਗੰਭੀਰੁ ॥ ਜਿਨਿ ਜਪਿਆ ਤਿਨ ਹੀ ਸੁਖੁ ਪਾਇਆ ,ਹਰਿ ਕੈ ਨਾਮਿ ਨ ਲਗੈ ਜਮ ਤੀਰੁ ॥੧॥ਰਹਾਉ॥ ਨਾਮੁ ਰਤਨੁ ਹੀਰਾ ਨਿਰਮੋਲੁ ॥ ਸਾਚਾ ਸਾਹਿਬੁ ਅਮਰੁ ਅਤੋਲੁ ॥ ਜਿਹਵਾ ਸੂਚੀ ਸਾਚਾ ਬੋਲੁ ॥ ਘਰਿ ਦਰਿ ਸਾਚਾ, ਨਾਹੀ ਰੋਲੁ ॥੨॥ ਇਕਿ ਬਨ ਮਹਿ ਬੈਸਹਿ, ਡੂਗਰਿ ਅਸਥਾਨੁ ॥ ਨਾਮੁ ਬਿਸਾਰਿ ਪਚਹਿ ਅਭਿਮਾਨੁ ॥ ਨਾਮ ਬਿਨਾ, ਕਿਆ ਗਿਆਨ ਧਿਆਨੁ ॥ ਗੁਰਮੁਖਿ ਪਾਵਹਿ ਦਰਗਹਿ ਮਾਨੁ ॥੩॥ ਹਠੁ ਅਹੰਕਾਰੁ ਕਰੈ, ਨਹੀ ਪਾਵੈ ॥ ਪਾਠ ਪੜੈ, ਲੇ ਲੋਕ ਸੁਣਾਵੈ ॥ ਉਤਭੁਜ ਖਾਣੀ ਆਦਿ (ਸ੍ਰਿਸਟੀ ਦੀ ਉਤਪਤੀ) ਦੀ ਸ਼ਕਤੀ ਪ੍ਰਭੂ ਦੇ ਅੰਦਰ ਹੀ ਹੈ, (ਉਤਪਤੀ ਕਰਨ ਵਾਲਾ ਉਸ ਤੋਂ ਬਿਨਾ) ਹੋਰ ਕੋਈ ਨਹੀਂ।ਜੋ ਕੁਛ ਵੀ (ਸ੍ਰਿਸਟੀ ਵਿਚ) ਕਹੀਦਾ ਹੈ, ਉਹ (ਸਭ ਕੁਛ) ਪ੍ਰਭੂ ਤੋਂ ਹੀ ਪੈਦਾ ਹੋਇਆ ਹੈ।ਜੁਗਾਂ ਜੁਗਾਂ ਦੇ ਅੰਦਰ ਉਹ ਹੀ ਸਚਾ ਮਾਲਕ ਚਲਿਆ ਆ ਰਿਹਾ ਹੈ।ਸ੍ਰਿਸਟੀ ਨੂੰ ਪੈਦਾ ਕਰਨ ਵਾਲਾ ਅਤੇ ਨਾਸ਼ ਕਰਨ ਵਾਲਾ (ਪ੍ਰਭੂ ਤੋਂ ਬਿਨਾ) ਹੋਰ ਕੋਈ ਨਹੀਂ।੧।ਐਸਾ ਹੈ ਮੇਰਾ ਮਾਲਕ, ਹੋ ਬਹੁਤ ਡੂੰਘਾ ਤੇ ਅਥਾਹ ਹੈ।ਜਿਸ ਮਨੁੱਖ ਨੇ ਹਰੀ ਦਾ ਨਾਮ ਜਪਿਆ ਹੈ, ਉਸ ਨੇ ਹੀ ਸੁਖ ਪਾਇਆ ਹੈ, ਹਰੀ ਦਾ ਨਾਮ ਜਪਣ ਨਾਲ ਜਮ ਦਾ ਮੌਤ ਰੂਪ ਤੀਰ ਨਹੀਂ ਲਗਦਾ।੧।ਰਹਾਉ।(ਹੇ ਭਾਈ! ਪ੍ਰਭੂ ਦਾ) ਨਾਮ ਰੂਪ ਰਤਨ ਹੀਰੇ ਨਾਲੋਂ ਵੀ ਅਮੋਲਕ ਹੈ।ਸੱਚਾ ਸਾਹਿਬ ਅਮਰ ਤੇ ਅਤੋਲ ਹੈ।(ਜਿਸ ਮਨੁੱਖ ਨੂੰ ਨਾਮ ਰਤਨ ਮਿਲਿਆ ਹੈ, ਉਸ ਦੀ) ਜੀਭ ਸੁੱਚੀ ਹੈ ਅਤੇ (ਉਸ ਦਾ) ਬੋਲ ਵੀ ਸੱਚਾ ਹੁੰਦਾ ਹੈ।(ਜਿਸ ਮਨੁੱਖ ਦੇ) ਹਿਰਦੇ ਘਰ ਅੰਦਰ ਸੱਚਾ ਹਰੀ ਹੈ, (ਉਸ ਦੇ ਮਨ ਵਿਚ) ਕੋਈ ਰੌਲਾ ਰੱਪਾ ਨਹੀਂ (ਪੂਰਨ ਟਿਕਾਉ ਹੈ)।੨।ਕਈ (ਮਨੁੱਖ ਘਰ ਨੂੰ ਛਡ ਕੇ) ਜੰਗਲ ਵਿਚ ਜਾ ਬੈਠਦੇ ਹਨ ਅਤੇ ਕਈ ਪਹਾੜਾਂ ਵਿਚ ਟਿਕਾਣਾ ਬਣਾ ਲੈਂਦੇ ਹਨ।(ਉਹ ਪ੍ਰਭੂ ਦੇ) ਨਾਮ ਨੂੰ ਭੁਲਾ ਕੇ ਸੜਦੇ ਹਨ ਅਤੇ (ਉਨ੍ਹਾਂ ਦੇ ਮਨ ਵਿਚ) ਹੰਕਾਰ ਹੁੰਦਾ ਹੈ।ਨਾਮ ਤੋਂ ਬਿਨਾ ਗਿਆਨ ਦੀਆਂ ਗੱਲਾਂ ਕਰਨ ਨਾਲ ਅਤੇ ਧਿਆਨ ਲਾਉਣ ਨਾਲ ਕੀ ਪ੍ਰਾਪਤ ਹੋਣਾ ਹੈ? (ਕੁਛ ਨਹੀਂ ਮਿਲਦਾ)।ਗੁਰਮੁਖ ਨਾਮ ਜਪ ਕੇ ਦਰਗਾਹ ਵਿਚ ਮਾਣ ਪ੍ਰਾਪਤ ਕਰਦੇ ਹਨ।੩।(ਜਿਹੜਾ ਮਨੁੱਖ) ਹਠ ਤੇ ਹੰਕਾਰ ਕਰਦਾ ਹੈ, (ਧਾਰਮਕ ਗ੍ਰੰਥਾਂ ਦਾ) ਪਾਠ ਪੜ੍ਹਦਾ ਹੈ, (ਉਹ ਧਨ) ਲੈ ਕੇ ਪਾਠ ਲੋਕਾਂ ਨੂੰ ਵੀ ਸੁਣਾਉਂਦਾ ਹੈ, (ਇਸ ਤਰ੍ਹਾਂ ਉਹ) ਹਰੀ ਨੂੰ ਨਹੀਂ ਪਾ ਸਕਦਾ।

ਅੰਗ ੯੦੬ = ਤੀਰਥਿ ਭਰਮਸਿ ਬਿਆਧਿ ਨ ਜਾਵੈ ॥ ਨਾਮ ਬਿਨਾ ਕੈਸੇ ਸੁਖੁ ਪਾਵੈ ॥੪॥ (ਜੋ ਮਨੁੱਖ) ਤੀਰਥਾਂ ਉਤੇ ਭਰਮਦਾ

ਫਿਰਦਾ ਹੈ, (ਪਰ ਮਾਨਸਕ) ਰੋਗਾਂ ਦਾ ਦੁਖ ਦੂਰ ਨਹੀਂ ਜਾਂਦਾ। ਹਰੀ ਦੇ ਨਾਮ ਤੋਂ ਬਿਨਾ (ਉਹ) ਕਿਵੇਂ ਸੁਖ ਪਾ ਸਕਦਾ ਹੈ?੪।

ਪਦਾਰਥ = ਅੰਤਰਿ–ਪ੍ਰਭੂ ਦੇ ਹੀ ਅੰਦਰ। ਉਤਭੁਜੁ–ਬਨਸਪਤੀ ਆਦਿ ਖਾਣੀਆਂ (ਸ੍ਰਿਸਟੀ ਦੀ ਪੈਦਾਇਸ਼)। ਅਵਰੁ–ਹੋਰ। ਸੋ–ਉਹ। ਤੇ–ਤੋਂ। ਜੁਗਹ ਜੁਗੰਤਰਿ–ਜੁਗਾਂ ਜੁਗਾਂ ਦੇ ਅੰਦਰ। ਸਾਹਿਬੁ–ਮਾਲਕ। ਸੋਈ–ਉਹ ਹੀ।੧। ਠਾਕੁਰ–ਮਾਲਕ। ਗਹਿਰ–ਡੂੰਘਾ। ਗੰਭੀਰ–ਅਥਾਹ; ਵੱਡੇ ਜਿਗਰੇ ਵਾਲਾ। ਜਿਨਿ–ਜਿਸ ਨੇ। ਤਿਨ ਹੀ–ਉਸ ਨੇ ਹੀ। ਨਾਮਿ–ਨਾਮ ਵਿਚ ਜੁੜਨ ਨਾਲ। ਜਮ ਤੀਰ–ਜਮ ਦਾ ਮੌਤ ਰੂਪ ਤੀਰ।੧। ਰਹਾਉ। ਨਿਰਮੋਲੁ–ਅਮੋਲਕ। ਅਮਰੁ–ਮੌਤ ਰਹਿਤ। ਅਤੋਲੁ–ਜਿਸ ਨੂੰ ਤੋਲਿਆ ਨਹੀਂ ਜਾ ਸਕਦਾ। ਜਿਹਵਾ –ਜੀਭ। ਸੂਚੀ–ਸੁੱਚੀ। ਘਰਿ ਦਰਿ–ਹਿਰਦੇ ਘਰ ਅੰਦਰ। ਰੋਲੁ–ਸ਼ੋਰ; ਸੰਸਾ।੨। ਇਕਿ–ਕਈ ਮਨੁੱਖ। ਬਨ ਮਹਿ–ਜੰਗਲ ਵਿਚ। ਬੈਸਹਿ–ਬੈਠਦੇ ਹਨ। ਡੂਗਰਿ–ਪਹਾੜਾਂ ਵਿਚ। ਅਸਥਾਨੁ–ਥਾਂ (ਗੁਫਾ)। ਬਿਸਾਰਿ–ਭੁਲਾ ਕੇ। ਪਚਹਿ–ਸੜਦੇ ਹਨ। ਮਾਨੁ–ਆਦਰ।੩। ਹਠੁ–ਜਿੱਦ; ਹਠ ਨਾਲ ਕਰਨ ਵਾਲੇ ਕਰਮ। ਲੇ–ਲੈ ਕੇ। ਭਰਮਸਿ–ਭਰਮਦਾ ਫਿਰਦਾ ਹੈ। ਬਿਆਧਿ–ਰੋਗ; ਦੁਖ।੪।

ਜਤਨ ਕਰੈ, ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥ ਜਮ ਪੁਰਿ ਬਾਧੋ, ਲਹੈ ਸਜਾਈ ॥ ਬਿਨੁ ਨਾਵੈ, ਜੀਉ ਜਲਿ ਬਲਿ ਜਾਈ ॥੫॥ ਸਿਧ ਸਾਧਿਕ ਕੇਤੇ ਮੁਨਿ ਦੇਵਾ ॥ ਹਠਿ ਨਿਗ੍ਰਹਿ, ਨ ਤ੍ਰਿਪਤਾਵਹਿ ਭੇਵਾ ॥ ਸਬਦੁ ਵੀਚਾਰਿ, ਗਹਹਿ ਗੁਰ ਸੇਵਾ ॥ ਮਨਿ ਤਨਿ ਨਿਰਮਲ, ਅਭਿਮਾਨ ਅਭੇਵਾ ॥੬॥ ਕਰਮਿ ਮਿਲੈ, ਪਾਵੈ ਸਚੁ ਨਾਉ ॥ ਤੁਮ ਸਰਣਾਗਤਿ ਰਹਉ ਸੁਭਾਉ ॥ ਤੁਮ ਤੇ ਉਪਜਿਓ ਭਗਤੀ ਭਾਉ ॥ ਜਪੁ ਜਾਪਉ ਗੁਰਮੁਖਿ ਹਰਿ ਨਾਉ ॥੭॥ ਹਉਮੈ ਗਰਬੁ ਜਾਇ, ਮਨ ਭੀਨੈ ॥ ਝੂਠਿ ਨ ਪਾਵਸਿ ਪਾਖੰਡਿ ਕੀਨੈ ॥ ਬਿਨੁ ਗੁਰ ਸਬਦ ਨਹੀ ਘਰੁ ਬਾਰੁ ॥ ਨਾਨਕ ਗੁਰਮੁਖਿ ਤਤੁ ਬੀਚਾਰੁ ॥੮॥੬॥ (ਮਨੁੱਖ ਅਨੇਕਾਂ) ਜਤਨ ਕਰਦਾ ਹੈ, (ਫਿਰ ਵੀ) ਵੀਰਜ ਕਿਸੇ ਤਰ੍ਹਾਂ ਵੀ ਰੋਕਿਆ ਨਹੀਂ ਰਹਿੰਦਾ। (ਕਾਮ ਦੇ ਵਸ ਹੋ ਕੇ ਇਸ ਦਾ) ਮਨ ਡੋਲਦਾ ਹੈ, ਅੰਤ ਨਰਕ ਵਿਚ ਜਾ ਪੈਂਦਾ ਹੈ। (ਇਹ) ਜਮ ਪੁਰੀ ਵਿਚ ਬੱਧਾ ਹੋਇਆ ਸਜਾ ਭੁਗਤਦਾ ਹੈ। ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ ਜਿੰਦ ਜਲ ਬਲ ਜਾਂਦੀ (ਦੁਖੀ ਹੁੰਦੀ) ਹੈ।੫। ਕਿਤਨੇ ਹੀ ਸਿੱਧ, ਸਾਧਨਾ ਕਰਨ ਵਾਲੇ ਸਾਧੂ, ਮੁਨੀ ਤੇ ਦੇਵਤੇ, ਹਠ ਨਾਲ ਇੰਦ੍ਰੀਆਂ ਨੂੰ ਰੋਕਣ ਦਾ ਕਰਮ ਕਰਦੇ ਹਨ, (ਪਰ ਅਪਣੇ) ਅੰਤਹਕਰਣ ਨੂੰ ਤ੍ਰਿਪਤ ਨਹੀਂ ਕਰ ਸਕਦੇ। (ਜੋ ਮਨੁੱਖ ਗੁਰੂ ਦੇ) ਸ਼ਬਦ ਨੂੰ ਵਿਚਾਰ ਕੇ ਗੁਰੂ ਦੀ ਸੇਵਾ ਦ੍ਰਿੜ ਕਰਦੇ ਹਨ। (ਉਹ) ਮਨ ਤੇ ਤਨ ਕਰਕੇ ਨਿਰਮਲ ਹਨ ਅਤੇ (ਉਹ) ਅਭਿਮਾਨ ਦਾ ਅਭਾਵ ਕਰ ਲੈਂਦੇ ਹਨ।੬। (ਹੇ ਭਾਈ! ਜਿਸ ਮਨੁੱਖ ਨੂੰ) ਪ੍ਰਭੂ ਦੀ ਬਖਸ਼ਿਸ਼ ਨਾਲ ਗੁਰੂ ਮਿਲ ਜਾਵੇ, (ਉਹ ਗੁਰੂ ਤੋਂ) ਸੱਚਾ ਨਾਮ ਪ੍ਰਾਪਤ ਕਰਦਾ ਹੈ। (ਹੇ ਭਾਈ! ਇਉਂ ਅਰਦਾਸ ਕਰ ਕਿ ਹੇ ਪ੍ਰਭੂ!) ਮੈਂ ਚੰਗੇ ਸੁਭਾਵ ਵਾਲਾ ਹੋ ਕੇ ਤੇਰੀ ਸ਼ਰਨ ਵਿਚ ਰਹਿੰਦਾ ਹਾਂ। ਤੇਰੀ ਮੇਹਰ ਤੋਂ ਹੀ (ਮੇਰੇ ਅੰਦਰ) ਭਗਤੀ ਭਾਵ ਪੈਦਾ ਹੋਇਆ ਹੈ। ਹੇ ਹਰੀ! ਮੈਂ ਗੁਰੂ ਦੁਆਰਾ ਤੇਰੇ ਨਾਮ ਦਾ ਜਾਪ ਜਪਦਾ ਹਾਂ।੭। (ਜਦੋਂ) ਦੇਹ ਦੀ ਹਉਮੈ ਅਤੇ ਪਦਾਰਥਾਂ ਦਾ ਹੰਕਾਰ ਦੂਰ ਹੋ ਜਾਂਦਾ ਹੈ, ਤਾਂ ਮਨ ਪ੍ਰਭੂ ਦੇ ਪ੍ਰੇਮ ਵਿਚ ਭਿੱਜ ਜਾਂਦਾ ਹੈ। (ਕੋਈ ਵੀ ਮਨੁੱਖ) ਝੂਠ ਦੁਆਰਾ ਅਤੇ ਪਖੰਡ ਕਰਨ ਨਾਲ (ਪ੍ਰਭੂ ਨੂੰ) ਨਹੀਂ ਪਾ ਸਕਦਾ। ਗੁਰੂ ਦੇ ਸ਼ਬਦ ਤੋਂ ਬਿਨਾ ਪ੍ਰਭੂ ਦਾ ਦਰ ਘਰ ਪ੍ਰਾਪਤ ਨਹੀਂ ਹੁੰਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਤੱਤ ਸਰੂਪ ਪ੍ਰਭੂ ਦਾ ਬਿਚਾਰ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ।੮।੬।

ਪਦਾਰਥ = ਬਿੰਦੁ–ਵੀਰਜ (ਕਾਮ)। ਕਿਵੈ–ਕਿਸੇ ਤਰ੍ਹਾਂ ਵੀ। ਨ ਰਹਾਈ–ਰੋਕਿਆ ਨਹੀਂ ਰਹਿੰਦਾ। ਜਮ ਪੁਰਿ–ਜਮ ਦੀ ਪੁਰੀ ਵਿਚ। ਬਾਧੋ–ਬੰਨ੍ਹਿਆ ਹੋਇਆ। ਲਹੈ–ਲੈਂਦਾ (ਭੁਗਤਦਾ) ਹੈ। ਜੀਉ–ਜਿੰਦ। ਜਲਿ ਬਲਿ ਜਾਈ–ਸੜ ਬਲ ਜਾਂਦੀ ਹੈ।੫। ਸਿਧ–ਜੋਗ ਮੱਤ ਦੇ ਪੁੱਗੇ ਹੋਏ ਜੋਗੀ। ਸਾਧਿਕ–ਸਾਧਨਾ ਕਰਨ ਵਾਲੇ ਸਾਧੂ। ਕੇਤੇ–ਕਿਤਨੇ ਹੀ। ਹਠਿ–ਹਠ (ਧੱਕੇ) ਨਾਲ। ਨਿਗ੍ਰਹਿ–ਇੰਦ੍ਰੀਆਂ ਨੂੰ ਰੋਕਣ ਨਾਲ। ਨ ਤ੍ਰਿਪਤਾਵਹਿ–ਰੱਜਦੇ ਨਹੀਂ। ਭੇਵਾ–ਅੰਤਹਕਰਣ ਨੂੰ। ਗਹਹਿ–ਦ੍ਰਿੜ ਕਰਦੇ ਹਨ। ਨਿਰਮਲ–ਪਵਿਤ੍ਰ। ਅਭੇਵਾ–(ਅਭਾਵ) ਨਾਸ਼ ਕਰਦੇ ਹਨ।੬। ਕਰਮਿ–ਬਖਸ਼ਿਸ਼ ਨਾਲ। ਪਾਵੈ–ਪ੍ਰਾਪਤ ਕਰਦਾ ਹੈ। ਰਹਉ ਸਰਣਾਗਤਿ–ਮੈਂ ਸ਼ਰਣ ਵਿਚ ਰਹਿੰਦਾ ਹਾਂ। ਸੁਭਾਉ–ਚੰਗੇ ਸੁਭਾਵ ਵਾਲਾ ਹੋ ਕੇ; ਚੰਗੇ ਖਿਆਲ ਨਾਲ। ਤੇ–ਤੋਂ। ਭਗਤੀ ਭਾਉ–ਭਗਤੀ ਭਾਵ; ਭਗਤੀ ਦਾ ਪ੍ਰੇਮ। ਗੁਰਮੁਖਿ–ਗੁਰੂ ਦੁਆਰਾ।੭। ਗਰਬੁ–ਹੰਕਾਰ। ਜਾਇ–ਦੂਰ ਹੋ ਜਾਂਦਾ ਹੈ। ਭੀਜੈ–ਭਿੱਜ ਜਾਂਦਾ ਹੈ। ਨ ਪਾਵਸਿ–ਪ੍ਰਾਪਤ ਨਹੀਂ ਕਰ ਸਕਦਾ। ਪਾਖੰਡਿ ਕੀਨੈ–ਪਖੰਡ ਕਰਨ ਨਾਲ। ਘਰੁ ਬਾਰੁ–ਪ੍ਰਭੂ ਦਾ ਮਹਿਲ। ਤਤੁ ਬੀਚਾਰੁ–ਤੱਤ (ਪ੍ਰਭੂ) ਦਾ ਵਿਚਾਰ।੮।੬।

ਸਾਰੰਸ਼ = ਜੰਗਲਾਂ ਪਹਾੜਾਂ ਵਿਚ ਭਉਣ ਨਾਲ, ਪਾਠ ਪੜ੍ਹਨ ਨਾਲ ਜਾਂ ਤੀਰਥਾਂ ਤੇ ਜਾਣ ਨਾਲ, ਬਿੰਦ ਰਖਣ ਜਾਂ ਜੋਗ ਅਭਿਆਸ ਕਰਨ ਨਾਲ ਕੁਝ ਨਹੀਂ ਸੰਵਰਦਾ। ਇਨ੍ਹਾਂ ਪਖੰਡ ਕਰਮਾਂ ਦੀ ਥਾਂ, ਜੇ ਗੁਰ ਸ਼ਬਦ ਨੂੰ ਵਿਚਾਰ ਕੇ ਗੁਰੂ ਦੀ ਸੇਵਾ ਕਰੀਏ, ਤਾਂ ਉਹ ਤਰੁੱਠ ਕੇ ਹਰੀ ਨਾਮ ਬਖਸ਼ੇਗਾ, ਜਿਸ ਤੋਂ ਮਨ ਸ਼ੁੱਧ ਹੋ ਕੇ ਭਗਤੀ ਭਾਵ ਪੈਦਾ ਹੋਵੇਗਾ ਅਤੇ ਨਿਸਤਾਰਾ ਹੋ ਜਾਵੇਗਾ (ਸ਼ਬਦਾਰਥ)।

ਰਾਮਕਲੀ ਮਹਲਾ ੧ ॥ ਜਿਉ ਆਇਆ ਤਿਉ ਜਾਵਹਿ ਬਉਰੇ, ਜਿਉ ਜਨਮੇ ਤਿਉ ਮਰਣੁ ਭਇਆ ॥ ਜਿਉ ਰਸ ਭੋਗ ਕੀਏ ਤੇਤਾ ਦੁਖੁ ਲਾਗੈ, ਨਾਮੁ ਵਿਸਾਰਿ ਭਵਜਲਿ ਪਇਆ ॥੧॥ ਤਨੁ ਧਨੁ ਦੇਖਤ ਗਰਬਿ ਗਇਆ ॥ ਕਨਿਕ ਕਾਮਨੀ ਸਿਉ ਹੇਤੁ ਵਧਾਇਹਿ, ਕੀ ਨਾਮੁ ਵਿਸਾਰਹਿ ਭਰਮਿ ਗਇਆ ॥੧॥ਰਹਾਉ॥ ਜਤੁ ਸਤੁ ਸੰਜਮੁ ਸੀਲੁ ਨ ਰਾਖਿਆ, ਪ੍ਰੇਤ ਪਿੰਜਰ ਮਹਿ ਕਾਸਟੁ ਭਇਆ ॥ ਪੁੰਨੁ ਦਾਨੁ ਇਸਨਾਨੁ ਨ ਸੰਜਮੁ ,ਸਾਧ ਸੰਗਤਿ ਬਿਨੁ ਬਾਦਿ ਜਇਆ ॥੨॥ ਲਾਲਚਿ ਲਾਗੈ ਨਾਮੁ ਬਿਸਾਰਿਓ, ਆਵਤ ਜਾਵਤ ਜਨਮੁ ਗਇਆ ॥ ਜਾ ਜਮੁ ਧਾਇ ਕੇਸ ਗਹਿ ਮਾਰੈ, ਸੁਰਤਿ ਨਹੀ ਮੁਖਿ ਕਾਲ ਗਇਆ ॥੩॥ ਅਹਿਨਿਸਿ ਨਿੰਦਾ ਤਾਤਿ ਪਰਾਈ, ਹਿਰਦੈ ਨਾਮੁ ਨ ਸਰਬ ਦਇਆ ॥ ਬਿਨੁ ਗੁਰ ਸਬਦ ਨ ਗਤਿ ਪਤਿ ਪਾਵਹਿ, ਰਾਮ ਨਾਮ ਬਿਨੁ ਨਰਕਿ ਗਇਆ ॥੪॥ ਖਿਨ ਮਹਿ ਵੇਸ ਕਰਹਿ ਨਟੂਆ ਜਿਉ ,ਮੋਹ ਪਾਪ ਮਹਿ ਗਲਤੁ ਗਇਆ ॥ ਇਤ ਉਤ ਮਾਇਆ ਦੇਖਿ ਪਸਾਰੀ, ਮੋਹ ਮਾਇਆ ਕੈ ਮਗਨੁ ਭਇਆ ॥੫॥ ਕਰਹਿ ਬਿਕਾਰ ਵਿਥਾਰ ਘਨੇਰੇ, ਸੁਰਤਿ ਸਬਦ ਬਿਨੁ ਭਰਮਿ ਪਇਆ ॥ ਹਉਮੈ ਰੋਗੁ ਮਹਾ ਦੁਖੁ ਲਾਗਾ, ਗੁਰਮਤਿ ਲੇਵਹੁ ਰੋਗੁ ਗਇਆ ॥੬॥ ਹੇ ਕਮਲੇ ਮਨੁੱਖ! ਜਿਵੇਂ ਤੂੰ (ਸੰਸਾਰ ਵਿਚ ਖਾਲੀ ਹੱਥ) ਆਇਆ ਹੈਂ, ਤਿਵੇਂ ਤੂੰ (ਖਾਲੀ ਹੱਥ ਇਥੋਂ) ਚਲੇ ਜਾਵੇਂਗਾ, ਜਿਵੇਂ ਤੂੰ ਜੰਮਿਆ ਹੈਂ, ਤਿਵੇਂ (ਅੰਤ ਨੂੰ ਤੇਰੀ) ਮੌਤ ਹੋ ਜਾਵੇਗੀ। ਜਿਵੇਂ ਤੂੰ (ਪਦਾਰਥਾਂ ਦੇ) ਦੇ ਰਸਾਂ ਦੇ ਭੋਗ ਕੀਤੇ ਹਨ, (ਤੇਰੇ ਸਰੀਰ ਤੇ ਮਨ ਨੂੰ) ਉਤਨਾ ਹੀ ਦੁਖ ਲਗੇਗਾ, ਤੂੰ ਪ੍ਰਭੂ ਦੇ ਨਾਮ ਨੂੰ ਭੁਲਾ ਕੇ ਸੰਸਾਰ ਸਮੁੰਦਰ ਵਿਚ ਪੈ ਗਿਆ (ਡੁਬ) ਹੈਂ।੧।(ਹੇ ਕਮਲੇ ਮਨੁੱਖ! ਅਪਣੇ ਸੁੰਦਰ) ਸਰੀਰ ਤੇ ਧਨ ਦੇਖ ਕੇ ਤੂੰ ਹੰਕਾਰ ਵਿਚ ਪੈ ਗਿਆ ਹੈਂ। ਤੂੰ ਸੋਨੇ ਅਤੇ ਇਸਤ੍ਰੀ ਨਾਲ ਪ੍ਰੇਮ ਵਧਾ ਰਿਹਾ ਹੈਂ, ਤੂੰ ਕਿਉਂ ਪ੍ਰਭੂ ਦੇ ਨਾਮ ਨੂੰ ਭੁਲਦਾ ਹੈਂ ਅਤੇ ਭਰਮ ਵਿਚ ਪੈ ਗਿਆ ਹੈਂ?।੧।ਰਹਾਉ।(ਹੇ ਕਮਲੇ ਮਨੁੱਖ) ਤੂੰ ਜਤ ਸਤ, ਇੰਦ੍ਰੀਆਂ ਨੂੰ ਰੋਕਣ ਦਾ ਜਤਨ ਅਤੇ ਨੇਕ ਸੁਭਾਵ ਨਹੀਂ ਰੱਖਿਆ, ਤੂੰ ਪ੍ਰੇਤਾਂ ਵਰਗੇ ਅਸ਼ੁੱਧ ਸਰੀਰ ਪਿੰਜਰ ਵਿਚ ਸੁੱਕੇ ਲੱਕੜ ਵਰਗਾ ਕਠੋਰ ਹੋ ਗਿਆ ਹੈਂ। ਤੂੰ ਪੁੰਨ, ਦਾਨ, ਇਸ਼ਨਾਨ ਤੇ ਸੰਜਮ ਆਦਿ ਕਰਮ ਨਹੀਂ ਕੀਤੇ, ਸਾਧ ਸੰਗਤ ਤੋਂ ਬਿਨਾ ਤੂੰ ਬਿਅਰਥ ਹੀ ਜਨਮਿਆ ਹੈਂ।੨।(ਹੇ ਬਉਰੇ!) ਤੂੰ ਪਦਾਰਥਾਂ ਦੇ ਲਾਲਚ ਵਿਚ ਲੱਗਾ ਹੋਇਆ ਹੈਂ, (ਜਿਸ ਕਰਕੇ) ਤੈਂ ਹਰੀ ਦੇ ਨਾਮ ਨੂੰ ਭੁਲਾ ਦਿਤਾ ਹੈ, (ਲੋਭ ਵਸ ਹੋ ਕੇ) ਇਧਰ ਉਧਰ ਆਉਂਦਿਆਂ ਜਾਂਦਿਆਂ ਤੇਰਾ ਮਨੁੱਖਾ ਜਨਮ ਬਿਰਥਾ ਚਲਾ ਗਿਆ ਹੈ। ਜਦੋਂ ਜਮ ਦੌੜ ਕੇ ਆ ਕੇ ਕੇਸਾਂ ਤੋਂ ਫੜ ਕੇ ਤੈਨੂੰ ਮਾਰੇਗਾ, (ਉਦੋਂ) ਕਾਲ ਦੇ ਮੂੰਹ ਵਿਚ ਗਿਆ ਹੋਇਆਂ ਤੈਨੂੰ ਸੋਝੀ ਨਹੀਂ ਰਹੇਗੀ।੩।(ਹੇ ਬਉਰੇ!) ਤੂੰ ਦਿਨ ਰਾਤ ਪਰਾਈ ਨਿੰਦਾ ਕਰਦਾ ਹੈਂ ਤੇ ਈਰਖਾ ਕਰਦਾ ਹੈਂ, ਤੇਰੇ ਹਿਰਦੇ ਵਿਚ ਨਾ ਹਰੀ ਦਾ ਨਾਮ ਹੈ ਅਤੇ ਨਾ ਹੀ ਸਾਰੇ ਜੀਵਾਂ ਵਾਸਤੇ ਦਇਆ ਹੈ। ਗੁਰੂ ਦੇ ਸ਼ਬਦ ਤੋਂ ਬਿਨਾ ਤੂੰ ਮੁਕਤੀ ਨਹੀਂ ਪਾ ਸਕੇਂਗਾ, ਨਾ ਹੀ ਪ੍ਰਲੋਕ ਵਿਚ ਤੈਨੂੰ ਇੱਜਤ ਮਿਲੇਗੀ, ਪ੍ਰਭੂ ਦੇ ਨਾਮ ਤੋਂ ਬਿਨਾ ਤੂੰ ਨਰਕਾਂ ਵਿਚ ਗਿਆ ਸਮਝ।੪।(ਹੇ ਬਉਰੇ! ਲੋਕਾਂ ਨੂੰ ਠੱਗਣ ਵਾਸਤੇ) ਤੂੰ ਨਟ ਵਾਂਗ ਖਿਨ ਵਿਚ ਕਈ ਭੇਸ ਬਣਾ ਲੈਂਦਾ ਹੈਂ, ਤੂੰ ਮੋਹ ਤੇ ਪਾਪਾਂ ਵਿਚ ਗਰਕ ਗਿਆ ਹੈਂ। ਇਧਰ ਉਧਰ (ਸਾਰੇ ਪਾਸੇ) ਮਾਇਆ ਖਿਲਰੀ ਹੋਈ ਦੇਖ ਕੇ ਤੂੰ ਮਾਇਆ ਦੇ ਮੋਹ ਵਿਚ ਮਗਨ ਹੋਇਆ ਪਿਆ ਹੈਂ।੫।(ਹੇ ਕਮਲੇ ਮਨੁੱਖ!) ਤੂੰ ਬਿਕਾਰਾਂ ਦਾ ਬਹੁਤ ਪਸਾਰਾ ਕਰਦਾ ਹੈਂ ਅਤੇ ਸ਼ਬਦ ਦੀ ਸੋਝੀ ਤੋਂ ਬਿਨਾ ਭਰਮ ਵਿਚ ਪਿਆ ਹੋਇਆ ਹੈਂ। ਤੈਨੂੰ ਹਉਮੈ ਦਾ ਰੋਗ ਬੜਾ ਦੁਖ ਲੱਗਾ ਹੋਇਆ ਹੈ, ਤੂੰ ਗੁਰੂ ਦੀ ਸਿੱਖਿਆ ਲੈ, (ਫਿਰ ਇਹ ਰੋਗ) ਦੂਰ ਹੋ ਗਿਆ ਸਮਝ।੬।

ਪਦਾਰਥ = ਜਾਵਹਿ–ਚਲੇ ਜਾਵੇਂਗਾ। ਬਉਰੇ–ਹੇ ਕਮਲੇ ਮਨੁੱਖ!। ਮਰਣੁ ਭਇਆ–ਮੌਤ ਹੋ ਜਾਵੇਗੀ। ਰਸ ਭੋਗ–ਰਸਾਂ ਦੇ ਭੋਗ। ਕੀਏ–ਕੀਤੇ। ਤੇਤਾ–ਉਤਨਾ ਹੀ। ਵਿਸਾਰਿ–ਭੁਲਾ ਕੇ। ਭਵਜਲਿ–ਸੰਸਾਰਾ ਸਮੁੰਦਰ ਵਿਚ; ਜਨਮ ਮਰਨ ਦੇ ਗੇੜ ਵਿਚ।੧। ਤਨੁ–ਸਰੀਰ। ਗਰਬਿ–ਹੰਕਾਰ ਵਿਚ। ਕਨਿਕ–ਸੋਨਾ। ਕਾਮਨੀ–ਇਸਤ੍ਰੀ। ਸਿਉ–ਨਾਲ। ਹੇਤੁ–ਪਿਆਰ। ਵਧਾਇਹਿ–ਵਧਾ ਰਿਹਾ ਹੈਂ। ਕੀ –ਕਿਉਂ। ਵਿਸਾਰਹਿ–ਭੁਲਦਾ ਹੈਂ। ਭਰਮਿ ਗਇਆ–ਭਰਮ ਵਿਚ ਪੈ ਗਿਆ ਹੈਂ।੧। ਰਹਾਉ। ਜਤੁ–ਕਾਮ ਵਾਸ਼ਨਾ ਨੂੰ ਰੋਕਣ ਦਾ ਜਤਨ। ਸਤੁ–ਉਚਾ ਆਚਰਣ। ਸੰਜਮੁ–ਇੰਦ੍ਰੀਆਂ ਨੂੰ ਰੋਕਣ ਦਾ ਜਤਨ। ਸੀਲੁ–ਨੇਕ ਸੁਭਾਉ। ਪ੍ਰੇਤ ਪਿੰਜਰ ਮਹਿ–ਪ੍ਰੇਤ ਵਰਗੇ ਅਪਵਿਤ੍ਰ ਸਰੀਰ ਪਿੰਜਰ ਵਿਚ। ਕਾਸਟੁ–ਸੁੱਕੇ ਲੱਕੜ ਵਰਗਾ (ਕੋਮਲ ਭਾਵ ਤੋਂ ਹੀਣਾ)। ਬਾਦਿ–ਬਿਅਰਥ। ਜਇਆ–ਜਨਮਿਆ। ੨। ਲਾਲਚਿ–ਲਾਲਚ ਵਿਚ। ਬਿਸਾਰਿਓ–ਭੁਲਾ ਦਿਤਾ ਹੈ। ਆਵਤ ਜਾਵਤ–ਆਂਦਿਆਂ ਜਾਂਦਿਆਂ (ਦੌੜ ਭੱਜ ਕਰਦਿਆਂ)। ਗਇਆ –ਬਿਰਥਾ ਚਲਾ ਗਿਆ। ਜਾ–ਜਦੋਂ। ਧਾਇ–ਦੌੜ ਕੇ। ਗਹਿ–ਫੜ ਕੇ। ਸੁਰਤਿ–ਸੋਝੀ; ਹੋਸ਼। ਮੁਖਿ ਕਾਲ–ਕਾਲ ਦੇ ਮੂੰਹ ਵਿਚ।੩। ਅਹਿ–ਦਿਨ। ਨਿਸਿ–ਰਾਤ। ਤਾਤਿ–ਈਰਖਾ; ਸਾੜਾ। ਸਰਬ–ਸਾਰੇ ਜੀਵਾਂ ਵਾਸਤੇ। ਗਤਿ ਪਤਿ–ਮੁਕਤੀ ਤੇ ਇੱਜਤ; ਮੁਕਤੀ ਦੇਣ ਵਾਲਾ ਪਤੀ ਮਾਲਕ।੪। ਖਿਨ ਮਹਿ–ਇਕ ਪਲ ਵਿਚ। ਨਟੂਆ ਜਿਉ–ਮਦਾਰੀ ਵਾਂਗ। ਗਲਤੁ ਗਇਆ–ਗਰਕ ਗਿਆ; ਮਗਨ ਹੋ

ਗਿਆ। ਇਤ ਉਤ–ਇਧਰ ਉਧਰ (ਸਭ ਪਾਸੇ)। ਪਸਾਰੀ–ਖਿਲਰੀ ਹੋਈ। ਮਗਨੁ ਭਇਆ–ਮਸਤ ਹੋ ਗਿਆ ਹੈਂ।੫। ਕਰਹਿ ਵਿਥਾਰ–ਵਿਸਥਾਰ; ਪਸਾਰਾ। ਘਨੇਰੇ–ਬਹੁਤ। ਸੁਰਤਿ ਸਬਦ–ਸ਼ਬਦ ਦੀ ਸੋਝੀ। ਭਰਮਿ ਪਇਆ–ਭਰਮ ਵਿਚ ਪਿਆ ਹੈਂ।੬।

ਸੁਖ ਸੰਪਤਿ ਕਉ ਆਵਤ ਦੇਖੈ, ਸਾਕਤ ਮਨਿ ਅਭਿਮਾਨੁ ਭਇਆ ॥ ਜਿਸ ਕਾ ਇਹੁ ਤਨੁ ਧਨੁ ਸੋ ਫਿਰਿ ਲੇਵੈ, ਅੰਤਰਿ ਸਹਸਾ ਦੂਖੁ ਪਇਆ ॥੭॥ ਅੰਤਿ ਕਾਲਿ ਕਿਛੁ ਸਾਥਿ ਨ ਚਾਲੈ, ਜੋ ਦੀਸੈ ਸਭੁ ਤਿਸਹਿ ਮਇਆ ॥ ਆਦਿ ਪੁਰਖੁ ਅਪਰੰਪਰੁ ਸੋ ਪ੍ਰਭੁ ,ਹਰਿ ਨਾਮੁ ਰਿਦੈ ਲੈ ਪਾਰਿ ਪਇਆ ॥੮॥ ਮੂਏ ਕਉ ਰੋਵਹਿ ਕਿਸਹਿ ਸੁਣਾਵਹਿ, ਭੈ ਸਾਗਰ ਅਸਰਾਲਿ ਪਇਆ ॥ ਸਾਕਤ ਮਨੁੱਖ ਜਦੋਂ ਸੁਖ ਤੇ ਸੰਪਤੀ ਨੂੰ (ਅਪਣੇ ਕੋਲ) ਆਉਂਦਾ ਦੇਖਦਾ ਹੈ, (ਤਾਂ ਉਸ ਦੇ) ਮਨ ਵਿਚ ਹੰਕਾਰ ਪੈਦਾ ਹੋ ਜਾਂਦਾ ਹੈ। ਜਿਸ ਪ੍ਰਭੂ ਦਾ ਦਿਤਾ ਹੋਇਆ ਇਹ ਤਨ ਤੇ ਧਨ ਹੈ, ਉਹ ਫਿਰ (ਜਦੋਂ ਇਸ ਨੂੰ ਵਾਪਸ) ਲੈਂਦਾ ਹੈ, ਤਾਂ (ਸਾਕਤ ਦੇ ਮਨ) ਅੰਦਰ ਸੰਸਾ ਤੇ ਦੁਖ ਪਿਆ ਰਹਿੰਦਾ ਹੈ।੭। ਅੰਤ ਸਮੇਂ (ਧਨ ਪਦਾਰਥ ਤੇ ਸਰੀਰ ਆਦਿ ਵਿਚੋਂ) ਕੁਛ ਵੀ ਮਨੁੱਖ ਦੇ ਨਾਲ ਨਹੀਂ ਜਾਂਦਾ, ਜੋ ਕੁਛ ਵੀ (ਮਨੁੱਖ ਨੂੰ ਮਿਲਿਆ) ਦਿਸਦਾ ਹੈ, ਉਹ ਸਭ ਉਸ ਪ੍ਰਭੂ ਦੀ ਦਇਆ ਨਾਲ ਹੀ ਮਿਲਿਆ ਹੈ; ਜੋ ਕੁਛ ਵੀ ਦਿਸਦਾ ਹੈ, ਉਹ ਸਭ ਉਸ ਪ੍ਰਭੂ ਦੀ ਮਾਇਆ ਹੈ। (ਸ੍ਰਿਸਟੀ ਦਾ ਜੋ) ਮੂਲ ਪ੍ਰਮਾਤਮਾ ਹੈ, ਉਹ ਪ੍ਰਭੂ ਪਰੇ ਤੋਂ ਪਰੇ ਹੈ, (ਜਿਸ ਮਨੁੱਖ ਨੇ) ਹਰੀ ਦਾ ਨਾਮ ਅਪਣੇ ਹਿਰਦੇ ਵਿਚ ਵਸਾ ਲਿਆ ਹੈ, (ਉਹ ਭਵਜਲ ਤੋਂ) ਪਾਰ ਪਿਆ ਹੈ।੮। (ਜਿਹੜੇ) ਮਰੇ ਹੋਏ ਪ੍ਰਾਣੀ ਨੂੰ ਰੋਂਦੇ ਹਨ, ਉਹ ਕਿਸ ਨੂੰ ਸੁਣਾਉਂਦੇ ਹਨ (ਰੋ ਕੇ ਜਿਉਂਦੇ ਬੰਦਿਆਂ ਨੂੰ ਸੁਣਾਉਂਦੇ ਹਨ, ਉਹ ਮਰਿਆ ਮਨੁੱਖ ਤਾਂ ਪ੍ਰਭੂ ਨੂੰ ਭੁਲਾ ਕੇ) ਭੈਦਾਇਕ ਸੰਸਾਰ ਸਮੁੰਦਰ ਵਿਚ ਜਾ ਪਿਆ ਹੈ; ਭਵ ਸਾਗਰ ਵਿਚ ਸੱਪ ਦੀ ਜੋਨੀ ਵਿਚ ਪੈ ਗਿਆ ਹੈ।

ਅੰਗ ੯੦੭ = ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ,ਸਾਕਤੁ ਜੰਜਾਲਿ ਪਰਾਲਿ ਪਇਆ ॥੯॥ ਜਾ ਆਏ ਤਾ ਤਿਨਹਿ ਪਠਾਏ, ਚਾਲੇ ਤਿਨੈ ਬੁਲਾਇ ਲਇਆ ॥ ਜੋ ਕਿਛੁ ਕਰਣਾ ਸੋ ਕਰਿ ਰਹਿਆ, ਬਖਸਣਹਾਰੈ ਬਖਸਿ ਲਇਆ ॥੧੦॥ ਜਿਨਿ ਏਹੁ ਚਾਖਿਆ ਰਾਮ ਰਸਾਇਣੁ ,ਤਿਨ ਕੀ ਸੰਗਤਿ ਖੋਜੁ ਭਇਆ ॥ ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ, ਮੁਕਤਿ ਪਦਾਰਥੁ ਸਰਣਿ ਪਇਆ ॥੧੧॥ ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ, ਹਰਖ ਸੋਗ ਤੇ ਬਿਰਕਤੁ ਭਇਆ ॥ ਆਪੁ ਮਾਰਿ ਗੁਰਮੁਖਿ ਹਰਿ ਪਾਏ, ਨਾਨਕ ਸਹਜਿ ਸਮਾਇ ਲਇਆ ॥੧੨॥੭॥ (ਅਪਣਾ) ਪ੍ਰਵਾਰ, ਮਾਇਆ ਅਤੇ ਘਰ ਮੰਦਰ ਨੂੰ ਦੇਖ ਕੇ ਸਾਕਤ ਮਨੁੱਖ ਫਜ਼ੂਲ ਜੰਜਾਲ ਵਿਚ ਪਿਆ ਹੋਇਆ ਹੈ।੯। ਜਦੋਂ ਜੀਵ ਸੰਸਾਰ ਵਿਚ ਆਏ, ਤਾਂ ਉਸ ਹਰੀ ਦੇ ਭੇਜੇ ਹੋਏ ਆਏ ਹਨ, (ਜਦੋਂ) ਉਸ ਪ੍ਰਭੂ ਨੇ ਬੁਲਾ ਲਿਆ, (ਤਾਂ ਜੀਵ ਦੁਨੀਆਂ ਤੋਂ) ਚਲੇ ਗਏ ਹਨ {ਘਲੇ ਆਵਹਿ ਨਾਨਕਾ ਸਦੇ ਉਠੀ ਜਾਇ ੧੨੩੯}। ਜੋ ਕੁਛ (ਉਸ ਪ੍ਰਭੂ ਨੇ) ਕਰਨਾ ਹੈ, ਉਹ ਆਪ ਹੀ ਕਰ ਰਿਹਾ ਹੈ, (ਜਿਸ ਜੀਵ ਨੂੰ ਉਸ ਨੇ ਚਾਹਿਆ, ਉਸ ਨੂੰ) ਬਖਸ਼ਣਹਾਰ ਪ੍ਰਭੂ ਨੇ ਬਖਸ਼ ਲਿਆ ਹੈ।੧੦। ਰਸਾਂ ਦੇ ਘਰ ਪ੍ਰਭੂ ਦੇ ਨਾਮ ਨੂੰ ਜਿਸ ਮਨੁੱਖ ਨੇ ਚੱਖਿਆ (ਜਪਿਆ) ਹੈ, ਉਸ ਦੀ ਸੰਗਤ ਕਰਕੇ ਹਰੀ ਦਾ ਰਸਤਾ ਪ੍ਰਾਪਤ ਹੋਇਆ (ਪਤਾ ਲੱਗਾ) ਹੈ। ਗੁਰੂ ਤੋਂ ਰਿਧੀਆਂ, ਸਿਧੀਆਂ, ਬੁਧੀ ਅਤੇ ਗਿਆਨ ਪ੍ਰਾਪਤ ਹੋਇਆ ਹੈ, ਗੁਰੂ ਦੀ ਸ਼ਰਣ ਵਿਚ ਪਿਆਂ ਮੁਕਤ ਪਦਾਰਥ ਵੀ ਮਿਲ ਗਿਆ ਹੈ।੧੧। (ਜਿਸ) ਗੁਰਮੁਖ ਨੇ ਦੁਖ ਸੁਖ ਨੂੰ ਬਰਾਬਰ ਕਰਕੇ ਜਾਣਿਆ ਹੈ, ਉਹ ਖੁਸ਼ੀ ਗਮੀ ਤੋਂ ਨਿਰਲੇਪ ਹੋ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ) ਗੁਰਮੁਖ ਨੇ ਆਪਾ ਭਾਵ ਮਾਰ ਕੇ ਹਰੀ ਨੂੰ ਪਾਇਆ ਹੈ, (ਉਸ ਨੂੰ ਹਰੀ ਨੇ) ਸਹਜੇ ਹੀ ਅਪਣੇ ਵਿਚ ਮਿਲਾ ਲਿਆ ਹੈ।੧੨।੭।

ਪਦਾਰਥ = ਸੰਪਤਿ–ਧਨ ਪਦਾਰਥ। ਕਉ–ਨੂੰ। ਸਾਕਤ–ਰੱਬ ਤੋਂ ਟੁੱਟਿਆ ਮਨੁੱਖ। ਮਨਿ–ਮਨ ਵਿਚ। ਭਇਆ–ਹੋ ਜਾਂਦਾ ਹੈ। ਤਨੁ–ਸਰੀਰ। ਸੋ–ਉਹ। ਫਿਰਿ–ਮੁੜ ਕੇ। ਅੰਤਰਿ–ਮਨ ਦੇ ਅੰਦਰ। ਸਹਸਾ–ਸੰਸਾ।੭। ਅੰਤਿ ਕਾਲਿ–ਅੰਤ ਸਮੇਂ। ਤਿਸਹਿ–ਉਸ (ਪ੍ਰਭੂ) ਦੀ। ਮਇਆ–ਦਇਆ; ਮਾਇਆ। ਆਦਿ ਪੁਰਖੁ–ਸੰਸਾਰ ਦਾ ਮੂਲ ਪ੍ਰਮਾਤਮਾ। ਅਪਰੰਪਰ–ਪਰੇ ਤੋਂ ਪਰੇ। ਰਿਦੈ–ਹਿਰਦੇ ਵਿਚ। ਪਾਰਿ ਪਇਆ–ਪਾਰ ਹੋ ਗਿਆ।੮। ਮੂਏ ਕਉ–ਮਰੇ ਪ੍ਰਾਣੀ ਨੂੰ। ਕਿਸਹਿ–ਕਿਸ ਨੂੰ। ਭੈ ਸਾਗਰ–ਸੰਸਾਰ ਸਮੁੰਦਰ ਵਿਚ। ਅਸਰਾਲਿ –ਡਰਾਉਣਾ; ਕਾਲ ਰੂਪ ਸੱਪ ਦੇ ਮੂੰਹ ਵਿਚ; ਸੱਪ ਦੀ ਜੂਨ ਵਿਚ। ਕੁਟੰਬੁ–ਪ੍ਰਵਾਰ। ਗ੍ਰਿਹ–ਘਰ। ਮੰਦਰੁ–ਘਰ। ਜੰਜਾਲਿ ਪਰਾਲਿ–ਪਰਾਲੀ ਵਰਗੇ ਫਜ਼ੂਲ ਜੰਜਾਲ ਵਿਚ।੯। ਜਾ–ਜਦੋਂ। ਤਾ–ਤਦ; ਤਾਂ। ਤਿਨਹਿ–ਉਸ ਪ੍ਰਭੂ ਨੇ। ਪਠਾਏ–ਭੇਜੇ। ਚਾਲੇ–ਚਲੇ ਜਾਂਦੇ ਹਨ। ਤਿਨੈ–ਉਸ ਪ੍ਰਭੂ ਨੇ।੧੦। ਜਿਨਿ–ਜਿਸ ਨੇ। ਰਸਾਇਣੁ–ਰਸਾਂ ਦਾ ਘਰ। ਤਿਨ ਕੀ–ਉਸ ਦੀ। ਖੋਜੁ ਭਇਆ–ਰਸਤਾ ਪ੍ਰਾਪਤ ਹੋਇਆ। ਰਿਧਿ ਸਿਧਿ–ਕਰਾਮਾਤੀ ਸ਼ਕਤੀਆਂ। ਤੇ–ਤੋਂ।੧੧। ਗੁਰਮੁਖਿ–ਗੁਰਮੁਖ ਨੇ। ਸਮ ਕਰਿ–ਬਰਾਬਰ ਕਰਕੇ। ਹਰਖ–ਖੁਸ਼ੀ। ਸੋਗ–ਗਮੀ। ਬਿਰਕਤ–ਨਿਰਲੇਪ; ਉਪਰਾਮ। ਆਪ ਮਾਰਿ–ਆਪਾ ਭਾਵ ਮਾਰ ਕੇ। ਸਹਜਿ–ਸੁਭਾਵਕ ਹੀ। ਸਮਾਇ ਲਇਆ–ਮਿਲਾ

ਲਿਆ ਹੈ।੧੨।੭।

ਰਾਮਕਲੀ ਦਖਣੀ ਮਹਲਾ ੧ ॥ ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ, ਸਾਚ ਸਬਦਿ ਰਸਿ ਲੀਣਾ ॥੧॥ ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ ॥ ਅਹਿਨਿਸਿ ਰਹੈ ਏਕ ਲਿਵ ਲਾਗੀ, ਸਾਚੇ ਦੇਖਿ ਪਤੀਣਾ ॥੧॥ਰਹਾਉ॥ ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ ,ਅਨਹਤ ਸਬਦਿ ਰੰਗੀਣਾ ॥੨॥ ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ, ਜਿਹਵਾ ਰੰਗਿ ਰਸੀਣਾ ॥੩॥ ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ, ਕਿਰਤੁ ਵੀਚਾਰਿ ਪਤੀਣਾ ॥੪॥ ਏਕ ਮਹਿ ਸਰਬ ਸਰਬ ਮਹਿ ਏਕਾ, ਏਹ ਸਤਿਗੁਰਿ ਦੇਖਿ ਦਿਖਾਈ ॥੫॥ ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ, ਸੋ ਪ੍ਰਭੁ ਲਖਨੁ ਨ ਜਾਈ ॥੬॥ ਦੀਪਕ ਤੇ ਦੀਪਕੁ ਪਰਗਾਸਿਆ, ਤ੍ਰਿਭਵਣ ਜੋਤਿ ਦਿਖਾਈ ॥੭॥ ਸਚੈ ਤਖਤਿ ਸਚ ਮਹਲੀ ਬੈਠੇ, ਨਿਰਭਉ ਤਾੜੀ ਲਾਈ ॥੮॥ ਮੋਹਿ ਗਇਆ ਬੈਰਾਗੀ ਜੋਗੀ, ਘਟਿ ਘਟਿ ਕਿੰਗੁਰੀ ਵਾਈ ॥੯॥ ਨਾਨਕ ਸਰਣਿ ਪ੍ਰਭੂ ਕੀ ਛੂਟੇ, ਸਤਿਗੁਰ ਸਚੁ ਸਖਾਈ ॥੧੦॥੮॥ (ਹੇ ਸਿੱਧੋ! ਪ੍ਰਭੂ ਨੇ ਗੁਰੂ ਰੂਪ ਧਾਰ ਕੇ ਮੈਨੂੰ) ਜਤ ਸਤ, ਸੰਜਮ ਅਤੇ ਸੱਚ (ਆਦਿ ਦੈਵੀ ਗੁਣ) ਦ੍ਰਿੜ ਕਰਾਏ ਹਨ, (ਮੈਂ ਗੁਰੂ ਦੇ) ਸੱਚੇ ਸ਼ਬਦ ਵਿਚ ਜੁੜ ਕੇ ਨਾਮ ਰਸ ਵਿਚ ਲੀਨ ਰਹਿੰਦਾ ਹਾਂ।ਮੇਰਾ ਗੁਰੂ ਅਕਾਲ ਪੁਰਖ ਦਇਆ ਕਰਨ ਵਾਲਾ ਹੈ, ਉਹ ਸਦਾ ਹੀ ਅਨੰਦ ਵਿਚ ਲੀਨ ਰਹਿੰਦਾ ਹੈ।ਦਿਨ ਰਾਤ (ਸਾਡੀ) ਲਿਵ ਇਕ ਪ੍ਰਭੂ ਵਿਚ ਲਗੀ ਰਹਿੰਦੀ ਹੈ, (ਕਿਉਂਕਿ ਮੈਂ) ਸੱਚੇ ਪ੍ਰਭੂ ਨੂੰ ਦੇਖ ਕੇ ਪਤੀਜ ਗਿਆ ਹਾਂ।੧।ਰਹਾਉ।(ਮੇਰਾ ਗੁਰੂ ਪ੍ਰਭੂ ਸਦਾ) ਦਸਮ ਦੁਆਰ (ਆਤਮ ਮੰਡਲ) ਵਿਚ ਰਹਿੰਦਾ ਹੈ, (ਉਸ ਦੀ) ਨਜਰ ਸਮ ਦ੍ਰਿਸ਼ਟੀ ਵਾਲੀ ਹੈ ਅਤੇ ਉਹ ਸ਼ਬਦ ਵਿਚ ਇਕ ਰਸ ਰੰਗਿਆ ਰਹਿੰਦਾ ਹੈ।੨।(ਮੇਰਾ ਮਨ) ਸੱਤ ਦਾ ਲੰਗੋਟ ਬੰਨ੍ਹ ਕੇ ਭਰਪੂਰ ਪ੍ਰਭੂ ਵਿਚ ਲੀਨ ਰਹਿੰਦਾ ਹੈ, ਮੇਰੀ ਜੀਭ (ਉਸ ਦੇ) ਪ੍ਰੇਮ ਵਿਚ ਰਸੀ ਰਹਿੰਦੀ ਹੈ।੩।(ਮੈਨੂੰ) ਸੱਚਾ ਗੁਰੂ ਹਰੀ ਮਿਲਿਆ ਹੈ, ਜਿਸ ਨੇ ਰਚਨਾ ਰਚੀ ਹੈ ਅਤੇ (ਉਹ ਸਾਡੇ ਜੀਵਾਂ ਦੇ ਕੀਤੇ) ਕਰਮਾਂ ਨੂੰ ਵਿਚਾਰ ਕੇ ਪਤੀਜਦਾ ਹੈ (ਸਾਡੇ ਕਰਮ ਚੰਗੇ ਹੋਣ ਤਾਂ ਪ੍ਰਸੰਨ ਹੁੰਦਾ ਹੈ)।੪।ਸਾਰੀ ਸੰਸਾਰ ਰਚਨਾ ਇਕ ਪ੍ਰਭੂ ਵਿਚ ਹੈ ਅਤੇ ਸਾਰੀ ਸੰਸਾਰ ਰਚਨਾ ਵਿਚ ਇਕ ਪ੍ਰਭੂ ਵਿਆਪਕ ਹੈ, ਸਤਿਗੁਰੂ ਨਿਰੰਕਾਰ ਨੇ ਦੇਖ ਕੇ ਇਹ (ਅਸਚਰਜ ਖੇਡ) ਮੈਨੂੰ ਦਿਖਾਈ ਹੈ।੫।ਜਿਸ ਪ੍ਰਭੂ ਨੇ ਨੌਂ ਖੰਡ, ਦੀਪ ਅਤੇ ਬ੍ਰਹਮੰਡ ਪੈਦਾ ਕੀਤੇ ਹਨ, ਉਹ ਪ੍ਰਭੂ (ਗੁਰੂ ਤੋਂ ਬਿਨਾ ਅਪਣੇ ਆਪ) ਜਾਣਿਆ ਨਹੀਂ ਜਾਂਦਾ।੬।ਜਿਵੇਂ ਦੀਵੇ ਤੋਂ ਦੀਵਾ ਜਗਦਾ ਹੈ, ਤਿਵੇਂ ਗੁਰੂ ਰੂਪ ਦੀਵੇ ਨੇ ਮੇਰਾ ਹਿਰਦਾ ਰੂਪ ਦੀਵਾ ਜਗਾ ਦਿਤਾ ਹੈ ਅਤੇ ਤਿੰਨਾਂ ਭਵਨਾਂ ਵਿਚ ਅਪਣੀ ਪਸਰੀ ਹੋਈ ਜੋਤ ਦਿਖਾ ਦਿਤੀ ਹੈ।੭।ਗੁਰੂ (ਨਾਨਕ ਦੇਵ ਜੀ) ਸੱਚੇ ਪ੍ਰਭੂ ਦੇ ਮਹਿਲਾਂ ਵਿਚ ਸੱਚੇ ਤਖਤ ਉਤੇ ਬੈਠੇ ਹਨ ਅਤੇ ਭੈ ਰਹਿਤ ਸਮਾਧੀ ਲਾਈ ਹੋਈ ਹੈ (ਉਹ ਸਮਾਧੀ ਕਿਸੇ ਦੇ ਡਰ ਨਾਲ ਟੁੱਟਦੀ ਨਹੀਂ); ਨਿਰਭਉ ਪ੍ਰਭੂ ਨਾਲ ਬਿਰਤੀ ਜੋੜੀ ਹੋਈ ਹੈ।੮।ਗੁਰੂ ਬੈਰਾਗੀ ਜੋਗੀ ਨੇ ਸਾਨੂੰ ਮੋਹ ਲਿਆ ਹੈ ਅਤੇ ਹਰੇਕ ਜੀਵ ਦੇ ਅੰਦਰ (ਉਸ ਨੇ ਚੇਤਨ ਸੱਤਾ ਰੂਪ) ਕਿੰਗਰੀ ਵਜਾਈ ਹੈ।੯।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੇ ਜੀਵ) ਪ੍ਰਭੂ ਦੀ ਸ਼ਰਣ ਵਿਚ ਆਏ ਹਨ, (ਉਹ ਜਨਮ ਮਰਣ ਦੇ ਗੇੜ ਤੋਂ) ਛੁਟ ਗਏ ਹਨ, ਸੱਚ ਸਰੂਪ ਸਤਿਗੁਰੂ (ਉਨ੍ਹਾਂ ਦਾ) ਸਹਾਈ ਬਣਿਆ ਹੈ।੧੦।੮।

ਪਦਾਰਥ = ਦਖਣੀ–ਦੱਖਣ ਦੇਸ਼ ਦੀ ਪ੍ਰਚਲਤ ਰਾਗਣੀ ਹੈ, ਜਿਸ ਨੂੰ ਰਾਮਕਲੀ ਨਾਲ ਮਿਲਾ ਕੇ ਰਾਮਕਲੀ ਦਖਣੀ ਲਿਖਿਆ ਹੈ। ਜਤੁ–ਕਾਮ ਵਾਸ਼ਨਾ ਨੂੰ ਰੋਕਣ ਦਾ ਜਤਨ।ਸਤੁ–ਉਚਾ ਸੁੱਚਾ ਆਚਰਣ।ਸੰਜਮੁ–ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕਣ ਦਾ ਜਤਨ। ਰਸਿ–ਨਾਮ ਰਸ ਵਿਚ।ਲੀਣਾ–ਲੀਨ ਰਹਿੰਦਾ ਹਾਂ।੧।ਦਇਆਲੁ–ਦਇਆ ਦਾ ਘਰ।ਰੰਗਿ–ਅਨੰਦ ਵਿਚ; ਪ੍ਰੇਮ ਰੰਗ ਵਿਚ। ਅਹਿ–ਦਿਨ।ਨਿਸਿ–ਰਾਤ।ਪਤੀਣਾ–ਪਤੀਜ ਗਿਆ ਹੈ।੧।ਰਹਾਉ।ਗਗਨਪੁਰਿ–ਦਸਮ ਦੁਆਰ (ਆਤਮ ਮੰਡਲ) ਵਿਚ। ਦ੍ਰਿਸਟਿ–ਨਜਰ।ਸਮੈਸਰਿ–ਇਕ ਬਰਾਬਰ।ਅਨਹਤ ਸਬਦਿ–ਆਤਮ ਮੰਡਲ ਦੇ ਸ਼ਬਦ ਦੀ ਇਕ ਰਸ ਵਜਣ ਵਾਲੀ ਧੁਨੀ ਵਿਚ ।ਰੰਗੀਣਾ–ਰੰਗਿਆ ਰਹਿੰਦਾ ਹੈ।੨।ਬੰਧਿ–ਬੰਨ੍ਹ ਕੇ।ਕੁਪੀਨ–ਲੰਗੋਟ।ਭਰਿਪੁਰਿ–ਸਰਬ ਵਿਆਪਕ ਪ੍ਰਭੂ ਵਿਚ।ਜਿਹਵਾ–ਜੀਭ। ਰਸੀਣਾ–ਰਸੀ ਹੋਈ ਹੈ।੩।ਜਿਨਿ–ਜਿਸ ਨੇ।ਰਚੁ ਰਾਚੇ–ਰਨਚਾ ਰਚੀ ਹੈ।ਕਿਰਤੁ–ਕੀਤੇ ਕਰਮ।੪।ਏਕ ਮਹਿ–ਇਕ ਪ੍ਰਭੂ ਵਿਚ ।ਸਰਬ–ਸਾਰੀ ਸੰਸਾਰ ਰਚਨਾ।ਸਤਿਗੁਰਿ–ਸਤਿਗੁਰੂ ਨੇ।੫।ਕੀਏ–ਪੈਦਾ ਕੀਤੇ।ਸੋ–ਉਹ।ਲਖਨੁ ਨ ਜਾਈ–ਜਾਣਿਆ ਨਹੀਂ ਜਾਂਦਾ।੬।ਦੀਪਕ ਤੇ–ਦੀਵੇ ਤੋਂ।ਤ੍ਰਿਭਵਣ–ਤਿੰਨਾਂ ਭਵਨਾਂ ਵਿਚ।੭।ਸਚੈ ਤਖਤਿ–ਸੱਚੇ ਤਖਤ ਉਤੇ।ਸਚ ਮਹਲੀ–ਸੱਚੇ ਪ੍ਰਭੂ ਦੇ ਮਹਿਲ ਵਿਚ।ਨਿਰਭਉ ਤਾੜੀ–ਭੈ ਰਹਿਤ ਸਮਾਧੀ।੮।ਮੋਹਿ ਗਇਆ–ਮੋਹ ਲਿਆ ਹੈ।ਬੈਰਾਗੀ ਜੋਗੀ–ਜਗਤ ਦੇ ਪਦਾਰਥਾਂ ਦੇ ਮੋਹ ਤੋਂ ਰਹਿਤ ਜੋਗੀ (ਪ੍ਰਭੂ)।ਘਟਿ ਘਟਿ–ਹਰੇਕ ਜੀਵ ਦੇ ਅੰਦਰ।ਕਿੰਗਰੀ–ਚੇਤਨ ਸੱਤਾ ਰੂਪ ਵੀਣਾ।ਵਾਈ–ਵਜਾ ਦਿਤੀ।੯। ਛੂਟੇ–ਮੁਕਤ ਹੋ ਗਏ।ਸਖਾਈ–ਮਿਤ੍ਰ; ਸਹਾਈ।੧੦।੮।

ਰਾਮਕਲੀ ਮਹਲਾ ੧ ॥ ਅਉਹਠਿ ਹਸਤ ਮੜੀ ਘਰੁ ਛਾਇਆ, ਧਰਣਿ ਗਗਨ ਕਲ ਧਾਰੀ ॥੧॥ ਗੁਰਮੁਖਿ, ਕੇਤੀ ਸਬਦਿ ਉਧਾਰੀ ਸੰਤਹੁ ॥੧॥ਰਹਾਉ॥ ਮਮਤਾ ਮਾਰਿ ਹਉਮੈ ਸੋਖੈ, ਤ੍ਰਿਭਵਣਿ ਜੋਤਿ ਤੁਮਾਰੀ ॥੨॥ ਮਨਸਾ ਮਾਰਿ ਮਨੈ ਮਹਿ ਰਾਖੈ, ਸਤਿਗੁਰ ਸਬਦਿ ਵੀਚਾਰੀ ॥੩॥ ਸਿੰਙੀ ਸੁਰਤਿ ਅਨਾਹਦਿ ਵਾਜੈ, ਘਟਿ ਘਟਿ ਜੋਤਿ ਤੁਮਾਰੀ ॥੪॥ ਪਰਪੰਚ ਬੇਣੁ ਤਹੀ ਮਨੁ ਰਾਖਿਆ, ਬ੍ਰਹਮ ਅਗਨਿ ਪਰਜਾਰੀ ॥੫॥ ਪੰਚ ਤਤੁ ਮਿਲਿ ਅਹਿਨਿਸਿ ਦੀਪਕੁ ,ਨਿਰਮਲ ਜੋਤਿ ਅਪਾਰੀ ॥੬॥ ਰਵਿ ਸਸਿ ਲਉਕੇ ਇਹੁ ਤਨੁ ਕਿੰਗੁਰੀ, ਵਾਜੈ ਸਬਦੁ ਨਿਰਾਰੀ ॥੭॥ ਸਿਵ ਨਗਰੀ ਮਹਿ ਆਸਣੁ ਅਉਧੂ ,ਅਲਖੁ ਅਗੰਮੁ ਅਪਾਰੀ ॥੮॥ ਕਾਇਆ ਨਗਰੀ ਇਹੁ ਮਨੁ ਰਾਜਾ, ਪੰਚ ਵਸਹਿ ਵੀਚਾਰੀ ॥੯॥ (ਗੁਰੂ ਜੀ ਨੇ ਪ੍ਰਭੂ ਨਾਲ ਜੁੜੇ ਜੋਗੀ ਦੀ ਮਹਿਮਾਂ ਕਰਦੇ ਇਹ ਸ਼ਬਦ ਉਚਾਰਿਆ ਹੈ, ਪ੍ਰਭੂ ਨਾਲ ਜੁੜੇ ਜੋਗੀ ਨੇ ਅਪਣੇ) ਹਿਰਦੇ ਨੂੰ ਹੱਥ ਤੇ ਸਰੀਰ ਨੂੰ ਘਰ ਬਣਾਇਆ ਹੈ (ਜੋਗੀ ਲੋਕਾਂ ਦੇ ਘਰਾਂ ਵਿਚ ਫਿਰ ਕੇ ਹੱਥਾਂ ਤੇ ਅੰਨ ਆਦਿ ਮੰਗ ਲਿਆਉਂਦੇ ਹਨ {ਅਉਹਠਿ ਹਸਤ ਮਹਿ ਭੀਖਿਆ ਜਾਚੀ ਏਕ ਭਾਇ ਲਿਵ ਲਾਗੀ ੧੩੩੨}, ਪਰ ਪ੍ਰਭੂ ਨਾਲ ਜੁੜਿਆ ਜੋਗੀ ਅਪਣੇ ਹਿਰਦੇ ਰੂਪ ਹੱਥ ਨਾਲ ਸਰੀਰ ਘਰ ਵਿਚੋਂ ਹੀ ਪ੍ਰਭੂ ਤੋਂ ਭਿਖਿਆ ਮੰਗਦਾ ਹੈ, ਕਿਉਂਕਿ ਉਸ ਜੋਗੀ ਨੇ ਦੇਖ ਲਿਆ ਹੈ ਕਿ ਪ੍ਰਭੂ ਨੇ) ਧਰਤੀ ਅਤੇ ਅਕਾਸ਼ ਵਿਚ ਅਪਣੀ ਸ਼ਕਤੀ ਟਿਕਾਈ ਹੋਈ ਹੈ (ਉਹ ਸਰਬ ਵਿਆਪਕ ਹੈ) ।੧।ਹੇ ਸੰਤ ਜਨੋਂ ! ਗੁਰੂ ਪ੍ਰਮੇਸ਼ਰ ਨੇ ਸ਼ਬਦ ਦੁਆਰਾ ਕਿਤਨੀ ਹੀ ਸ੍ਰਿਸਟੀ (ਭਵਜਲ ਤੋਂ) ਤਾਰ ਦਿਤੀ ਹੈ।੧।ਰਹਾਉ।(ਉਹ ਜੋਗੀ ਅਪਣੀ) ਮਮਤਾ ਮਾਰ ਕੇ ਹਉਮੈ ਨੂੰ ਸੁਕਾ ਦੇਂਦਾ ਹੈ, (ਹੇ ਪ੍ਰਭੂ ! ਉਸ ਜੋਗੀ ਨੂੰ) ਤਿੰਨਾਂ ਭਵਨਾਂ ਵਿਚ ਤੇਰੀ ਜੋਤ ਦਿਸਦੀ ਹੈ।੨।(ਉਹ ਜੋਗੀ ਅਪਣੇ) ਮਨ ਦੇ ਫੁਰਨੇ ਮਾਰ ਕੇ ਮਨ ਵਿਚ ਹੀ ਦਬਾਈ ਰਖਦਾ ਹੈ, (ਕਿਉਂਕਿ ਉਹ) ਸਤਿਗੁਰੂ ਦੇ ਸ਼ਬਦ ਦੁਆਰਾ ਵਿਚਾਰਵਾਨ ਬਣ ਗਿਆ ਹੈ।੩।ਹੇ ਪ੍ਰਭੂ ! (ਉਸ ਜੋਗੀ ਨੂੰ) ਹਰੇਕ ਜੀਵ ਦੇ ਹਿਰਦੇ ਵਿਚ ਤੇਰੀ ਜੋਤ ਦਿਸਦੀ ਹੈ, (ਇਹੋ ਉਸ ਦੀ) ਸੁਰਤ ਵਿਚ ਹੀ ਇਕ ਰਸ ਸਿੰਗੀ ਵਜਦੀ ਹੈ।੪।(ਜੋਗੀ ਸੰਸਾਰ ਨੂੰ ਛਡਦੇ ਹਨ, ਪਰ ਗੁਰਮੁਖ ਜੋਗੀ ਨੇ) ਸਾਰੇ ਜਗਤ ਪਸਾਰੇ ਨੂੰ ਬੀਣਾ ਸਮਝ ਕੇ ਉਸ ਵਿਚ ਮਨ ਨੂੰ ਟਿਕਾ ਕੇ ਰੱਖਿਆ ਹੈ ਅਤੇ ਬ੍ਰਹਮ ਦੀ ਅਗਨੀ (ਉਸ ਨੇ ਅਪਣੇ ਅੰਦਰ) ਚੰਗੀ ਤਰ੍ਹਾਂ ਬਾਲੀ ਹੈ।੫।ਪੰਜ ਤੱਤਾਂ ਦਾ ਸਰੀਰ ਮਿਲਣ ਕਰਕੇ (ਇਸ ਵਿਚ ਉਸ ਜੋਗੀ ਨੇ) ਦਿਨ ਰਾਤ ਅਪਾਰ ਪ੍ਰਭੂ ਦੀ ਨਿਰਮਲ ਜੋਤ ਦਾ ਦੀਵਾ ਬਾਲਿਆ ਹੈ।੬।(ਉਸ ਨੇ) ਸੂਰਜ ਤੇ ਚੰਦ੍ਰਮਾ (ਇੜਾ ਤੇ ਪਿੰਗਲਾ ਸੁਰਾਂ) ਨੂੰ ਤੂੰਬੇ ਬਣਾਇਆ ਹੈ ਅਤੇ ਇਸ ਤਨ ਨੂੰ ਕਿੰਗਰੀ ਬਣਾਇਆ ਹੈ, (ਜਿਸ ਦੇ ਅੰਦਰ) ਸ਼ਬਦ ਰੂਪ ਨਿਰਾਲੀ ਧੁਨ ਵਜਦੀ ਹੈ (ਉਹ ਇੜਾ ਪਿੰਗਲਾ ਰਾਹੀਂ ਸੁਆਸ ਚਾੜ੍ਹਨ ਦੀ ਜਗ੍ਹਾ ਸੁਆਸ ਸੁਆਸ ਨਾਮ ਜਪ ਕੇ ਆਤਮ ਸੰਗੀਤ ਦਾ ਅਨੰਦ ਮਾਣਦਾ ਹੈ)।੭।ਹੇ ਅਉਧੂ ! ਕਲਿਆਣ ਰੂਪ ਪ੍ਰਭੂ ਦੀ ਨਗਰੀ (ਆਤਮ ਮੰਡਲ) ਵਿਚ (ਉਸ ਜੋਗੀ ਦਾ) ਆਸਣ ਹੈ, (ਜਿੱਥੇ) ਅਲੱਖ, ਅਗੰਮ ਤੇ ਅਪਾਰ ਪ੍ਰਭੂ ਵਸਦਾ ਹੈ।੮।(ਉਸ ਜੋਗੀ ਦੇ) ਸਰੀਰ ਦਾ ਰਾਜਾ ਮਨ ਹੈ, (ਜਿਸ ਵਿਚ ਉਸ ਦੇ) ਪੰਜ ਗਿਆਨ ਇੰਦ੍ਰੇ ਵਿਚਾਰਵਾਨ ਹੋ ਕੇ ਵਸਦੇ ਹਨ।੯।

ਪਦਾਰਥ = ਅਉਹਠਿ–ਹਿਰਦੇ ਨੂੰ।ਹਸਤ–ਹੱਥ; ਹੈ।ਮੜੀ–ਸਰੀਰ।ਛਾਇਆ–ਬਣਾਇਆ।ਧਰਣਿ–ਧਰਤੀ ਵਿਚ।ਗਗਨ–ਅਕਾਸ਼ ਵਿਚ।ਕਲ–ਚੇਤਨ ਸੱਤਾ।ਧਾਰੀ–ਟਿਕਾਈ ਹੋਈ ਹੈ।੧।ਗੁਰਮੁਖਿ–ਗੁਰੂ ਪ੍ਰਮੇਸਰ ਨੇ।ਕੇਤੀ–ਕਿਤਨੀ ਹੀ ਸ੍ਰਿਸਟੀ। ਸਬਦਿ–ਸ਼ਬਦ ਦੁਆਰਾ।ਉਧਾਰੀ–ਭਵਜਲ ਤੋਂ ਤਾਰ ਦਿਤੀ।ਸੰਤਹੁ–ਹੇ ਸੰਤ ਜਨੋਂ !।੧।ਰਹਾਉ।ਮਮਤਾ–ਅਪਣੱਤ; ਮੇਰਾਪਣ। ਮਾਰਿ–ਮਾਰ ਕੇ।ਸੋਖੈ–ਸੁਕਾ ਦੇਂਦਾ ਹੈ।ਤ੍ਰਿਭਵਣਿ–ਤਿੰਨਾਂ ਭਵਨਾਂ ਵਿਚ।੨।ਮਨਸਾ–ਮਨ ਦੇ ਫੁਰਨੇ।ਮਨੈ ਮਹਿ–ਮਨ ਵਿਚ। ਵੀਚਾਰੀ–ਵਿਚਾਰਵਾਨ।੩।ਸਿੰਙੀ–ਸਿੰਗ ਦੀ ਸ਼ਕਲ ਦੀ ਛੋਟੀ ਜਿਹੀ ਤੂਤੀ, ਜੋ ਜੋਗੀ ਅਪਣੇ ਲੋਕ ਰਖਦਾ ਹੈ।ਅਨਾਹਦਿ–ਇਕ ਰਸ; ਲਗਾਤਾਰ।ਘਟਿ ਘਟਿ–ਹਰੇਕ ਜੀਵ ਦੇ ਅੰਦਰ।੪।ਪਰਪੰਚ–ਜਗਤ ਰਚਨਾ।ਬੇਣੁ–ਬੀਣਾ।ਤਹੀ–ਉਸ ਵਿਚ।ਬ੍ਰਹਮ ਅਗਨਿ–ਪ੍ਰਭੂ ਦੀ ਪ੍ਰਕਾਸ਼ ਰੂਪ ਅੱਗ।ਪਰਜਾਰੀ–ਚੰਗੀ ਤਰ੍ਹਾਂ ਬਾਲੀ ਹੈ।੫।ਪੰਚ ਤਤੁ–ਪੰਜ ਤੱਤਾਂ ਤੋਂ ਬਣਿਆ ਸਰੀਰ।ਅਹਿ–ਦਿਨ।ਨਿਸਿ–ਰਾਤ।ਦੀਪਕ–ਦੀਵਾ।ਨਿਰਮਲ–ਪਵਿਤ੍ਰ।ਅਪਾਰੀ–ਬੇਅੰਤ ਪ੍ਰਭੂ।੬।ਰਵਿ–ਸੂਰਜ (ਇੜਾ ਨਾੜੀ, ਸੱਜੀ ਸੁਰ)। ਸਸਿ–ਚੰਦ੍ਰਮਾ (ਪਿੰਗਲਾ ਨਾੜੀ, ਖੱਬੀ ਸੁਰ)।ਲਉਕੇ–ਤੂੰਬੇ (ਕਿੰਗਰੀ ਦੇ)।ਤਨੁ–ਸਰੀਰ।ਨਿਰਾਰੀ–ਅਨੋਖੀ।੭।ਸਿਵ ਨਗਰੀ–ਕਲਿਆਣ ਸਰੂਪ ਪ੍ਰਭੂ ਦੀ ਨਗਰੀ (ਆਤਮ ਮੰਡਲ; ਸਾਧ ਸੰਗਤ)।ਅਉਧੂ–ਹੇ ਜੋਗੀ !।ਅਲਖੁ (ਅਲੱਖ ਪੜ੍ਹੋ)–ਅਦ੍ਰਿਸਟ; ਜੋ ਜਾਣਿਆ ਨਾ ਜਾਵੇ।ਅਗੰਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰੀ–ਬੇਅੰਤ।੮।ਕਾਇਆ–ਸਰੀਰ।ਰਾਜਾ–ਉਹ ਰਾਜਾ, ਜੋ ਕਾਮਾਦਿਕਾਂ ਨੂੰ ਵਸ ਵਿਚ ਰਖ ਸਕੇ।ਪੰਚ–ਪੰਜ ਗਿਆਨ ਇੰਦ੍ਰੇ।ਵਸਹਿ–ਵਸਦੇ ਹਨ।ਵੀਚਾਰੀ–ਵਿਚਾਰਵਾਨ ਹੋ ਕੇ।੯।

ਅਉਹਠਿ ਹਸਤ = ਜਿਸ ਪ੍ਰਭੂ ਨੇ ਧਰਤੀ ਅਤੇ ਅਕਾਸ਼ ਵਿਚ ਅਪਣੀ ਕਲਾ ਟਿਕਾਈ ਹੋਈ ਹੈ, (ਉਸ ਨੇ ਜਗਤ ਪੈਦਾ ਕਰਕੇ

ਹਰੇਕ) ਜੀਵ ਦੇ ਸਰੀਰ ਵਿਚ ਉਸ ਦੇ ਹਿਰਦੇ ਨੂੰ ਅਪਣਾ ਘਰ ਬਣਾਇਆ ਹੈ ਭਾਵ ਉਹ ਹਰੇਕ ਜੀਵ ਦੇ ਅੰਦਰ ਮੌਜੂਦ ਹੈ।

ਸਬਦਿ ਰਵੈ ਆਸਣਿ ਘਰਿ ਰਾਜਾ, ਅਦਲੁ ਕਰੇ ਗੁਣਕਾਰੀ ॥੧੦॥ (ਪ੍ਰਭੂ ਨਾਲ ਜੁੜੇ ਜੋਗੀ ਦਾ) ਮਨ ਰੂਪ ਰਾਜਾ ਹਿਰਦੇ ਘਰ ਵਿਚ ਆਸਣ ਤੇ ਬੈਠ ਕੇ ਗੁਰੂ ਦੇ ਸ਼ਬਦ ਦੁਆਰਾ (ਪ੍ਰਭੂ ਦਾ) ਜਸ ਉਚਾਰਦਾ ਹੈ ਤੇ ਗੁਣਵਾਨ ਹੋ ਕੇ ਨਿਆਂ ਕਰਦਾ ਹੈ।੧੦।

ਅੰਗ ੯੦੮ = ਕਾਲੁ ਬਿਕਾਲੁ ਕਹੇ ਕਹਿ ਬਪੁਰੇ, ਜੀਵਤ ਮੂਆ ਮਨੁ ਮਾਰੀ ॥੧੧॥ ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ, ਆਪੇ ਕਰਤਾ ਕਾਰੀ ॥੧੨॥ ਕਾਇਆ ਸੋਧਿ ਤਰੈ ਭਵਸਾਗਰੁ ,ਆਤਮ ਤਤੁ ਵੀਚਾਰੀ ॥੧੩॥ ਗੁਰ ਸੇਵਾ ਤੇ ਸਦਾ ਸੁਖੁ ਪਾਇਆ, ਅੰਤਰਿ ਸਬਦੁ ਰਵਿਆ ਗੁਣਕਾਰੀ ॥੧੪॥ ਆਪੇ ਮੇਲਿ ਲਏ ਗੁਣ ਦਾਤਾ, ਹਉਮੈ ਤ੍ਰਿਸਨਾ ਮਾਰੀ ॥੧੫॥ ਤ੍ਰੈ ਗੁਣ ਮੇਟੇ ਚਉਥੈ ਵਰਤੈ, ਏਹਾ ਭਗਤਿ ਨਿਰਾਰੀ ॥੧੬॥ ਗੁਰਮੁਖਿ ਜੋਗ ਸਬਦਿ ਆਤਮ ਚੀਨੈ, ਹਿਰਦੈ ਏਕੁ ਮੁਰਾਰੀ ॥੧੭॥ (ਜਿਹੜਾ ਜੋਗੀ) ਮਨ ਨੂੰ ਮਾਰ ਕੇ ਜੀਵਤ ਭਾਵ ਤੋਂ ਮਰ ਗਿਆ ਹੈ, ਬਿਚਾਰੇ ਮੌਤ ਤੇ ਜਨਮ (ਉਸ ਨੂੰ) ਕੀ ਕਹਿ ਸਕਦੇ ਹਨ? (ਉਹ ਜੋਗੀ ਮੁਕਤ ਹੋ ਗਿਆ ਹੈ)।੧੧।(ਉਸ ਜੋਗੀ ਨੂੰ ਗਿਆਨ ਹੋ ਜਾਂਦਾ ਹੈ ਕਿ) ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ (ਪੈਦਾ ਕਰਨ ਵਾਲੀ, ਪਾਲਣ ਵਾਲੀ ਤੇ ਮਾਰਨ ਵਾਲੀ ਸ਼ਕਤੀ) ਇਕ ਪ੍ਰਭੂ ਦੇ ਹੀ ਵੱਖ ਵੱਖ ਰੂਪ ਹਨ, ਕਰਤਾਰ ਆਪ ਹੀ ਸਭ ਕੁਛ ਕਰਨ ਵਾਲਾ ਹੈ (ਬ੍ਰਹਮਾ, ਬਿਸ਼ਨੂੰ ਤੇ ਸ਼ਿਵ ਜੀ ਕਰਤਾਰ ਦੀ ਸ਼ਕਤੀਆਂ ਦੇ ਹੀ ਨਾਮ ਹਨ)।੧੨।(ਉਹ ਜੋਗੀ) ਸਰੀਰ ਨੂੰ ਸ਼ੁੱਧ (ਵਿਸ਼ੇ ਵਿਕਾਰਾਂ ਤੋਂ ਰਹਿਤ) ਕਰਕੇ ਆਤਮਾ ਦੇ ਮੂਲ ਪ੍ਰਭੂ ਨੂੰ ਵਿਚਾਰਨ ਵਾਲਾ ਹੋ ਕੇ ਭਵ ਸਾਗਰ ਨੂੰ ਤਰ ਜਾਂਦਾ ਹੈ।੧੩।(ਉਸ ਨੇ) ਗੁਰੂ ਦੀ ਸੇਵਾ ਤੋਂ ਸਦਾ ਸੁਖ ਪਾਇਆ ਹੈ ਅਤੇ ਹਿਰਦੇ ਅੰਦਰ ਗੁਣ ਪੈਦਾ ਕਰਨ ਵਾਲੇ ਗੁਰੂ ਦੇ ਸ਼ਬਦ ਨੂੰ ਉਚਾਰਿਆ ਹੈ।੧੪।(ਉਸ ਜੋਗੀ ਨੇ ਅਪਣੀ) ਹਉਮੈ ਤੇ ਤ੍ਰਿਸ਼ਨਾ ਮਾਰ ਲਈ ਹੈ, (ਇਸ ਲਈ) ਗੁਣਾਂ ਦਾ ਦਾਤਾ ਪ੍ਰਭੂ ਆਪ ਹੀ (ਉਸ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈ।੧੫। (ਉਹ ਜੋਗੀ) ਤਿੰਨ ਗੁਣ ਮਿਟਾ ਕੇ ਚੌਥੇ ਪਦ ਵਿਚ ਵਰਤਦਾ ਹੈ, ਇਹ ਹੀ ਅਨੋਖੀ ਭਗਤੀ ਹੈ।੧੬।ਗੁਰਮੁਖ ਦਾ ਜੋਗ ਇਹ ਹੈ ਕਿ ਉਹ ਸ਼ਬਦ ਦੁਆਰਾ ਆਤਮਾ ਨੂੰ ਪਛਾਣਦਾ ਹੈ ਅਤੇ ਹਿਰਦੇ ਵਿਚ ਇਕ ਪ੍ਰਭੂ ਨੂੰ ਖੋਜਦਾ ਹੈ।੧੭।

ਪਦਾਰਥ = ਰਵੈ–ਉਚਾਰਦਾ ਹੈ।ਘਰਿ–ਹਿਰਦੇ ਘਰ ਵਿਚ।ਅਦਲੁ–ਨਿਆਂ।ਕਰੇ–ਕਰਦਾ ਹੈ।ਗੁਣਕਾਰੀ–ਗੁਣਾਂ ਵਾਲਾ।੧੦। ਬਪੁਰੇ–ਬਿਚਾਰੇ (ਲਾਚਾਰ)।ਕਾਲੁ–ਮੌਤ।ਬਿਕਾਲੁ–ਜਨਮ।ਕਹਿ–ਕੀ।ਕਹੇ–ਕਹਿ ਸਕਦੇ ਹਨ।ਜੀਵਤ ਮੂਆ–ਜੀਵਤ ਭਾਵ ਤੋਂ ਮਰ ਗਿਆ।ਮਨ ਮਾਰੀ–ਮਨ ਨੂੰ ਮਾਰ ਕੇ।੧੧।ਮਹੇਸ–ਸ਼ਿਵ ਜੀ।ਇਕ ਮੂਰਤਿ–ਇਕ ਪ੍ਰਭੂ ਦੇ ਰੂਪ ਹਨ।ਕਰਤਾ–ਕਰਤਾਰ। ਕਾਰੀ–ਕਰਨ ਵਾਲਾ।੧੨।ਸੋਧਿ–ਸ਼ੁੱਧ ਕਰਕੇ।ਭਵ ਸਾਗਰੁ–ਸੰਸਾਰ ਸਮੁੰਦਰ।ਆਤਮ ਤਤੁ–ਆਤਮਾ ਦੇ ਮੂਲ ਪ੍ਰਭੂ ਨੂੰ।ਵੀਚਾਰੀ– ਵਿਚਾਰਵਾਨ ਹੋ ਕੇ।੧੩।ਤੇ–ਤੋਂ।ਅੰਤਰਿ–ਹਿਰਦੇ ਅੰਦਰ।ਰਵਿਆ–ਉਚਾਰਿਆ ਹੈ।ਗੁਣਕਾਰੀ–ਲਾਭਦਾਇਕ; ਗੁਣ ਪੈਦਾ ਕਰਨ ਵਾਲਾ।੧੪।ਗੁਣ ਦਾਤਾ–ਗੁਣ ਦੇਣ ਵਾਲਾ ਪ੍ਰਭੂ।ਮਾਰੀ–ਮਾਰ ਲਈ ਹੈ।੧੫।ਤ੍ਰੈ ਗੁਣ–ਮਾਇਆ ਦੇ ਤਿੰਨ (ਰਜੋ, ਸਤੋ ਤੇ ਤਮੋ) ਗੁਣ।ਚਉਥੈ–ਚੌਥੇ ਪਦ (ਗਿਆਨ ਅਵਸਥਾ)।ਨਿਰਾਰੀ–ਅਨੋਖੀ।੧੬।ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪਿਆ ਮਨੁੱਖ।ਸਬਦਿ– ਸ਼ਬਦ ਦੁਆਰਾ।ਚੀਨੈ–ਪਛਾਣਦਾ ਹੈ।ਹਿਰਦੈ–ਹਿਰਦੇ ਵਿਚ।ਏਕੁ ਮੁਰਾਰੀ–ਅਗਿਆਨ ਵਿਨਾਸ਼ਕ ਇਕ ਪ੍ਰਭੂ।੧੭।

ਮਨੂਆ ਅਸਥਿਰੁ ਸਬਦੇ ਰਾਤਾ, ਏਹਾ ਕਰਣੀ ਸਾਰੀ ॥੧੮॥ ਬੇਦੁ ਬਾਦੁ ਨ ਪਾਖੰਡੁ ਅਉਧੂ ,ਗੁਰਮੁਖਿ ਸਬਦਿ ਬੀਚਾਰੀ ॥੧੯॥ ਗੁਰਮੁਖਿ ਜੋਗੁ ਕਮਾਵੈ ਅਉਧੂ ,ਜਤੁ ਸਤੁ ਸਬਦਿ ਵੀਚਾਰੀ ॥੨੦॥ ਸਬਦਿ ਮਰੈ ਮਨੁ ਮਾਰੇ ਅਉਧੂ ,ਜੋਗ ਜੁਗਤਿ ਵੀਚਾਰੀ ॥ ੨੧॥ ਮਾਇਆ ਮੋਹੁ ਭਵਜਲੁ ਹੈ ਅਵਧੂ ,ਸਬਦਿ ਤਰੈ ਕੁਲ ਤਾਰੀ ॥੨੨॥ ਸਬਦਿ ਸੂਰ ਜੁਗ ਚਾਰੇ ਅਉਧੂ ,ਬਾਣੀ ਭਗਤਿ ਵੀਚਾਰੀ ॥੨੩॥ ਏਹੁ ਮਨੁ ਮਾਇਆ ਮੋਹਿਆ ਅਉਧੂ ,ਨਿਕਸੈ ਸਬਦਿ ਵੀਚਾਰੀ ॥੨੪॥ ਆਪੇ ਬਖਸੇ ਮੇਲਿ ਮਿਲਾਏ, ਨਾਨਕ ਸਰਣਿ ਤੁਮਾਰੀ ॥੨੫॥੯॥ (ਜਿਸ ਜੋਗੀ ਦਾ) ਮਨ ਗੁਰੂ ਦੇ ਸ਼ਬਦ ਵਿਚ ਰੰਗਿਆ ਹੋਇਆ ਹੈ, (ਉਹ) ਅਡੋਲ ਰਹਿੰਦਾ ਹੈ, (ਉਸ ਲਈ) ਇਹੋ ਕਰਣੀ ਸ੍ਰੇਸਟ ਹੈ।੧੮।ਹੇ ਅਉਧੂ! (ਉਹ ਜੋਗੀ) ਬੇਦ ਨੂੰ ਪੜ੍ਹ ਕੇ ਬਹਿਸ ਨਹੀਂ ਕਰਦਾ, (ਬੇਦ ਦੀ ਸਿੱਖਿਆ ਤੇ ਅਮਲ ਕਰਦਾ ਹੈ), ਨਾ ਉਹ ਪਖੰਡ ਕਰਦਾ ਹੈ, (ਉਹ) ਗੁਰੂ ਦੇ ਸ਼ਬਦ ਵਿਚ ਜੁੜ ਕੇ ਵਿਚਾਰਵਾਨ ਬਣਦਾ ਹੈ।੧੯।ਹੇ ਜੋਗੀ! (ਉਹ) ਗੁਰੂ ਦੀ ਸਰਨ ਵਿਚ ਪੈ ਕੇ ਜੋਗ ਕਮਾਉਂਦਾ ਹੈ ਅਤੇ (ਗੁਰੂ ਦੇ) ਸ਼ਬਦ ਵਿਚ ਜੁੜ ਕੇ ਵਿਚਾਰਵਾਨ ਹੋ ਕੇ ਜਤ ਸਤ (ਆਦਿ ਗੁਣ) ਧਾਰਨ ਕਰਦਾ ਹੈ।੨੦।(ਉਹ) ਗੁਰੂ ਦੇ ਸ਼ਬਦ ਵਿਚ ਜੁੜ ਕੇ ਆਪ ਭਾਵ ਤੋਂ ਮਰਦਾ ਹੈ ਅਤੇ ਮਨ ਨੂੰ ਮਾਰਦਾ ਹੈ, (ਇਸ ਤਰ੍ਹਾਂ ਦੀ) ਜੋਗ ਦੀ ਜੁਗਤੀ ਦਾ ਉਹ ਵਿਚਾਰਵਾਨ ਹੁੰਦਾ ਹੈ।੨੧।ਹੇ ਜੋਗੀ! ਮਾਇਆ ਦਾ ਮੋਹ ਸਮੁੰਦਰ ਰੂਪ ਹੈ (ਜਿਸ ਵਿਚ ਉਹ ਡੁਬਦਾ ਹੈ, ਪਰ ਗੁਰਮੁਖ ਜੋਗੀ ਗੁਰੂ ਦੇ) ਸ਼ਬਦ ਵਿਚ ਜੁੜ ਕੇ ਆਪ (ਭਵਜਲ ਨੂੰ) ਤਰ ਜਾਂਦਾ ਹੈ ਅਤੇ

ਅਪਣੇ ਕੁਲ ਨੂੰ ਤਾਰ ਲੈਂਦਾ ਹੈ।੨੨।ਹੇ ਜੋਗੀ! (ਗੁਰਮੁਖ ਜੋਗੀ ਗੁਰੂ ਦੇ) ਸ਼ਬਦ ਵਿਚ ਜੁੜ ਕੇ ਚਾਰੇ ਜੁਗਾਂ ਦੇ ਸੂਰਮੇ ਬਣੇ ਹਨ; ਚਾਰੇ ਜੁਗਾਂ ਵਿਚ ਸੂਰਜ ਵਾਂਗ ਪ੍ਰਕਾਸ਼ਵਾਨ ਹਨ, (ਉਹ ਗੁਰੂ ਦੀ) ਬਾਣੀ ਦੁਆਰਾ ਭਗਤੀ ਕਰਦੇ ਹੋਏ ਵਿਚਾਰਵਾਨ ਬਣੇ ਹਨ। ੨੩।ਹੇ ਜੋਗੀ! (ਮਨੁੱਖ ਦਾ) ਇਹ ਮਨ ਮਾਇਆ ਵਿਚ ਮੋਹਿਆ ਹੋਇਆ ਹੈ, ਗੁਰੂ ਦੇ ਸ਼ਬਦ ਦੁਆਰਾ ਵਿਚਾਰਵਾਨ ਬਣ ਕੇ (ਮਾਇਆ ਦੇ ਜਾਲ ਵਿਚੋਂ ਮਨੁੱਖ) ਨਿਕਲ ਸਕਦਾ ਹੈ।੨੪।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਭੂ! ਜੋ ਮਨੁੱਖ) ਤੇਰੀ ਸ਼ਰਣ ਵਿਚ ਪਏ ਹਨ, (ਉਹ ਤੈਂ) ਆਪੇ ਬਖਸ਼ਿਸ਼ ਕਰਕੇ ਅਪਣੇ ਮੇਲ (ਸੰਗਤ) ਵਿਚ ਮਿਲਾਏ ਹਨ।੨੫।੯।

ਪਦਾਰਥ = ਅਸਥਿਰੁ–ਅਡੋਲ; ਅਚੱਲ।ਸਬਦੇ ਰਾਤਾ–ਸ਼ਬਦ ਵਿਚ ਰੰਗਿਆ ਹੋਇਆ ਹੈ।ਕਰਣੀ–ਕਰਨ ਯੋਗ ਕਰਮ।ਸਾਰੀ–ਸ੍ਰੇਸਟ।੧੮।ਬਾਦੁ–ਬਹਿਸ; ਝਗੜਾ।ਅਉਧੂ–ਹੇ ਜੋਗੀ!।ਗੁਰਮੁਖਿ ਸ਼ਬਦਿ–ਗੁਰੂ ਦੇ ਸ਼ਬਦ ਵਿਚ ਜੁੜ ਕੇ।ਬੀਚਾਰੀ–ਵਿਚਾਰਵਾਨ।੧੯।ਜਤੁ–ਕਾਮ ਵਾਸ਼ਨਾ ਨੂੰ ਕਾਬੂ ਕਰਨ ਦਾ ਜਤਨ।੨੦।ਮਰੈ–ਆਪਾ ਭਾਵ ਤੋਂ ਮਰਦਾ ਹੈ।ਜੋਗ ਜੁਗਤਿ–ਜੋਗ ਦਾ ਤਰੀਕਾ। ੨੧।ਭਵਜਲੁ–ਸਮੁੰਦਰ ਰੂਪ; ਘੁੰਮਣਘੇਰੀ।ਕੁਲ ਤਾਰੀ–ਖਾਨਦਾਨ ਨੂੰ ਤਾਰ ਲੈਂਦਾ ਹੈ।੨੨।ਸੂਰ–ਸੂਰਮੇ; ਸੂਰਜ ਸਮਾਨ ਹਨ। ਭਗਤਿ–ਭਗਤੀ।੨੩।ਨਿਕਸੈ–ਨਿਕਲ ਸਕਦਾ ਹੈ।੨੪।ਬਖਸੇ–ਬਖਸ਼ਿਸ਼ ਕਰਦਾ ਹੈ।ਮੇਲਿ–ਮੇਲ (ਸੰਗਤ ਵਿਚ)।੨੫।੯।

ਰਾਮਕਲੀ ਮਹਲਾ ੩ ਅਸਟਪਦੀਆ ੧ਓ ਸਤਿਗੁਰ ਪ੍ਰਸਾਦਿ ॥ ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ, ਖਿੰਥਾ ਕਰਿ ਤੂ ਦਇਆ ॥ ਆਵਣੁ ਜਾਣੁ ਬਿਭੂਤਿ ਲਾਇ ਜੋਗੀ, ਤਾ ਤੀਨਿ ਭਵਣ ਜਿਣਿ ਲਇਆ ॥੧॥ ਐਸੀ ਕਿੰਗੁਰੀ ਵਜਾਇ ਜੋਗੀ ॥ ਜਿਤੁ ਕਿੰਗੁਰੀ ਅਨਹਦੁ ਵਾਜੈ, ਹਰਿ ਸਿਉ ਰਹੈ ਲਿਵ ਲਾਇ ॥੧॥ਰਹਾਉ॥ ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ, ਅੰਮ੍ਰਿਤ ਨਾਮੁ ਭੁਗਤਿ ਪਾਈ ॥ ਧਿਆਨ ਕਾ ਕਰਿ ਡੰਡਾ ਜੋਗੀ, ਸਿੰਙੀ ਸੁਰਤਿ ਵਜਾਈ ॥੨॥ ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ, ਤਾ ਤੇਰੀ ਕਲਪਣਾ ਜਾਈ ॥ ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ, ਤਾ ਨਾਮੁ ਪਲੈ ਪਾਈ ॥੩॥ ਇਤੁ ਕਿੰਗੁਰੀ ਧਿਆਨੁ ਨ ਲਾਗੈ ਜੋਗੀ, ਨਾ ਸਚੁ ਪਲੈ ਪਾਇ ॥ ਇਤੁ ਕਿੰਗੁਰੀ ਸਾਂਤਿ ਨ ਆਵੈ ਜੋਗੀ, ਅਭਿਮਾਨੁ ਨ ਵਿਚਹੁ ਜਾਇ ॥੪॥ ਭਉ ਭਾਉ ਦੁਇ ਪਤ ਲਾਇ ਜੋਗੀ, ਇਹੁ ਸਰੀਰੁ ਕਰਿ ਡੰਡੀ ॥ ਗੁਰਮੁਖਿ ਹੋਵਹਿ ਤਾ ਤੰਤੀ ਵਾਜੈ, ਇਨ ਬਿਧਿ ਤ੍ਰਿਸਨਾ ਖੰਡੀ ॥੫॥ ਹੁਕਮੁ ਬੁਝੈ ਸੋ ਜੋਗੀ ਕਹੀਐ, ਏਕਸ ਸਿਉ ਚਿਤੁ ਲਾਏ ॥ ਸਹਸਾ ਤੂਟੈ ਨਿਰਮਲੁ ਹੋਵੈ, ਜੋਗ ਜੁਗਤਿ ਇਵ ਪਾਏ ॥੬॥ (ਗੋਇੰਦਵਾਲ ਸਾਹਿਬ ਵਿਖੇ ਆਏ ਇਕ ਹੰਕਾਰੀ ਜੋਗੀ ਨੂੰ ਗੁਰੂ ਅਮਰਦਾਸ ਜੀ ਅਸਲੀ ਤੇ ਅੰਤ੍ਰੀਵ ਜੋਗ ਦਸਦੇ ਹਨ) ਹੇ ਜੋਗੀ! (ਵਿਸ਼ੇ ਵਿਕਾਰਾਂ ਤੋਂ) ਸ਼ਰਮ ਕਰਨ ਦੀਆਂ ਮੁੰਦ੍ਰਾਂ ਤੂੰ ਅਪਣੇ ਕੰਨਾਂ ਵਿਚ ਪਾ, ਤੇ (ਗਰੀਬਾਂ ਉਤੇ) ਦਇਆ ਕਰਨ ਦੀ ਤੂੰ ਖਫਣੀ ਪਹਿਨ।ਹੇ ਜੋਗੀ! ਜਨਮ ਮਰਨ ਦੇ ਗੇੜ ਦਾ ਡਰ ਯਾਦ ਰੱਖ (ਇਹ ਅਪਣੇ ਸਰੀਰ ਉਤੇ) ਸੁਆਹ ਮਲ ਲੈ, (ਇਹ ਉਦਮ ਕਰਕੇ ਸਮਝ ਲੈ ਕਿ ਤੂੰ) ਤਿੰਨਾਂ ਭਵਨਾਂ ਨੂੰ ਜਿਤ ਲਿਆ ਹੈ।੧।ਹੇ ਜੋਗੀ! ਤੂੰ ਇਹੋ ਜਿਹੀ ਕਿੰਗਰੀ ਵਜਾ।ਜਿਸ ਕਿੰਗਰੀ ਦੇ ਵਜਾਉਣ ਨਾਲ (ਤੇਰੇ ਅੰਦਰ) ਇਕ ਰਸ ਧੁਨੀ ਵਜਣ ਲਗ ਜਾਵੇ ਅਤੇ ਹਰੀ ਨਾਲ ਲਿਵ ਲੱਗੀ ਰਹੇ।੧।ਰਹਾਉ।ਹੇ ਜੋਗੀ! ਸਤ ਰੂਪ ਖੱਪਰ ਬਣਾ ਤੇ ਸੰਤੋਖ ਰੂਪ ਝੋਲੀ ਬਣਾ ਅਤੇ (ਉਸ ਖੱਪਰ ਵਿਚ) ਅੰਮ੍ਰਿਤ ਨਾਮ ਰੂਪ ਭੋਜਨ ਪਾ (ਜਿਸ ਨਾਲ ਤੂੰ ਰੱਜਿਆ ਰਹੇਂ)।ਹੇ ਜੋਗੀ! ਤੂੰ ਪ੍ਰਭੂ ਵਿਚ ਧਿਆਨ ਜੋੜਨ ਨੂੰ (ਹੱਥ ਵਿਚ ਰੱਖਣ ਵਾਲਾ) ਡੰਡਾ ਬਣਾ ਅਤੇ (ਪ੍ਰਭੂ ਵਿਚ) ਸੁਰਤ ਜੋੜਨ ਰੂਪ ਸਿਙੀ ਵਜਾਇਆ ਕਰ।੨।ਹੇ ਜੋਗੀ! ਮਨ ਨੂੰ ਦ੍ਰਿੜ ਕਰਕੇ (ਅਪਣੇ) ਆਸਣ ਉਤੇ ਬੈਠ (ਮਨ ਨੂੰ ਵਸ ਵਿਚ ਕਰ), ਤਾਂ ਤੇਰੀ ਕਲਪਨਾ ਦੂਰ ਹੋ ਜਾਏਗੀ।ਜੇ ਤੂੰ ਸਰੀਰ ਰੂਪ ਨਗਰ ਵਿਚ ਭਿਖਿਆ ਮੰਗਣ ਵਾਸਤੇ ਚੜ੍ਹ ਪਵੇਂ (ਖੋਜ ਕਰੇਂ), ਤਾਂ (ਅੰਦਰੋਂ ਹੀ ਪ੍ਰਭੂ ਦਾ) ਨਾਮ ਤੇਰੇ ਪੱਲੇ ਪੈ (ਮਿਲ) ਜਾਵੇਗਾ।੩।ਹੇ ਜੋਗੀ! (ਜਿਹੜੀ ਵੀਣਾ ਤੂੰ ਵਜਾਉਂਦਾ ਹੈਂ) ਇਸ ਵੀਣਾ ਦੇ ਵਜਾਉਣ ਕਰਕੇ ਤੇਰਾ ਧਿਆਨ ਪ੍ਰਭੂ ਨਾਲ ਨਹੀਂ ਲਗ ਸਕਦਾ ਅਤੇ ਨਾ ਹੀ ਸੱਚ ਪੱਲੇ ਪੈਂਦਾ ਹੈ।ਇਸ ਵੀਣਾ ਦੇ ਵਜਾਇਆਂ (ਮਨ ਵਿਚ) ਸ਼ਾਂਤੀ ਵੀ ਨਹੀਂ ਆਉਂਦੀ ਅਤੇ ਹੰਕਾਰ ਵੀ ਮਨ ਵਿਚੋਂ ਨਹੀਂ ਜਾਂਦਾ।੪।ਹੇ ਜੋਗੀ! ਇਹ ਸਰੀਰ ਨੂੰ (ਕਿੰਗਰੀ ਦੀ) ਡੰਡੀ ਬਣਾ ਕੇ (ਉਸ ਉਤੇ ਪ੍ਰਭੂ ਦਾ) ਡਰ ਤੇ ਪ੍ਰੇਮ ਰੂਪ ਦੋ ਤੂੰਬੇ ਲਗਾ।ਜੇ ਤੂੰ ਗੁਰੂ ਅਨੁਸਾਰੀ ਹੋਵੇਂਗਾ ਤਾਂ ਤੇਰੀ ਬਿਰਤੀ ਰੂਪ ਤਾਰ ਵਜਦੀ ਰਹੇਗੀ, ਇਸ ਵਿਧੀ ਨਾਲ (ਤੇਰੇ ਅੰਦਰੋਂ ਮਾਇਆ ਦੀ) ਤ੍ਰਿਸ਼ਨਾ ਨਾਸ਼ ਹੋ ਜਾਵੇਗੀ।੫।(ਜੋ ਮਨੁੱਖ ਪ੍ਰਭੂ ਦਾ) ਹੁਕਮ ਸਮਝਦਾ (ਹੁਕਮ ਅਨੁਸਾਰ ਚਲਦਾ) ਹੈ ਅਤੇ ਇਕ ਪ੍ਰਭੂ ਨਾਲ ਚਿੱਤ ਲਾਉਂਦਾ ਹੈ, ਉਹ ਅਸਲੀ ਜੋਗੀ ਕਹੀਦਾ ਹੈ।(ਉਸ ਦਾ) ਸੰਸਾ ਟੁੱਟ ਜਾਂਦਾ ਹੈ ਅਤੇ ਮਨ ਪਵਿਤ੍ਰ ਹੋ ਜਾਂਦਾ ਹੈ, ਇਸ ਤਰ੍ਹਾਂ ਉਹ ਹਰੀ ਨਾਲ ਜੁੜਨ ਦਾ ਤਰੀਕਾ ਪਾ ਲੈਂਦਾ ਹੈ।੬।

ਪਦਾਰਥ = ਸਰਮੈ ਦੀਆ–ਸ਼ਰਮ ਹਯਾ ਦੀਆਂ; ਉਦਮ ਕਰਨ ਦੀਆਂ; ਮੇਹਨਤ ਦੀਆਂ।ਕੰਨੀ–ਕੰਨਾਂ ਵਿਚ।ਜੋਗੀ–ਹੇ ਜੋਗੀ!।

ਖਿੰਥਾ–ਖਫਣੀ; ਗੋਦੜੀ।ਆਵਣੁ ਜਾਣੁ–ਆਵਾਗਵਨ (ਜਨਮ ਮਰਨ ਦੇ ਗੇੜ ਦਾ ਡਰ)।ਬਿਭੂਤਿ–ਸੁਆਹ।ਤੀਨਿ ਭਵਣ–ਤਿੰਨ ਭਵਨ (ਅਕਾਸ਼, ਪਤਾਲ ਤੇ ਮਾਤ ਲੋਕ)।ਜਿਨਿ ਲਇਆ–ਜਿਤ ਲਿਆ।੧।ਕਿਗੁਰੀ–ਵੀਣਾ।ਜਿਤੁ–ਜਿਸ ਦੇ ਵਜਾਉਣ ਨਾਲ। ਅਨਹਦੁ ਵਾਜੈ–ਬਿਨਾ ਵਜਾਏ ਅਪਣੇ ਆਪ ਇਕ ਰਸ ਧੁਨੀ ਵਜਣ ਲੱਗ ਜਾਵੇ।ਸਿਉ–ਨਾਲ।ਰਹੈ ਲਿਵ ਲਾਇ–ਸੁਰਤ ਜੁੜੀ ਰਹੇ।੧।ਰਹਾਉ।ਸਤੁ–ਉਚਾ ਆਚਰਣ।ਪਤੁ–ਪਾਤ੍ਰ (ਭਾਂਡਾ; ਚਿੱਪੀ)।ਕਰਿ–ਬਣਾ।ਭੁਗਤਿ–ਭੋਜਨ।ਡੰਡਾ–ਸੋਟੀ।ਸਿੰਙੀ–ਸਿੰਗ ਦਾ ਬਣਿਆ ਜੋਗੀਆਂ ਦਾ ਵਾਜਾ।੨।ਦ੍ਰਿੜੁ–ਪੱਕਾ; ਬਲਵਾਨ।ਆਸਣਿ–ਆਸਣ ਉਤੇ।ਬੈਸੁ–ਬੈਠ।ਤਾ–ਤਾਂ; ਤਦ।ਕਲਪਣਾ–ਖਿਝ; ਤਰਕ; ਸੰਸਾ।ਜਾਈ–ਦੂਰ ਹੋ ਜਾਏਗੀ।ਕਾਇਆ–ਸਰੀਰ।ਮੰਗਣਿ ਚੜਹਿ–ਮੰਗਣ ਵਾਸਤੇ ਚੱਲ ਪਵੇਂ।ਪਲੈ ਪਾਈ–ਪੱਲੇ ਪੈ (ਮਿਲ) ਜਾਵੇਗਾ।੩।ਇਤੁ–ਇਸ।ਨ ਲਾਗੈ–ਨਹੀਂ ਲਗ (ਜੁੜ) ਸਕਦਾ।ਵਿਚਹੁ–ਮਨ ਵਿਚੋਂ।੪।ਭਉ–ਡਰ।ਭਾਉ–ਪ੍ਰੇਮ। ਦੁਇ–ਦੋ।ਪਤ–ਤੂੰਬੇ (ਕਿੰਗਰੀ ਦੀ ਲੰਬੀ ਡੰਡੀ ਉਤੇ ਦੋ ਤੂੰਬੇ ਲੱਗੇ ਹੁੰਦੇ ਹਨ)।ਡੰਡੀ–ਕਿੰਗਰੀ ਦੀ ਡੰਡੀ।ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪਿਆ ਮਨੁੱਖ।ਤੰਤੀ–ਵੀਣਾ ਦੀ ਤਾਰ।ਇਨ ਬਿਧਿ–ਇਸ ਤਰੀਕੇ ਨਾਲ।ਖੰਡੀ–ਨਾਸ਼ ਹੋ ਜਾਵੇਗੀ।੫।ਬੁਝੈ–ਸਮਝਦਾ ਹੈ।ਏਕਸ ਸਿਉ–ਇਕ ਪ੍ਰਭੂ ਨਾਲ।ਸੋ–ਉਹ।ਸਹਸਾ–ਸੰਸਾ।ਜੋਗ ਜੁਗਤਿ–ਜੋਗ ਦਾ ਤਰੀਕਾ।ਇਵ–ਇਸ ਤਰ੍ਹਾਂ।੬।

ਨਦਰੀ ਆਵਦਾ ਸਭੁ ਕਿਛੁ ਬਿਨਸੈ, ਹਰਿ ਸੇਤੀ ਚਿਤੁ ਲਾਇ ॥ ਸਤਿਗੁਰ ਨਾਲਿ ਤੇਰੀ ਭਾਵਨੀ ਲਾਗੈ, ਤਾ ਇਹ ਸੋਝੀ ਪਾਇ ॥੭॥ (ਹੇ ਜੋਗੀ ! ਸੰਸਾਰ ਵਿਚ ਜੋ ਕੁਛ) ਨਜਰ ਆਉਂਦਾ ਹੈ, ਉਹ ਸਭ ਕੁਛ ਨਾਸ਼ ਹੋ ਜਾਏਗਾ, (ਇਸ ਲਈ) ਤੂੰ ਅਪਣੀ ਬਿਰਤੀ ਹਰੀ ਨਾਲ ਲਗਾ ਲੈ।(ਜਦ) ਸਤਿਗੁਰੂ ਨਾਲ ਤੇਰੀ ਭਾਵਨਾ ਲਗ ਜਾਵੇਗੀ, ਤਾਂ ਤੂੰ ਇਹ ਸੋਝੀ ਪਾ ਸਕੇਂਗਾ।੭।

ਅੰਗ ੯੦੯ = ਏਹੁ ਜੋਗੁ ਨ ਹੋਵੈ ਜੋਗੀ, ਜਿ ਕੁਟੰਬੁ ਛੋਡਿ ਪਰਭਵਣੁ ਕਰਹਿ ॥ ਗ੍ਰਿਹ ਸਰੀਰ ਮਹਿ ਹਰਿ ਹਰਿ ਨਾਮੁ ,ਗੁਰ ਪਰਸਾਦੀ ਅਪਣਾ ਹਰਿ ਪ੍ਰਭੁ ਲਹਹਿ ॥੮॥ ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ, ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ ॥ ਅਨੇਕ ਜਤਨ ਭੇਖ ਕਰੇ ਜੋਗੀ, ਰੋਗੁ ਨ ਜਾਇ ਗਵਾਇਆ ॥੯॥ ਹਰਿ ਕਾ ਨਾਮੁ ਅਉਖਧੁ ਹੈ ਜੋਗੀ, ਜਿਸ ਨੋ ਮੰਨਿ ਵਸਾਏ ॥ ਗੁਰਮੁਖਿ ਹੋਵੈ ਸੋਈ ਬੁਝੈ, ਜੋਗ ਜੁਗਤਿ ਸੋ ਪਾਏ ॥੧੦॥ ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ, ਜਿਸ ਨੋ ਨਦਰਿ ਕਰੇ ਸੋ ਪਾਏ ॥ ਅੰਤਰਿ ਬਾਹਰਿ ਏਕੋ ਵੇਖੈ, ਵਿਚਹੁ ਭਰਮੁ ਚੁਕਾਏ ॥੧੧॥ ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ, ਸਾ ਕਿੰਗੁਰੀ ਵਜਾਏ ॥ ਕਹੈ ਨਾਨਕੁ ਮੁਕਤਿ ਹੋਵਹਿ ਜੋਗੀ, ਸਾਚੇ ਰਹਹਿ ਸਮਾਇ ॥੧੨॥੧॥੧੦॥ ਹੇ ਜੋਗੀ ! ਇਹ ਜੋਗ ਨਹੀਂ ਹੁੰਦਾ, ਜਿਹੜਾ ਤੂੰ ਪ੍ਰਵਾਰ ਨੂੰ ਛਡ ਕੇ ਪਰਾਏ ਘਰਾਂ ਵਿਚ ਘੁੰਮਦਾ ਫਿਰਦਾ ਹੈਂ।ਪ੍ਰਭੂ ਦਾ ਨਾਮ (ਇਸ) ਸਰੀਰ ਰੂਪ ਘਰ ਵਿਚ ਹੀ ਮੌਜੂਦ ਹੈ, ਗੁਰੂ ਦੀ ਕ੍ਰਿਪਾ ਨਾਲ ਤੂੰ (ਗ੍ਰਿਸਤ ਵਿਚੋਂ ਹੀ) ਅਪਣੇ ਹਰੀ ਪ੍ਰਭੂ ਨੂੰ ਲੱਭ ਸਕਦਾ ਹੈਂ।੮।ਹੇ ਜੋਗੀ ! ਇਹ ਜਗਤ ਮਿੱਟੀ ਆਦਿ ਪੰਜ ਤੱਤਾਂ ਦਾ ਪੁਤਲਾ ਹੈ, ਇਸ ਵਿਚ ਮਾਇਆ ਦੀ ਤ੍ਰਿਸ਼ਨਾ ਦਾ ਵੱਡਾ ਰੋਗ (ਕੋੜ੍ਹ) ਲੱਗਾ ਹੋਇਆ ਹੈ।ਹੇ ਜੋਗੀ ! ਜੇ ਤੂੰ ਅਨੇਕਾਂ ਜਤਨ ਤੇ ਭੇਖ ਕਰ ਲਵੇਂ, (ਤਾਂ ਵੀ ਤ੍ਰਿਸ਼ਨਾ ਦਾ) ਰੋਗ ਗਵਾਇਆ ਨਹੀਂ ਜਾ ਸਕਦਾ।੯।ਹੇ ਜੋਗੀ ! (ਇਸ ਰੋਗ ਨੂੰ ਨਾਸ਼ ਕਰਨ ਵਾਲੀ) ਦਵਾਈ ਹਰੀ ਦਾ ਨਾਮ ਹੈ, ਜਿਸ ਨੂੰ (ਪ੍ਰਭੂ ਕਿਰਪਾ ਕਰਦਾ ਹੈ, ਉਹ ਇਸ ਨਾਮ ਨੂੰ ਅਪਣੇ) ਮਨ ਵਿਚ ਵਸਾਉਂਦਾ ਹੈ।ਜੋ ਗੁਰਮੁਖ ਹੁੰਦਾ ਹੈ, ਉਹ ਹੀ (ਇਸ ਨਾਮ ਨੂੰ) ਸਮਝਦਾ ਹੈ, ਉਹ ਜੋਗ ਦਾ (ਪ੍ਰਭੂ ਨਾਲ ਜੁੜਨ) ਤਰੀਕਾ ਪ੍ਰਾਪਤ ਕਰਦਾ ਹੈ।੧੦।ਹੇ ਜੋਗੀ ! ਪ੍ਰਭੂ ਨਾਲ ਜੁੜਨ ਦਾ ਰਸਤਾ ਔਖਾ ਹੈ, ਜਿਸ ਨੂੰ ਪ੍ਰਭੂ ਮੇਹਰ ਦੀ ਨਜਰ ਕਰਦਾ ਹੈ, ਉਹ (ਇਸ ਰਸਤੇ ਨੂੰ) ਪ੍ਰਾਪਤ ਕਰਦਾ ਹੈ ।(ਉਹ ਅਪਣੇ) ਮਨ ਵਿਚੋਂ ਭਰਮ ਦੂਰ ਕਰਕੇ (ਸਰੀਰ ਦੇ) ਅੰਦਰ ਤੇ ਬਾਹਰ ਸੰਸਾਰ ਵਿਚ ਇਕੋ ਪ੍ਰਭੂ ਨੂੰ ਦੇਖਦਾ ਹੈ (ਹਰੀ ਨੂੰ ਸਰਬ ਵਿਆਪਕ ਜਾਣਦਾ ਹੈ)।੧੧।ਹੇ ਜੋਗੀ ! (ਪ੍ਰਭੂ ਦਾ ਨਾਮ ਰੂਪ) ਕਿੰਗਰੀ (ਜੋ ਅੰਤਰ ਆਤਮੇ) ਬਿਨਾ ਵਜਾਏ ਵਜਦੀ ਹੈ, ਤੂੰ ਉਹ ਕਿੰਗਰੀ ਵਜਾ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਜੋਗੀ ! (ਅਜੇਹੀ ਕਿੰਗਰੀ ਵਜਾਇਆਂ) ਤੂੰ ਮੁਕਤ ਹੋ ਜਾਵੇਂਗਾ ਅਤੇ ਸੱਚੇ ਪ੍ਰਭੂ ਵਿਚ ਲੀਨ ਹੋਇਆ ਰਹੇਂਗਾ।੧੨।੧।੧੦।

ਪਦਾਰਥ = ਨਦਰੀ ਆਵਦਾ–ਨਜਰ ਆਉਂਦਾ ਹੈ।ਬਿਨਸੈ–ਨਾਸ਼ ਹੋ ਜਾਏਗਾ।ਸੇਤੀ–ਨਾਲ।ਲਾਇ–ਲਾ ਲੈ।ਭਾਵਨੀ–ਸ਼ਰਧਾ। ਪਾਇ–ਪਾ ਸਕੇਂਗਾ।੭।ਜੋਗੀ–ਹੇ ਜੋਗੀ !।ਜਿ–ਜਿਹੜਾ।ਕੁਟੰਬੁ–ਪ੍ਰਵਾਰ।ਛੋਡਿ–ਛੱਡ ਕੇ।ਪਰਭਵਣੁ ਕਰਹਿ–ਪਰਾਏ ਘਰਾਂ ਵਿਚ ਘੁੰਮਦਾ ਫਿਰਦਾ ਹੈਂ।ਗ੍ਰਿਹ ਸਰੀਰ ਮਹਿ–ਸਰੀਰ ਘਰ ਵਿਚ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਲਹਹਿ–ਤੂੰ ਲੱਭ ਲਵੇਂਗਾ।੮ ।ਕਰੇ–ਕਰ ਲਵੇਂ।ਨ ਜਾਇ ਗਵਾਇਆ–ਦੂਰ ਨਹੀਂ ਕੀਤਾ ਜਾ ਸਕਦਾ।੯।ਅਉਖਧੁ–ਦਵਾਈ।ਜਿਸ ਨੋ–ਜਿਸ ਨੂੰ।ਮੰਨਿ–ਮਨ ਵਿਚ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਸੋਈ–ਉਹ ਹੀ।ਬੁਝੈ–ਸਮਝਦਾ ਹੈ।ਜੋਗ ਜੁਗਤਿ–ਹਰੀ ਨਾਲ ਜੁੜਨ ਦਾ ਤਰੀਕਾ।ਸੋ–

ਉਹ।੧੦।ਮਾਰਗੁ–ਰਸਤਾ।ਬਿਖਮੁ–ਔਖਾ।ਨਦਰਿ–ਮੇਹਰ ਦੀ ਨਜਰ।ਅੰਤਰਿ–ਸਰੀਰ ਦੇ ਅੰਦਰ।ਵਿਚਹੁ–ਮਨ ਵਿਚੋਂ।ਚੁਕਾਏ –ਦੂਰ ਕਰਕੇ।੧੧।ਕਿੰਗੁਰੀ–ਵੀਣਾ।ਸਾ–ਉਹ।ਸਾਚੇ–ਸੱਚੇ ਪ੍ਰਭੂ ਵਿਚ।ਰਹਹਿ ਸਮਾਇ–ਲੀਨ ਹੋਇਆ ਰਹੇਂਗਾ।੧੨।੧।੧੦।

ਰਾਮਕਲੀ ਮਹਲਾ ੩ ॥ ਭਗਤਿ ਖਜਾਨਾ ਗੁਰਮੁਖਿ ਜਾਤਾ, ਸਤਿਗੁਰਿ ਬੂਝਿ ਬੁਝਾਈ ॥੧॥ ਸੰਤਹੁ ਗੁਰਮੁਖਿ ਦੇਇ ਵਡਿਆਈ ॥੧॥ਰਹਾਉ॥ ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ, ਕਾਮੁ ਕ੍ਰੋਧੁ ਵਿਚਹੁ ਜਾਈ ॥੨॥ ਆਪੁ ਛੋਡਿ ਨਾਮ ਲਿਵ ਲਾਗੀ, ਮਮਤਾ ਸਬਦਿ ਜਲਾਈ ॥੩॥ ਜਿਸ ਤੇ ਉਪਜੈ ਤਿਸ ਤੇ ਬਿਨਸੈ, ਅੰਤੇ ਨਾਮੁ ਸਖਾਈ ॥੪॥ ਸਦਾ ਹਜੂਰਿ ਦੂਰਿ ਨਹ ਦੇਖਹੁ ,ਰਚਨਾ ਜਿਨਿ ਰਚਾਈ ॥੫॥ ਸਚਾ ਸਬਦੁ ਰਵੈ ਘਟ ਅੰਤਰਿ, ਸਚੇ ਸਿਉ ਲਿਵ ਲਾਈ ॥੬॥ ਸਤਸੰਗਤਿ ਮਹਿ ਨਾਮੁ ਨਿਰਮੋਲਕ, ਵਡੈ ਭਾਗਿ ਪਾਇਆ ਜਾਈ ॥੭॥ ਭਰਮਿ ਨ ਭੂਲਹੁ ਸਤਿਗੁਰੁ ਸੇਵਹੁ ,ਮਨੁ ਰਾਖਹੁ ਇਕ ਠਾਈ ॥੮॥ (ਹੇ ਸੰਤ ਜਨੋਂ! ਪ੍ਰਭੂ ਦੀ) ਭਗਤੀ ਦਾ ਖਜਾਨਾ ਗੁਰੂ ਅਨੁਸਾਰੀ ਸਿੱਖ ਨੇ ਜਾਣਿਆ ਹੈ, ਸਤਿਗੁਰੂ ਨੇ ਆਪ ਸਮਝ ਕੇ (ਉਸ ਨੂੰ ਭਗਤੀ ਦੀ) ਸਮਝ ਬਖਸ਼ੀ ਹੈ।੧।ਹੇ ਸੰਤ ਜਨੋਂ! (ਪ੍ਰਭੂ ਲੋਕ ਪ੍ਰਲੋਕ ਵਿਚ) ਗੁਰਮੁਖ ਨੂੰ ਵਡਿਆਈ ਦੇਂਦਾ ਹੈ।੧।ਰਹਾਉ।(ਹੇ ਸੰਤ ਜਨੋਂ! ਗੁਰੂ ਦੀ ਸ਼ਰਣ ਵਿਚ ਰਹਿ ਕੇ) ਸਦਾ ਸੱਚੇ ਨਾਮ ਵਿਚ ਲੀਨ ਰਹੋ, (ਇਸ ਨਾਲ ਤੁਹਾਡੇ ਅੰਦਰ) ਆਤਮਕ ਸੁਖ ਪੈਦਾ ਹੋਵੇਗਾ ਅਤੇ ਕਾਮ ਕ੍ਰੋਧ ਆਦਿ ਵਿਕਾਰ ਮਨ ਵਿਚੋਂ ਦੂਰ ਹੋ ਜਾਣਗੇ।੨।(ਹੇ ਸੰਤ ਜਨੋਂ!) ਆਪਾ ਭਾਵ ਛਡ ਕੇ (ਜਿਸ ਮਨੁੱਖ ਦੀ) ਲਿਵ ਪ੍ਰਭੂ ਦੇ ਨਾਮ ਵਿਚ ਲੱਗੀ ਹੈ, (ਉਸ ਨੇ) ਗੁਰੂ ਦੇ ਸ਼ਬਦ ਦੁਆਰਾ ਅਪਣੀ ਮਮਤਾ ਜਲਾ ਦਿਤੀ ਹੈ।੩।(ਹੇ ਸੰਤ ਜਨੋਂ! ਗੁਰਮੁਖ ਨੂੰ ਗਿਆਨ ਹੋ ਜਾਂਦਾ ਹੈ ਕਿ) ਜਿਸ ਪ੍ਰਭੂ ਤੋਂ ਜੀਵ ਪੈਦਾ ਹੁੰਦਾ ਹੈ, ਉਸ ਦੇ ਹੁਕਮ ਤੋਂ ਹੀ ਨਾਸ਼ ਹੋ ਜਾਂਦਾ ਹੈ, ਪਰ ਅੰਤ ਸਮੇਂ ਪ੍ਰਭੂ ਦਾ ਨਾਮ ਹੀ (ਜੀਵ ਦਾ) ਸਹਾਈ ਹੁੰਦਾ ਹੈ।੪।(ਹੇ ਸੰਤ ਜਨੋ!) ਜਿਸ ਪ੍ਰਭੂ ਨੇ ਸ੍ਰਿਸਟੀ ਦੀ ਰਚਨਾ ਰਚੀ ਹੈ, ਉਹ ਸਦਾ ਹਾਜਰ ਨਾਜਰ ਹੈ, (ਉਸ ਨੂੰ) ਦੂਰ ਨਾ ਦੇਖੋ।੫।(ਜੋ ਮਨੁੱਖ ਅਪਣੇ) ਹਿਰਦੇ ਅੰਦਰ ਸੱਚਾ ਨਾਮ ਉਚਾਰਦਾ ਹੈ, (ਉਸ ਨੇ) ਸੱਚੇ ਪ੍ਰਭੂ ਨਾਲ ਲਿਵ ਲਗਾ ਲਈ ਹੈ।੬।(ਪਰ) ਪ੍ਰਭੂ ਦਾ ਅਮੋਲਕ ਨਾਮ ਸਤਸੰਗਤ ਵਿਚੋਂ ਵੱਡੇ ਭਾਗਾਂ ਨਾਲ ਪ੍ਰਾਪਤ ਕੀਤਾ ਜਾਂਦਾ ਹੈ।੭।(ਹੇ ਸੰਤ ਜਨੋਂ!) ਭਰਮ ਵਿਚ ਪੈ ਕੇ ਨਾ ਭੁੱਲੋ, ਸਤਿਗੁਰੂ ਦੀ ਸੇਵਾ ਕਰੋ ਅਤੇ ਮਨ ਨੂੰ ਇਕ ਥਾਂ ਟਿਕਾ ਕੇ ਰੱਖੋ।੮।

ਪਦਾਰਥ = ਗੁਰਮੁਖਿ–ਗੁਰਮੁਖ ਨੇ।ਜਾਤਾ–ਜਾਣਿਆ ਹੈ।ਸਤਿਗੁਰਿ–ਸਤਗੁਰੂ ਨੇ।ਬੂਝਿ–ਸਮਝ ਕੇ।ਬੁਝਾਈ–ਸਮਝ ਬਖਸ਼ੀ ਹੈ।੧।ਸੰਤਹੁ–ਹੇ ਸੰਤ ਜਨੋਂ!।ਦੇਇ–ਦੇਂਦਾ ਹੈ।ਵਡਿਆਈ–ਆਦਰ ਮਾਣ।੧।ਰਹਾਉ।ਸਚਿ ਰਹਹੁ–ਸੱਚੇ ਨਾਮ ਵਿਚ ਲੀਨ ਰਹੋ। ਸਹਜੁ ਸੁਖੁ–ਕੁਦਰਤੀ ਆਤਮਕ ਸੁੱਖ।ਉਪਜੈ–ਪੈਦਾ ਹੋਵੇਗਾ।ਵਿਚਹੁ ਜਾਈ–ਮਨ ਵਿਚੋਂ ਦੂਰ ਹੋਵੇਗਾ।੨।ਆਪੁ–ਆਪਾ ਭਾਵ; ਅਪਣੱਤ।ਮਮਤਾ–ਮੇਰਾਪਣ।ਸਬਦਿ–ਗੁਰੂ ਦੇ ਸ਼ਬਦ ਦੁਆਰਾ।ਜਲਾਈ–ਜਲਾ ਦਿਤੀ।੩।ਜਿਸ ਤੇ–ਜਿਸ ਪ੍ਰਭੂ ਤੋਂ।ਤਿਸ ਤੇ–ਉਸ ਦੇ ਹੁਕਮ ਤੋਂ ਹੀ।ਅੰਤੇ–ਅੰਤ ਸਮੇਂ।ਸਖਾਈ–ਸਹਾਈ; ਸਾਥੀ ਬਣਦਾ ਹੈ।੪।ਹਜੂਰਿ–ਹਾਜਰ ਨਾਜਰ (ਅੰਗ ਸੰਗ)।ਜਿਨਿ –ਜਿਸ ਨੇ।ਰਚਨਾ ਰਚਾਈ–ਸ੍ਰਿਸਟੀ ਰਚਨਾ ਰਚੀ ਹੈ।੫।ਸਚਾ ਸਬਦੁ–ਸੱਚਾ ਨਾਮ।ਰਵੈ–ਉਚਾਰਦਾ ਹੈ।ਘਟ ਅੰਤਰਿ–ਹਿਰਦੇ ਅੰਦਰ।ਸਿਉ–ਨਾਲ।੬।ਮਹਿ–ਵਿਚ।ਨਿਰਮੋਲਕੁ–ਅਮੋਲਕ।ਵਡੈ ਭਾਗਿ–ਵੱਡੇ ਭਾਗਾਂ ਨਾਲ।ਪਾਇਆ ਜਾਈ–ਪਾਇਆ ਜਾਂਦਾ ਹੈ।੭।ਸੇਵਹੁ–ਸੇਵਾ ਕਰੋ।ਇਕ ਠਾਈ–ਇਕ ਥਾਂ (ਮਨ ਨੂੰ ਭਟਕਣ ਨਾ ਦੇਵੋ)।੮।

ਬਿਨੁ ਨਾਵੈ ਸਭ ਭੂਲੀ ਫਿਰਦੀ, ਬਿਰਥਾ ਜਨਮੁ ਗਵਾਈ ॥੯॥ ਜੋਗੀ ਜੁਗਤਿ ਗਵਾਈ ਹੰਢੈ, ਪਾਖੰਡਿ ਜੋਗੁ ਨ ਪਾਈ ॥੧੦॥ ਸਿਵ ਨਗਰੀ ਮਹਿ ਆਸਣਿ ਬੈਸੈ, ਗੁਰ ਸਬਦੀ ਜੋਗੁ ਪਾਈ ॥੧੧॥ ਧਾਤੁਰ ਬਾਜੀ ਸਬਦਿ ਨਿਵਾਰੇ, ਨਾਮੁ ਵਸੈ ਮਨਿ ਆਈ ॥੧੨॥ ਏਹੁ ਸਰੀਰੁ ਸਰਵਰੁ ਹੈ ਸੰਤਹੁ ,ਇਸਨਾਨੁ ਕਰੇ ਲਿਵ ਲਾਈ ॥੧੩॥ ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ, ਸਬਦੇ ਮੈਲੁ ਗਵਾਈ ॥੧੪॥ ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ, ਬਿਨੁ ਨਾਵੈ ਬਿਨਸਿ ਜਾਈ ॥੧੫॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ,ਤ੍ਰਿਗੁਣਿ ਭਰਮਿ ਭੁਲਾਈ ॥੧੬॥ ਗੁਰ ਪਰਸਾਦੀ ਤ੍ਰਿਕੁਟੀ ਛੂਟੈ, ਚਉਥੈ ਪਦਿ ਲਿਵ ਲਾਈ ॥੧੭॥ (ਹੇ ਸੰਤ ਜਨੋਂ!) ਪ੍ਰਭੂ ਦੇ ਨਾਮ ਤੋਂ ਬਿਨਾ ਸਾਰੀ ਦੁਨੀਆਂ (ਭਰਮ ਵਿਚ ਪੈ ਕੇ) ਭੁੱਲੀ ਫਿਰਦੀ ਹੈ, (ਇਸੇ ਲਈ ਅਪਣਾ) ਮਨੁੱਖਾ ਜਨਮ ਬਿਅਰਥ ਗਵਾ ਰਹੀ ਹੈ।੯।ਜੋਗੀ ਬਿਅਰਥ ਭਟਕਦਾ ਫਿਰਦਾ ਹੈ, (ਉਸ ਨੇ) ਅਸਲ ਜੋਗ ਦੀ ਜੁਗਤੀ ਗਵਾ ਦਿਤੀ ਹੈ, (ਕਿਉਂਕਿ) ਪਖੰਡ ਕਰਨ ਨਾਲ ਜੋਗ (ਪ੍ਰਭੂ ਦਾ ਮਿਲਾਪ) ਪਾਇਆ ਨਹੀਂ ਜਾ ਸਕਦਾ।੧੦।(ਜਿਹੜਾ ਜੋਗੀ) ਕਲਿਆਣ ਸਰੂਪ ਪ੍ਰਭੂ ਦੇ ਨਗਰ ਸਤ ਸੰਗਤ ਵਿਚ ਆਸਣ ਲਾ ਕੇ ਬੈਠਦਾ ਹੈ, (ਉਹ) ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦਾ ਮਿਲਾਪ ਪਾ ਲੈਂਦਾ ਹੈ।੧੧।(ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਵਿਚ ਜੁੜ ਕੇ ਮਾਇਆ ਵਾਸਤੇ ਦੌੜ ਭੱਜ ਵਾਲੀ ਖੇਡ ਦੂਰ ਕਰ ਦੇਂਦਾ ਹੈ, (ਉਸ ਦੇ) ਮਨ ਵਿਚ ਪ੍ਰਭੂ

ਦਾ ਨਾਮ ਆ ਵਸਦਾ ਹੈ।੧੨। ਹੇ ਸੰਤ ਜਨੋਂ! ਇਹ ਸਰੀਰ (ਨਾਮ ਰੂਪ ਜਲ ਨਾਲ ਭਰਿਆ) ਸੋਰਵਰ ਹੈ, (ਜਿਹੜਾ ਮਨੁੱਖ ਇਸ ਸਰੋਵਰ ਵਿਚ) ਇਸ਼ਨਾਨ ਕਰਦਾ ਹੈ (ਨਾਮ ਜਪਦਾ ਹੈ, ਉਸ ਨੇ ਪ੍ਰਭੂ ਨਾਲ) ਲਿਵ ਲਾਈ ਹੈ।੧੩। ਉਹ ਮਨੁੱਖ ਨਿਰਮਲ ਹਨ, (ਜਿਹੜੇ) ਨਾਮ ਰੂਪ ਸਰੋਵਰ ਵਿਚ ਇਸ਼ਨਾਨ ਕਰਦੇ ਹਨ, (ਉਨ੍ਹਾਂ ਨੇ ਗੁਰੂ ਦੇ) ਸ਼ਬਦ ਦੁਆਰਾ ਪਾਪਾਂ ਦੀ ਮੈਲ ਦੂਰ ਕਰ ਲਈ ਹੈ।੧੪। ਤਿੰਨ ਗੁਣਾਂ ਵਾਲੇ ਮਨੁੱਖ ਬੇਸਮਝ ਹੋਣ ਕਰਕੇ ਪ੍ਰਭੂ ਦਾ ਨਾਮ ਨਹੀਂ ਸਿਮਰਦੇ (ਕਲਜੁਗੀ ਲੋਕ ਤਿੰਨ ਗੁਣਾਂ ਵਾਲੀ ਮਾਇਆ ਵਿਚ ਵਿਚਰਦੇ ਹਨ, ਉਨ੍ਹਾਂ ਨੂੰ ਚੌਥੇ ਪਦ ਦੀ ਸੋਝੀ ਨਹੀਂ), ਨਾਮ ਤੋਂ ਬਿਨਾ (ਮਨੁੱਖਾ ਜੀਵਨ) ਨਾਸ਼ ਹੋ ਜਾਂਦਾ ਹੈ।੧੫। ਬ੍ਰਹਮਾ ਵਿਸ਼ਨੂੰ ਤੇ ਸ਼ਿਵ ਜੀ ਤਿੰਨ ਹਸਤੀਆਂ ਤਿੰਨ ਗੁਣਾਂ ਵਿਚ ਫਸੀਆਂ ਹੋਣ ਕਰਕੇ ਭਰਮ ਨੇ ਭੁਲਾਈਆਂ ਹੋਈਆਂ ਹਨ।੧੬। ਗੁਰੂ ਦੀ ਕ੍ਰਿਪਾ ਨਾਲ (ਜਿਨ੍ਹਾਂ ਮਨੁੱਖਾਂ ਦੀ) ਤ੍ਰਿਕੁਟੀ ਛੁਟ ਜਾਂਦੀ ਹੈ, (ਉਨ੍ਹਾਂ ਨੇ) ਚੌਥੇ ਪਦ ਵਿਚ ਲਿਵ ਲਾਈ ਹੈ।੧੭।

ਸਤਿਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ। (੩੩)

ਪਦਾਰਥ = ਭੂਲੀ ਫਿਰਦੀ–ਭੁੱਲੀ ਫਿਰਦੀ (ਕੁਰਾਹੇ ਪਈ ਹੋਈ) ਹੈ। ਬਿਰਥਾ–ਬਿਅਰਥ।੯। ਜੋਗੀ–ਜੋਗੀ ਨੇ। ਜੁਗਤਿ–ਅਸਲੀ ਜੋਗ ਦੀ ਜੁਗਤੀ; ਪ੍ਰਭੂ ਦੇ ਮਿਲਾਪ ਦਾ ਤਰੀਕਾ। ਹੰਢੈ–ਭਟਕਦਾ ਫਿਰਦਾ ਹੈ। ਜੋਗੁ–ਅਸਲੀ ਜੋਗ; ਪ੍ਰਭ ਦਾ ਮਿਲਾਪ।੧੦। ਸਿਵ ਨਗਰੀ–ਕਲਿਆਣ ਸਰੂਪ ਪ੍ਰਭੂ ਦਾ ਨਗਰ ਸਤਸੰਗਤ; ਤੁਰੀਆ ਪਦ; ਨਿਰਵਾਣ ਅਵਸਥਾ। ਮਹਿ–ਵਿਚ। ਆਸਣਿ ਬੈਸੈ–ਆਸਣ ਲਾ ਕੇ ਬੈਠਦਾ ਹੈ। ਸਬਦੀ–ਸ਼ਬਦ ਦੁਆਰਾ। ਜੋਗੁ–ਪ੍ਰਭੂ ਦਾ ਮਿਲਾਪ।੧੧। ਧਾਤੁਰ ਬਾਜੀ–ਮਾਇਆ ਵਾਸਤੇ ਦੌੜ ਭੱਜ ਵਾਲੀ ਖੇਡ। ਨਿਵਾਰੇ–ਦੂਰ ਕਰਦਾ ਹੈ। ਮਨਿ ਆਈ–ਮਨ ਵਿਚ ਆ ਵਸਦਾ ਹੈ।੧੨। ਸਰਵਰੁ–ਸਰੋਵਰ। ਸੰਤਹੁ–ਹੇ ਸੰਤ ਜਨੋਂ!।੧੩। ਨਾਮਿ –ਨਾਮ ਵਿਚ। ਕਰਹਿ–ਕਰਦੇ ਹਨ। ਸੇ ਜਨ–ਉਹ ਮਨੁੱਖ। ਨਿਰਮਲ–ਪਵਿਤ੍ਰ। ਸਬਦੇ–ਸ਼ਬਦ ਦੁਆਰਾ। ਗਵਾਈ–ਦੂਰ ਕਰ ਲਈ ਹੈ।੧੪। ਤ੍ਰੈ ਗੁਣ–ਮਾਇਆ ਦੇ ਤਿਨ (ਰਜੋ, ਸਤੋ ਤੇ ਤਮੋ) ਗੁਣ। ਅਚੇਤ–ਬੇਸਮਝ। ਬਿਨਸਿ ਜਾਈ–ਨਾਸ਼ ਹੋ ਜਾਂਦਾ ਹੈ।੧੫। ਮੇਹਸ–ਸ਼ਿਵ ਜੀ। ਤ੍ਰੈ ਮੂਰਤਿ–ਤਿੰਨ ਹਸਤੀਆਂ। ਤ੍ਰਿਗੁਣਿ–ਤਿੰਨ ਗੁਣਾਂ ਕਰਕੇ। ਭਰਮਿ ਭੁਲਾਈ–ਭਰਮ ਨੇ ਭੁਲਾਈ ਹੋਈ ਹੈ।੧੬। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਤ੍ਰਿਕੁਟੀ–ਤਿੰਨ ਗੁਣਾਂ ਦੀ ਗੁੰਝਲ; ਮੱਥੇ ਤੇ ਪਏ ਤਿੰਨ ਵਲ (ਤਿਊੜੀ)। ਚਉਥੈ ਪਦਿ– ਮਾਇਆ ਦੇ ਤਿੰਨ ਗੁਣਾਂ ਦੇ ਪ੍ਰਭਾਵ ਤੋਂ ਉਤੇ ਚੌਥੀ ਆਤਮਕ ਅਵਸਥਾ। ਲਿਵ–ਸੁਰਤ; ਧਿਆਨ।੧੭।

ਪੰਡਿਤ ਪੜਹਿ ਪੜਿ ਵਾਦੁ ਵਖਾਣਹਿ, ਤਿੰਨਾ ਬੂਝ ਨ ਪਾਈ ॥੧੮॥ ਬਿਖਿਆ ਮਾਤੇ ਭਰਮਿ ਭੁਲਾਏ, ਉਪਦੇਸੁ ਕਹਹਿ ਕਿਸੁ ਭਾਈ ॥੧੯॥ ਭਗਤ ਜਨਾ ਕੀ ਊਤਮ ਬਾਣੀ, ਜੁਗਿ ਜੁਗਿ ਰਹੀ ਸਮਾਈ ॥੨੦॥ (ਹੇ ਸੰਤ ਜਨੋਂ!) ਪੰਡਤ ਬੇਦ ਸ਼ਾਸ਼ਤ੍ਰ ਪੜ੍ਹਦੇ ਹਨ, ਪੜ੍ਹ ਕੇ ਬਹਿਸ ਹੀ ਬਿਆਨ ਕਰਦੇ ਹਨ, ਉਨ੍ਹਾਂ ਨੇ (ਗੁਰੂ ਦੀ ਸ਼ਰਣ ਵਿਚ ਪੈ ਕੇ ਪ੍ਰਭੂ ਦੇ ਮਿਲਾਪ ਦੀ) ਸਮਝ ਪ੍ਰਾਪਤ ਨਹੀਂ ਕੀਤੀ।੧੮।(ਪੰਡਤ ਲੋਕ) ਮਾਇਆ ਵਿਚ ਮਸਤ ਹਨ, (ਉਹ) ਭਰਮ ਨੇ ਭੁਲਾਏ ਹੋਏ ਹਨ, ਹੇ ਭਾਈ! (ਦੱਸੋ ਉਹ) ਕਿਸ ਨੂੰ ਉਪਦੇਸ ਆਖਦੇ ਹਨ? (ਉਹ ਲੋਕਾਂ ਨੂੰ ਉਪਦੇਸ ਦੇਂਦੇ ਹਨ, ਪਰ ਆਪ ਉਸ ਤੇ ਅਮਲ ਨਹੀਂ ਕਰਦੇ)।੧੯। ਭਗਤ ਜਨਾਂ ਦੀ ਬਾਣੀ ਉਤਮ ਹੈ, ਜੋ ਹਰੇਕ ਜੁਗ ਵਿਚ (ਜਗਿਆਸੂਆਂ ਦੇ ਹਿਰਦੇ ਵਿਚ) ਸਮਾ ਰਹੀ ਹੈ (ਪ੍ਰਭੂ ਦੇ ਭਗਤਾਂ ਦੇ ਬਚਨ ਉਤਮ ਹੁੰਦੇ ਹਨ, ਜਿਸ ਜੁਗ ਵਿਚ ਵੀ ਪ੍ਰੇਮੀਆਂ ਨੇ ਉਹ ਬਚਨ ਪੜ੍ਹੇ, ਉਨ੍ਹਾਂ ਦੇ ਦਿਲਾਂ ਵਿਚ ਘਰ ਕਰ ਗਏ ਹਨ)।੨੦।

ਅੰਗ ੯੧੦ = ਬਾਣੀ ਲਾਗੈ ਸੋ ਗਤਿ ਪਾਏ, ਸਬਦੇ ਸਚਿ ਸਮਾਈ ॥੨੧॥ ਕਾਇਆ ਨਗਰੀ ਸਬਦੇ ਖੋਜੇ, ਨਾਮੁ ਨਵੰ ਨਿਧਿ ਪਾਈ ॥੨੨॥ ਮਨਸਾ ਮਾਰਿ ਮਨੁ ਸਹਜਿ ਸਮਾਣਾ, ਬਿਨੁ ਰਸਨਾ ਉਸਤਤਿ ਕਰਾਈ ॥੨੩॥ ਲੋਇਣ ਦੇਖਿ ਰਹੇ ਬਿਸਮਾਦੀ, ਚਿਤੁ ਅਦਿਸਟਿ ਲਗਾਈ ॥੨੪॥ ਅਦਿਸਟੁ ਸਦਾ ਰਹੈ ਨਿਰਾਲਮੁ ,ਜੋਤੀ ਜੋਤਿ ਮਿਲਾਈ ॥੨੫॥ ਹਉ ਗੁਰੁ ਸਾਲਾਹੀ ਸਦਾ ਆਪਣਾ, ਜਿਨਿ ਸਾਚੀ ਬੂਝ ਬੁਝਾਈ ॥੨੬॥ ਨਾਨਕੁ ਏਕ ਕਹੈ ਬੇਨੰਤੀ, ਨਾਵਹੁ ਗਤਿ ਪਤਿ ਪਾਈ ॥੨੭॥੨॥੧੧॥ (ਜਿਸ ਮਨੁੱਖ ਦੀ ਬਿਰਤੀ) ਬਾਣੀ ਵਿਚ (ਲਗ) ਜੁੜ ਜਾਂਦੀ ਹੈ, ਉਹ ਮੁਕਤੀ ਪਾ ਲੈਂਦਾ ਹੈ ਅਤੇ ਉਹ ਗੁਰੂ ਦੇ ਸ਼ਬਦ ਦੁਆਰਾ ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ।੨੧।(ਜੋ ਮਨੁੱਖ ਗੁਰੂ ਦੇ) ਸ਼ਬਦ ਰਾਹੀਂ ਅਪਣੇ ਸਰੀਰ ਨਗਰ ਨੂੰ ਖੋਜਦਾ ਹੈ, ਉਹ ਨੌਂ ਨਿਧੀਆਂ ਦਾ ਖਜਾਨਾ ਨਾਮ ਪ੍ਰਾਪਤ ਕਰ ਲੈਂਦਾ ਹੈ।੨੨।(ਜਿਸ ਮਨੁੱਖ ਦਾ) ਮਨ ਮਨਸਾ ਮਾਰ ਕੇ ਸਹਿਜ ਅਵਸਥਾ ਵਿਚ ਟਿਕ ਗਿਆ ਹੈ, (ਪ੍ਰਭੂ ਨੇ ਉਸ ਤੋਂ) ਬਿਨਾ ਜੀਭ ਅਪਣੀ ਉਸਤਤੀ ਕਰਾਈ ਹੈ (ਮਨ ਵਿਚ ਅਪਣੇ ਆਪ ਜਾਪ ਹੋ ਰਿਹਾ ਹੈ)।੨੩।(ਉਸ ਦੀਆਂ) ਅੱਖਾਂ ਵਿਸਮਾਦੀ (ਅਤਿਅੰਤ ਮਗਨ) ਹੋ ਕੇ (ਹਰੇਕ ਜੀਵ ਦੇ ਅੰਦਰ ਪ੍ਰਭੂ ਨੂੰ ਵਸਦਾ) ਦੇਖ ਰਹੀਆਂ ਹਨ ਅਤੇ (ਉਸ ਨੇ) ਚਿਤ ਬਿਰਤੀ ਅਦ੍ਰਿਸ਼ਟ ਪ੍ਰਭੂ ਵਿਚ ਲਗਾਈ ਹੈ।੨੪। ਜੋ ਅਦ੍ਰਿਸ਼ਟ ਪ੍ਰਭੂ ਸਦਾ ਨਿਰਲੇਪ ਰਹਿੰਦਾ ਹੈ, ਉਸ ਦੀ ਜੋਤ ਨਾਲ (ਗੁਰਮੁਖਾਂ

ਨੇ ਅਪਣੀ) ਆਤਮ ਜੋਤ ਮਿਲਾ ਲਈ ਹੈ।੨੫।(ਹੇ ਸੰਤ ਜਨੋਂ) ਮੈਂ ਸਦਾ ਅਪਣੇ ਗੁਰੂ ਨੂੰ ਸਲਾਹੁੰਦਾ ਹਾਂ, ਜਿਸ (ਗੁਰੂ) ਨੇ ਮੈਨੂੰ ਸੱਚੀ ਸਮਝ ਸਮਝਾਈ ਹੈ (ਬ੍ਰਹਮ ਗਿਆਨ ਬਖਸ਼ਿਆ ਹੈ)।੨੬।ਨਾਨਕ ਇਕ ਬੇਨਤੀ ਆਖਦਾ ਹੈ ਕਿ ਪ੍ਰਭੂ ਦੇ ਨਾਮ ਸਿਮਰਨ ਤੋਂ ਹੀ ਮੁਕਤੀ ਅਤੇ (ਲੋਕ ਪ੍ਰਲੋਕ ਵਿਚ) ਇੱਜਤ ਪ੍ਰਾਪਤ ਹੁੰਦੀ ਹੈ।੨੭।੨।੧੧।

ਪਦਾਰਥ = ਪੜਹਿ–ਪੜ੍ਹਦੇ ਹਨ।ਪੜਿ–ਪੜ੍ਹ ਕੇ।ਵਾਦੁ–ਬਹਿਸ।ਵਖਾਣਹਿ–ਬਿਆਨ ਕਰਦੇ ਹਨ।ਤਿੰਨਾ–ਉਨ੍ਹਾਂ ਨੇ।ਨ ਪਾਈ–ਪ੍ਰਾਪਤ ਨਹੀਂ ਕੀਤੀ।੧੮।ਬਿਖਿਆ–ਮਾਇਆ।ਮਾਤੇ–ਮਸਤ।ਭਰਮਿ–ਭਰਮ ਨੇ।ਭਾਈ–ਹੇ ਭਾਈ!।੧੯।ਜੁਗਿ ਜੁਗਿ–ਹਰੇਕ ਜੁਗ ਵਿਚ।ਰਹੀ ਸਮਾਈ–ਪ੍ਰਗਟ ਹੋ ਰਹੀ ਹੈ (ਸ਼ਬਦਾਰਥ); ਸਮਾ ਰਹੀ ਹੈ।੨੦।ਲਾਗੈ–ਲਗਦੀ (ਜੁੜਦੀ) ਹੈ।ਸੋ–ਉਹ।ਗਤਿ–ਮੁਕਤੀ।ਸਬਦੇ–ਸ਼ਬਦ ਦੁਆਰਾ।ਸਚਿ–ਸੱਚੇ ਪ੍ਰਭੂ ਵਿਚ।ਸਮਾਈ–ਸਮਾ (ਮਿਲ) ਜਾਂਦਾ ਹੈ।੨੧।ਕਾਇਆ ਨਗਰੀ–ਸਰੀਰ ਨਗਰ ਨੂੰ।ਨਵੰ ਨਿਧਿ–ਨੌਂ ਨਿਧੀਆਂ (ਦੁਨੀਆਂ ਦੇ ਸਾਰਾ ਖਜਾਨਾ)।੨੨।ਮਨਸਾ–ਮਨ ਦੇ ਫੁਰਨੇ।ਮਾਰਿ–ਮਾਰ ਕੇ।ਸਹਜਿ ਸਮਾਣਾ–ਸਹਿਜ ਪਦ ਵਿਚ ਟਿਕ ਗਿਆ ਹੈ।ਰਸਨਾ–ਜੀਭ।੨੩।ਲੋਇਣ–ਅੱਖਾਂ।ਬਿਸਮਾਦੀ–ਅਤਿਅੰਤ ਮਗਨ ਹੋ ਕੇ।ਅਦਿਸਟਿ–ਨਾ ਦਿਸਣ ਵਾਲੇ ਪ੍ਰਭੂ ਵਿਚ।੨੪।ਨਿਰਾਲਮੁ–ਨਿਰਲੇਪ।ਜੋਤੀ–ਆਪਣੀ ਆਤਮਕ ਜੋਤ।ਜੋਤਿ–ਪ੍ਰਭੂ ਦੀ ਜੋਤ ਵਿਚ।੨੫।ਹਉ–ਮੈਂ।ਸਾਲਾਹੀ–ਸਲਾਹੁੰਦਾ ਹਾਂ।ਜਿਨਿ–ਜਿਸ (ਗੁਰੁ) ਨੇ।ਬੂਝ–ਸਮਝ।ਬੁਝਾਈ–ਸਮਾਝਈ ਹੈ।੨੬।ਨਾਵਹੁ–ਨਾਮ ਸਿਮਰਨ ਤੋਂ। ਪਤਿ–ਇੱਜਤ।ਪਾਈ–ਪ੍ਰਾਪਤ ਹੁੰਦੀ ਹੈ।੨੭।੨।੧੧।

ਰਾਮਕਲੀ ਮਹਲਾ ੩ ॥ ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ,ਕਹਣਾ ਕਛੂ ਨ ਜਾਈ ॥੧॥ ਸੰਤਹੁ ਗੁਰਮੁਖਿ ਪੂਰਾ ਪਾਈ ॥ ਨਾਮੋ ਪੂਜ ਕਰਾਈ ॥੧॥ਰਹਾਉ॥ ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ,ਕਿਆ ਹਉ ਪੂਜ ਚੜਾਈ ॥੨॥ ਹਰਿ ਸਾਚੇ ਭਾਵੈ ਸਾ ਪੂਜਾ ਹੋਵੈ, ਭਾਣਾ ਮਨਿ ਵਸਾਈ ॥੩॥ ਪੂਜਾ ਕਰੈ ਸਭੁ ਲੋਕੁ ਸੰਤਹੁ ,ਮਨਮੁਖਿ ਥਾਇ ਨ ਪਾਈ ॥੪॥ ਸਬਦਿ ਮਰੈ ਮਨੁ ਨਿਰਮਲੁ ਸੰਤਹੁ ,ਏਹ ਪੂਜਾ ਥਾਇ ਪਾਈ ॥੫॥ ਪਵਿਤ ਪਾਵਨ ਸੇ ਜਨ ਸਾਚੇ, ਏਕ ਸਬਦਿ ਲਿਵ ਲਾਈ ॥੬॥ ਬਿਨੁ ਨਾਵੈ ਹੋਰ ਪੂਜ ਨ ਹੋਵੀ, ਭਰਮਿ ਭੁਲੀ ਲੋਕਾਈ ॥੭॥ ਗੁਰਮੁਖਿ ਆਪੁ ਪਛਾਣੈ ਸੰਤਹੁ ,ਰਾਮ ਨਾਮਿ ਲਿਵ ਲਾਈ ॥੮॥ ਆਪੇ ਨਿਰਮਲੁ ਪੂਜ ਕਰਾਏ, ਗੁਰ ਸਬਦੀ ਥਾਇ ਪਾਈ ॥੯॥ ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ, ਦੂਜੈ ਭਾਇ ਮਲੁ ਲਾਈ ॥੧੦॥ ਹੇ ਸੰਤ ਜਨੋਂ! ਹਰੀ ਦੀ ਪੂਜਾ ਬਹੁਤ ਔਖੀ ਪ੍ਰਾਪਤ ਹੁੰਦੀ ਹੈ, (ਇਸ ਬਾਰੇ) ਕੁਛ ਕਿਹਾ ਨਹੀਂ ਜਾ ਸਕਦਾ (ਕਿ ਇਹ ਕਿੰਨੀ ਦੁਰਲੱਭ ਹੈ?)।੧।ਹੇ ਸੰਤ ਜਨੋਂ! ਪੂਰਾ ਪ੍ਰਭੂ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ, (ਗੁਰੂ) ਨਾਮ ਜਪਣ ਦੀ ਹੀ ਪੂਜਾ ਕਰਾਉਂਦਾ ਹੈ।੧।ਰਹਾਉ। ਹੇ ਸੰਤ ਜਨੋਂ! (ਦੱਸੋ) ਮੈਂ ਪੂਜਾ ਕਰਨ ਵਾਸਤੇ ਕਿਹੜੀ ਚੀਜ (ਭੇਟਾ ਪ੍ਰਭੂ ਅੱਗੇ) ਚੜ੍ਹਾਵਾਂ? (ਕਿਉਂਕਿ) ਹਰੀ ਦੇ ਨਾਮ ਤੋਂ ਬਿਨਾ ਸਭ ਕੁਛ (ਹਰੇਕ ਚੀਜ) ਮੈਲੀ ਹੈ।੨।(ਹੇ ਸੰਤੋ!) ਸਫਲ ਪੂਜਾ ਉਹ ਹੁੰਦੀ ਹੈ, ਜੋ ਸੱਚੇ ਹਰੀ ਨੂੰ ਚੱਗੀ ਲੱਗੇ, (ਇਸ ਲਈ ਗੁਰੂ ਦੀ ਸ਼ਰਣ ਵਿਚ ਰਹਿਣ ਵਾਲਾ ਮਨੁੱਖ ਪ੍ਰਭੂ ਦੇ) ਭਾਣੇ ਨੂੰ ਮਨ ਵਿਚ ਵਸਾਉਂਦਾ ਹੈ (ਇਹੀ ਪੂਜਾ ਪ੍ਰਭੂ ਨੂੰ ਚੰਗੀ ਲਗਦੀ ਹੈ)।੩।ਹੇ ਸੰਤੋ! ਸਾਰਾ ਜਗਤ (ਪ੍ਰਭੂ ਦੀ) ਪੂਜਾ ਭਗਤੀ ਕਰਦਾ ਹੈ, (ਪਰ) ਮਨਮੁਖ ਦੀ (ਕੀਤੀ ਪੂਜਾ ਪ੍ਰਭੂ ਦੇ ਦਰਬਾਰ ਵਿਚ) ਥਾਂਇ ਨਹੀਂ ਪੈਂਦੀ (ਪ੍ਰਵਾਨ ਨਹੀਂ ਹੁੰਦੀ)।੪।ਹੇ ਸੰਤੋ! (ਜਿਹੜਾ ਮਨੁੱਖ ਗੁਰੂ ਦੇ) ਸ਼ਬਦ ਦੁਆਰਾ ਆਪਾ ਭਾਵ ਤੋਂ ਮਰਦਾ ਹੈ, (ਉਸ ਦਾ) ਮਨ ਨਿਰਮਲ ਹੋ ਜਾਂਦਾ ਹੈ, (ਉਸ ਦੀ ਕੀਤੀ) ਇਹ ਪੂਜਾ (ਹਰੀ ਦੇ ਦਰਬਾਰ ਵਿਚ) ਪ੍ਰਵਾਨ ਪੈਂਦੀ ਹੈ।੫।ਉਹ ਮਨੁੱਖ ਪਵਿਤ੍ਰ ਤੋਂ ਪਵਿਤ੍ਰ ਅਤੇ ਸੱਚੇ ਹਨ, (ਜਿਨ੍ਹਾਂ ਨੇ ਗੁਰੂ ਦੇ) ਸ਼ਬਦ ਦੁਆਰਾ ਇਕ ਪ੍ਰਭੂ ਵਿਚ ਲਿਵ ਲਾਈ ਹੋਈ ਹੈ।੬। (ਹੇ ਸੰਤੋਂ!) ਨਾਮ ਜਪੇ ਤੋਂ ਬਿਨਾ ਹੋਰ ਕੋਈ ਪੂਜਾ ਭਗਤੀ (ਹਰੀ ਦੇ ਦਰਬਾਰ ਵਿਚ ਪ੍ਰਵਾਨ) ਨਹੀਂ ਹੁੰਦੀ, (ਨਾਮ ਜਪੇ ਬਿਨਾ) ਸਾਰੀ ਦੁਨੀਆਂ ਭਰਮ ਵਿਚ ਭੁੱਲੀ ਹੋਈ ਹੈ (ਕੁਰਾਹੇ ਪਈ ਹੋਈ ਹੈ)।੭।ਹੇ ਸੰਤੋਂ! ਗੁਰਮੁਖ ਅਪਣੇ ਆਪ (ਮੂਲ ਸਰੂਪ) ਨੂੰ ਪਛਾਣਦਾ ਹੈ ਅਤੇ ਪ੍ਰਭੂ ਦੇ ਨਾਮ ਵਿਚ ਲਿਵ ਲਾਈ ਰਖਦਾ ਹੈ।੮।ਨਿਰਮਲ ਪ੍ਰਭੂ ਆਪ ਹੀ (ਗੁਰਮੁਖਾਂ ਪਾਸੋਂ ਨਾਮ ਸਿਮਰਨ ਦੀ) ਪੂਜਾ ਭਗਤੀ ਕਰਾਉਂਦਾ ਹੈ ਅਤੇ ਗੁਰੂ ਦੇ ਸ਼ਬਦ ਦੁਆਰਾ ਕੀਤੀ ਪੂਜਾ ਭਗਤੀ (ਪ੍ਰਭੂ) ਥਾਂਇ ਪਾਉਂਦਾ (ਪ੍ਰਵਾਨ ਕਰਦਾ) ਹੈ।੯।(ਹੇ ਸੰਤ ਜਨੋਂ!) ਮਨੁੱਖ ਪੂਜਾ ਤਾਂ ਕਰਦੇ ਹਨ, ਪਰ (ਉਹ ਸਹੀ ਪੂਜਾ ਭਗਤੀ ਦਾ) ਤਰੀਕਾ ਨਹੀਂ ਜਾਣਦੇ, (ਉਹ) ਦ੍ਵੈਤ ਭਾਵ ਦੁਆਰਾ (ਅਪਣੇ ਮਨ ਨੂੰ ਵਿਸ਼ੇ ਵਿਕਾਰਾਂ ਦੀ ਹੋਰ) ਮੈਲ ਲਾਈ ਰਖਦੇ ਹਨ।੧੦।

ਪਦਾਰਥ = ਦੁਲੰਭ–ਮੁਸ਼ਕਲ ਨਾਲ ਮਿਲਣ ਵਾਲੀ।ਸੰਤਹੁ–ਹੇ ਸੰਤ ਜਨੋਂ!।ਕਹਣਾ ਨ ਜਾਈ–ਕਿਹਾ ਨਹੀਂ ਜਾ ਸਕਦਾ।੧।ਪੂਰਾ – ਪੂਰਨ ਗੁਣਾਂ ਵਾਲਾ ਪ੍ਰਭੂ।ਗੁਰਮੁਖਿ–ਗੁਰੂ ਦੁਆਰਾ।ਪਾਈ–ਪ੍ਰਾਪਤ ਹੁੰਦਾ ਹੈ।ਨਾਮੋ–ਨਾਮ ਜਪਣਦੀ ਹੀ।ਪੂਜ–ਪੂਜਾ ਭਗਤੀ।

ਕਰਾਈ–ਕਰਾਉਂਦਾ ਹੈ।੧।ਰਹਾਉ।ਮੈਲਾ–ਗੰਦਾ; ਅਪਵਿਤ੍ਰ।ਹਉ–ਮੈਂ।ਚੜਾਈ–ਚੜ੍ਹਾਵਾਂ (ਭੇਟਾ ਕਰਾਂ)।੨।ਹਰਿ ਸਾਚੇ–ਸੱਚੇ ਹਰੀ ਨੂੰ।ਭਾਵੈ–ਚੰਗੀ ਲਗ ਪਵੇ।ਸਾ–ਉਹ।ਮਨਿ–ਮਨ ਵਿਚ।ਵਸਾਈ–ਵਸਾਉਂਦਾ ਹੈ।੩।ਸਭੁ ਲੋਕੁ–ਸਾਰਾ ਜਗਤ।ਥਾਇ ਨ ਪਾਈ–ਪ੍ਰਵਾਨ ਨਹੀਂ ਹੁੰਦੀ।੪।ਸਬਦਿ–ਗੁਰੂ ਦੇ ਸ਼ਬਦ ਦੁਆਰਾ।ਮਰੈ–ਆਪਾ ਭਾਵ ਤੋਂ ਮਰਦਾ ਹੈ।ਨਿਰਮਲੁ–ਪਵਿਤ੍ਰ।੫।ਪਵਿਤ ਪਾਵਨ–ਪਵਿਤ੍ਰ ਤੋਂ ਪਵਿਤ੍ਰ।ਸੇ ਜਨ–ਉਹ ਮਨੁੱਖ।ਏਕ–ਇਕ ਪ੍ਰਭੂ ਵਿਚ।ਲਿਵ ਲਾਈ–ਬਿਰਤੀ ਲਾਈ ਹੈ।੬।ਬਿਨੁ ਨਾਵੈ–ਨਾਮ ਤੋਂ ਬਿਨਾ।ਨ ਹੋਵੀ–ਨਹੀਂ ਹੁੰਦੀ।ਭਰਮਿ–ਭਰਮ ਵਿਚ।ਲੋਕਾਈ–ਦੁਨੀਆਂ।੭।ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ।ਆਪੁ–ਅਪਣੇ ਆਪ (ਮੂਲ ਸਰੂਪ) ਨੂੰ।ਰਾਮ ਨਾਮਿ–ਸਰਬ ਵਿਆਪਕ ਪ੍ਰਭੂ ਦੇ ਨਾਮ ਵਿਚ।੮।ਆਪੇ–ਆਪ ਹੀ।ਨਿਰਮਲੁ–ਪਵਿਤ੍ਰ ਪ੍ਰਭੂ।ਗੁਰ ਸਬਦੀ–ਗੁਰੂ ਦੇ ਸ਼ਬਦ ਦੁਆਰਾ।੯।ਕਰਹਿ–ਕਰਦੇ ਹਨ।ਪਰੁ–ਪ੍ਰੰਤੂ।ਬਿਧਿ–(ਸਹੀ) ਤਰੀਕਾ।ਦੂਜੈ ਭਾਇ–ਪ੍ਰਭੂ ਤੋਂ ਬਿਨਾ ਕਿਸੇ ਦੂਜੇ ਦੇ ਪਿਆਰ ਵਿਚ।ਮਲੁ–ਵਿਸ਼ੇ ਵਿਕਾਰਾਂ ਦੀ ਮੈਲ।੧੦।

ਗੁਰਮੁਖਿ ਹੋਵੈ ਸੁ ਪੂਜਾ ਜਾਣੈ, ਭਾਣਾ ਮਨਿ ਵਸਾਈ ॥੧੧॥ ਭਾਣੇ ਤੇ ਸਭਿ ਸੁਖ ਪਾਵੈ ਸੰਤਹੁ ,ਅੰਤੇ ਨਾਮੁ ਸਖਾਈ ॥੧੨॥ ਅਪਣਾ ਆਪੁ ਨ ਪਛਾਣੈ ਸੰਤਹੁ ,ਕੂੜਿ ਕਰਹਿ ਵਡਿਆਈ ॥੧੩॥ ਪਾਖੰਡਿ ਕੀਨੈ ਜਮੁ ਨਹੀ ਛੋਡੈ, ਲੈ ਜਾਸੀ ਪਤਿ ਗਵਾਈ ॥੧੪॥ ਜਿਨ ਅੰਤਰਿ ਸਬਦੁ ਆਪੁ ਪਛਾਣਹਿ, ਗਤਿ ਮਿਤਿ ਤਿਨ ਹੀ ਪਾਈ ॥੧੫॥ ਏਹੁ ਮਨੂਆ ਸੁੰਨ ਸਮਾਧਿ ਲਗਾਵੈ, ਜੋਤੀ ਜੋਤਿ ਮਿਲਾਈ ॥੧੬॥ ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ, ਸਤਸੰਗਤਿ ਮੇਲਾਈ ॥੧੭॥ ਗੁਰਮੁਖਿ ਗਾਵੈ ਆਪੁ ਗਵਾਵੈ, ਦਰਿ ਸਾਚੈ ਸੋਭਾ ਪਾਈ ॥੧੮॥ ਸਾਚੀ ਬਾਣੀ ਸਚੁ ਵਖਾਣੈ, ਸਚਿ ਨਾਮਿ ਲਿਵ ਲਾਈ ॥੧੯॥ ਭੈ ਭੰਜਨੁ ਅਤਿ ਪਾਪ ਨਿਖੰਜਨੁ ,ਮੇਰਾ ਪ੍ਰਭੁ ਅੰਤਿ ਸਖਾਈ ॥੨੦॥ ਸਭੁ ਕਿਛੁ ਆਪੇ ਆਪਿ ਵਰਤੈ, ਨਾਨਕ ਨਾਮਿ ਵਡਿਆਈ ॥੨੧॥੩॥੧੨॥ (ਹੇ ਸੰਤ ਜਨੋਂ!) ਜੋ ਮਨੁੱਖ ਗੁਰੂ ਦੇ ਸਨਮੁਖ ਹੁੰਦਾ ਹੈ, ਉਹ ਸਹੀ ਪੂਜਾ ਭਗਤੀ ਕਰਨੀ ਜਾਣਦਾ ਹੈ ਅਤੇ (ਉਹ ਪ੍ਰਭੂ ਦਾ) ਭਾਣਾ ਅਪਣੇ ਮਨ ਵਿਚ ਵਸਾਉਂਦਾ ਹੈ (ਭਾਣੇ ਵਿਚ ਰਹਿ ਕੇ ਜਿਉਂਦਾ ਹੈ)।੧੧।ਹੇ ਸੰਤ ਜਨੋਂ! (ਉਹ) ਭਾਣਾ ਮੰਨਣ ਤੇ ਹੀ ਸਾਰੇ ਸੁਖ ਪ੍ਰਾਪਤ ਕਰਦਾ ਹੈ ਅਤੇ ਅੰਤ ਵੇਲੇ ਪ੍ਰਭੂ ਦਾ ਨਾਮ (ਉਸ ਦਾ) ਸਹਾਈ ਹੁੰਦਾ ਹੈ।੧੨।ਹੇ ਸੰਤੋ! (ਜਿਹੜੇ ਮਨੁੱਖ) ਆਪਣੇ ਆਪ ਨੂੰ ਪਛਾਣਦੇ ਨਹੀਂ, (ਉਹ ਅਪਣੀ) ਝੂਠੀ ਵਡਿਆਈ ਕਰਦੇ ਰਹਿੰਦੇ ਹਨ।੧੩।(ਹੇ ਸੰਤੋ!) ਪਖੰਡ ਦੇ ਕੀਤਿਆਂ ਜਮ ਨਹੀਂ ਛਡਦਾ, (ਜਮ ਨਾਮ ਹੀਣ ਮਨੁੱਖਾਂ ਨੂੰ ਇਥੋਂ) ਇੱਜਤ ਗਵਾ ਕੇ (ਪ੍ਰਲੋਕ ਨੂੰ) ਲੈ ਜਾਵੇਗਾ।੧੪।ਜਿਨ੍ਹਾਂ ਮਨੁੱਖਾਂ ਦੇ ਹਿਰਦੇ ਅੰਦਰ ਗੁਰੂ ਦਾ ਸ਼ਬਦ ਵਸਿਆ ਹੋਇਆ ਹੈ, ਉਹ ਅਪਣੇ ਆਪ ਨੂੰ ਪਛਾਣਦੇ ਹਨ, ਉਨ੍ਹਾਂ ਨੇ ਹੀ ਮੁਕਤੀ ਪ੍ਰਾਪਤ ਕਰਨ ਦੀ ਮਰਿਆਦਾ ਪ੍ਰਾਪਤ ਕੀਤੀ ਹੈ।੧੫।(ਉਨ੍ਹਾਂ ਦਾ) ਇਹ ਮਨ ਅਫੁਰ ਸਮਾਧੀ ਲਗਾਉਂਦਾ ਹੈ ਅਤੇ (ਉਨ੍ਹਾਂ ਨੇ ਅਪਣੀ) ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲਾ ਲਈ ਹੈ।੧੬।(ਉਹ) ਗੁਰਮੁਖ ਸਤਸੰਗਤ ਵਿਚ ਮਿਲ ਕੇ (ਪ੍ਰਭੂ ਦਾ ਜਸ) ਸੁਣ ਸੁਣ ਕੇ ਨਾਮ ਉਚਾਰਦੇ ਰਹਿੰਦੇ ਹਨ।੧੭। ਗੁਰਮੁਖ ਪ੍ਰਭੂ ਦਾ ਜਸ ਗਾਉਂਦਾ ਹੈ, ਆਪਾ ਭਾਵ ਦੂਰ ਕਰ ਦੇਂਦਾ ਹੈ, (ਜਿਸ ਕਰਕੇ ਉਹ) ਸੱਚੇ ਪ੍ਰਭੂ ਦੇ ਦਰ ਤੇ ਸੋਭਾ ਪਾਉਂਦਾ ਹੈ।੧੮।(ਉਸ ਦੀ) ਬੋਲ ਬਾਣੀ ਸੱਚੀ ਹੁੰਦੀ ਅਤੇ ਉਹ ਸੱਚ ਬੋਲਦਾ ਹੈ ਅਤੇ (ਉਸ ਨੇ ਪ੍ਰਭੂ ਦੇ) ਸੱਚੇ ਨਾਮ ਵਿਚ ਲਿਵ ਲਾਈ ਹੈ।੧੯।ਮੇਰਾ ਪ੍ਰਭੂ ਡਰ ਨਾਸ਼ ਕਰਨ ਵਾਲਾ ਤੇ ਵੱਡੇ ਪਾਪ ਨਾਸ਼ ਕਰਨ ਵਾਲਾ ਹੈ ਅਤੇ (ਉਹ) ਅੰਤ ਸਮੇਂ ਸਹਾਈ ਹੁੰਦਾ ਹੈ। ੨੦।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਸੰਤ ਜਨੋ! ਜੋ ਇਹ) ਸਭ ਕੁਛ ਦਿਸ ਰਿਹਾ ਹੈ, (ਇਸ ਵਿਚ) ਪ੍ਰਭੂ ਆਪ ਹੀ ਵਰਤ ਰਿਹਾ ਹੈ, (ਉਸ ਦੇ) ਨਾਮ ਵਿਚ ਜੁੜਿਆਂ (ਮਨੁੱਖ ਨੂੰ ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ।੨੧।੩।੧੨।

ਪਦਾਰਥ = ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ।ਸੁ–ਉਹ।ਮਨਿ–ਮਨ ਵਿਚ।ਵਸਾਈ–ਵਸਾਉਂਦਾ ਹੈ।੧੧।ਤੇ–ਤੋਂ।ਸੰਤਹੁ–ਹੇ ਸੰਤ ਜਨੋਂ!।ਅੰਤੇ–ਅੰਤ ਵੇਲੇ।ਸਖਾਈ–ਸਹਾਈ; ਸਾਥੀ।੧੨।ਅਪਣਾ ਆਪੁ–ਅਪਣੇ ਆਪ ਨੂੰ।ਕੂੜਿ–ਝੂਠੀ। ਕਰਹਿ–ਕਰਦੇ ਹਨ।੧੩।ਪਾਖੰਡਿ ਕੀਨੈ–ਪਖੰਡ ਦੇ ਕੀਤਿਆਂ।ਲੈ ਜਾਸੀ–ਲੈ ਜਾਏਗਾ।ਪਤਿ–ਇੱਜਤ।ਗਵਾਇ–ਗਵਾ ਕੇ।੧੪। ਜਿਨ–ਜਿਨ੍ਹਾਂ ਦੇ।ਅੰਤਰਿ–ਹਿਰਦੇ ਅੰਦਰ।ਗਤਿ–ਮੁਕਤੀ।ਮਿਤਿ–ਮਰਿਆਦਾ।ਤਿਨ ਹੀ–ਉਨ੍ਹਾਂ ਨੇ ਹੀ।ਪਾਈ–ਪ੍ਰਾਪਤ ਕੀਤੀ ਹੈ। ੧੫।ਸੁੰਨ ਸਮਾਧਿ–ਉਹ ਸਮਾਧੀ, ਜਿਸ ਵਿਚ ਕੋਈ ਫੁਰਨਾ ਨਹੀਂ ਫੁਰਦਾ।੧੬।ਜੋਤੀ ਜੋਤਿ–ਅਪਣੀ ਆਤਮ ਜੋਤ ਪ੍ਰਭੂ ਦੀ ਜੋਤ ਵਿਚ।੧੬।ਸੁਣਿ–ਸੁਣ ਕੇ।ਵਖਾਣਹਿ–ਉਚਾਰਦੇ ਹਨ।੧੭।ਗਵਾਵੈ–ਦੂਰ ਕਰਦਾ ਹੈ।ਦਰਿ ਸਾਚੈ–ਸੱਚੇ ਪ੍ਰਭੂ ਦੇ ਦਰ ਤੇ।੧੮। ਬਾਣੀ–ਬਚਨ; ਬੋਲ।ਵਖਾਣੈ–ਬੋਲਦਾ ਹੈ।ਸਚਿ ਨਾਮਿ–ਸੱਚੇ ਨਾਮ ਵਿਚ।੧੯।ਭੈ ਭੰਜਨੁ–ਡਰ ਨਾਸ਼ ਕਰਨ ਵਾਲਾ।ਅਤਿ–ਵੱਡੇ। ਨਿਖੰਜਨੁ–ਨਾਸ਼ ਕਰਨ ਵਾਲਾ।ਅੰਤਿ–ਅੰਤ ਸਮੇਂ।੨੦।ਨਾਮਿ–ਨਾਮ ਵਿਚ ਜੁੜਿਆਂ।੨੧।੩।੧੨।

ਰਾਮਕਲੀ ਮਹਲਾ ੩ ॥ ਹਮ ਕੁਚਲ ਕੁਚੀਲ ਅਤਿ ਅਭਿਮਾਨੀ, ਮਿਲਿ ਸਬਦੇ ਮੈਲੁ ਉਤਾਰੀ ॥੧॥ ਸੰਤਹੁ ਗੁਰਮੁਖਿ ਨਾਮਿ ਨਿਸਤਾਰੀ ॥ ਸਚਾ ਨਾਮੁ ਵਸਿਆ ਘਟ ਅੰਤਰਿ, ਕਰਤੈ ਆਪਿ ਸਵਾਰੀ ॥੧॥ਰਹਾਉ॥(ਹੇ ਸੰਤ ਜਨੋਂ ! ਇਉਂ ਅਰਦਾਸ ਕਰੋ ਕਿ ਹੇ ਪ੍ਰਭੂ !) ਅਸੀਂ ਬਦਚਲਨ, ਗੰਦੇ ਤੇ ਬਹੁਤ ਹੰਕਾਰੀ ਸਾਂ, (ਪਰ ਗੁਰੂ ਦੇ) ਸ਼ਬਦ ਨਾਲ ਮਿਲ ਕੇ (ਅਸੀਂ ਸਾਰੀ) ਮੈਲ ਉਤਾਰ ਦਿਤੀ ਹੈ।੧।ਹੇ ਸੰਤ ਜਨੋਂ ! ਗੁਰੂ ਦੁਆਰਾ ਨਾਮ ਵਿਚ ਜੁੜ ਕੇ (ਸੰਸਾਰ ਸਮੁੰਦਰ ਤੋਂ) ਪਾਰ ਉਤਾਰਾ ਹੋ ਜਾਂਦਾ ਹੈ।(ਜਿਸ ਮਨੁੱਖ ਦੇ) ਹਿਰਦੇ ਅੰਦਰ ਪ੍ਰਭੂ ਦਾ ਸੱਚਾ ਨਾਮ ਵਸਿਆ ਹੈ, ਕਰਤਾਰ ਨੇ (ਉਸ ਦੀ ਜਿੰਦਗੀ) ਸਵਾਰ ਦਿਤੀ ਹੈ।੧।ਰਹਾਉ।

ਅੰਗ ੯੧੧ = ਪਾਰਸ ਪਰਸੇ ਫਿਰਿ ਪਾਰਸੁ ਹੋਏ, ਹਰਿ ਜੀਉ ਅਪਣੀ ਕਿਰਪਾ ਧਾਰੀ ॥੨॥ ਇਕਿ ਭੇਖ ਕਰਹਿ ਫਿਰਹਿ ਅਭਿਮਾਨੀ, ਤਿਨ ਜੂਐ ਬਾਜੀ ਹਾਰੀ ॥੩॥ ਇਕਿ ਅਨਦਿਨੁ ਭਗਤਿ ਕਰਹਿ ਦਿਨੁ ਰਾਤੀ, ਰਾਮ ਨਾਮੁ ਉਰਿ ਧਾਰੀ ॥੪॥ ਅਨ ਦਿਨੁ ਰਾਤੇ ਸਹਜੇ ਮਾਤੇ, ਸਹਜੇ ਹਉਮੈ ਮਾਰੀ ॥੫॥ ਭੈ ਬਿਨੁ ਭਗਤਿ ਨ ਹੋਈ ਕਬਹੀ, ਭੈ ਭਾਇ ਭਗਤਿ ਸਵਾਰੀ ॥੬॥ ਮਾਇਆ ਮੋਹੁ ਸਬਦਿ ਜਲਾਇਆ, ਗਿਆਨਿ ਤਤਿ ਬੀਚਾਰੀ ॥੭॥ ਆਪੇ ਆਪਿ ਕਰਾਏ ਕਰਤਾ, ਆਪੇ ਬਖਸਿ ਭੰਡਾਰੀ ॥੮॥ ਤਿਸ ਕਿਆ ਗੁਣਾ ਕਾ ਅੰਤੁ ਨ ਪਾਇਆ, ਹਉ ਗਾਵਾ ਸਬਦਿ ਵੀਚਾਰੀ ॥੯॥ ਹਰਿ ਜੀਉ ਜਪੀ ਹਰਿ ਜੀਉ ਸਾਲਾਹੀ, ਵਿਚਹੁ ਆਪੁ ਨਿਵਾਰੀ ॥੧੦॥ (ਹੇ ਸੰਤੋ ! ਜਿਸ ਮਨੁੱਖ ਉਤੇ) ਹਰਿ ਜੀ ਨੇ ਅਪਣੀ ਕਿਰਪਾ ਕੀਤੀ ਹੈ, (ਉਹ) ਪਾਰਸ ਰੂਪ ਗੁਰੂ ਨੂੰ ਪਰਸ ਕੇ ਫਿਰ ਆਪ ਵੀ ਪਾਰਸ ਹੋ ਗਏ ਹਨ।੨।ਕਈ ਮਨੁੱਖ ਭੇਖ ਕਰਦੇ ਹਨ ਅਤੇ (ਅਪਣੇ ਭੇਖ ਦੇ) ਹੰਕਾਰੀ ਬਣੇ ਫਿਰਦੇ ਹਨ, ਉਨ੍ਹਾਂ ਨੇ (ਅਪਣੇ ਮਨੁੱਖਾ ਜਨਮ ਦੀ) ਬਾਜੀ ਵਿਸ਼ੇ ਵਿਕਾਰਾਂ ਦੇ ਜੂਏ ਵਿਚ ਹਾਰ ਦਿਤੀ ਹੈ।੩।ਕਈ ਮਨੁੱਖ ਲਗਾਤਾਰ ਦਿਨ ਰਾਤ ਪ੍ਰਭੂ ਦੀ ਭਗਤੀ ਕਰਦੇ ਹਨ ਅਤੇ (ਉਹ) ਪ੍ਰਭੂ ਦਾ ਨਾਮ ਹਿਰਦੇ ਵਿਚ ਧਾਰੀ ਰਖਦੇ ਹਨ।੪।(ਉਹ) ਹਰ ਰੋਜ ਨਾਮ ਸਿਮਰਨ ਵਿਚ ਰੰਗੇ ਰਹਿੰਦੇ ਹਨ ਤੇ ਸਹਿਜ ਅਵਸਥਾ ਵਿਚ ਮਸਤ ਹੁੰਦੇ ਹਨ ਅਤੇ (ਉਨ੍ਹਾਂ ਨੇ) ਸਹਜੇ ਹੀ ਹਉਮੈ ਮਾਰ ਦਿਤੀ ਹੈ।੫।ਪ੍ਰਭੂ ਦੇ ਭੈ ਤੋਂ ਬਿਨਾ ਕਦੇ ਭਗਤੀ ਨਹੀਂ ਹੁੰਦੀ, (ਜਿਸ ਮਨੁੱਖ ਦੇ ਅੰਦਰ ਹਰੀ ਦਾ) ਭੈ ਹੈ, (ਉਸ ਦੀ ਬੁੱਧੀ) ਪ੍ਰੇਮਾ ਭਗਤੀ ਨੇ ਸਵਾਰ ਦਿਤੀ ਹੈ।੬।(ਜਿਨ੍ਹਾਂ ਮਨੁੱਖਾਂ ਨੇ ਗੁਰੂ ਦੇ) ਸ਼ਬਦ ਦੁਆਰਾ ਮਾਇਆ ਦਾ ਮੋਹ ਜਲਾ ਦਿਤਾ ਹੈ, (ਉਹ) ਗਿਆਨ ਦੁਆਰਾ ਤੱਤ ਸਰੂਪ ਪ੍ਰਭੂ ਦੇ ਵਿਚਾਰਵਾਨ ਹੋ ਗਏ ਹਨ।੭।(ਉਨ੍ਹਾਂ ਦਾ ਨਿਸਚਾ ਬਣ ਜਾਂਦਾ ਹੈ ਕਿ) ਕਰਤਾਰ ਆਪ ਹੀ (ਜੀਵਾਂ ਪਾਸੋਂ) ਭਗਤੀ ਕਰਾਉਂਦਾ ਹੈ ਅਤੇ ਆਪ ਹੀ ਭਗਤੀ ਦੇ ਖਜਾਨੇ ਬਖਸ਼ਦਾ ਹੈ।੮।(ਹੇ ਸੰਤ ਜਨੋਂ ! ਕਿਸੇ ਤੋਂ ਵੀ) ਉਸ ਪ੍ਰਭੂ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਗਿਆ, (ਇਸ ਲਈ) ਮੈਂ ਗੁਰੂ ਦੇ ਸ਼ਬਦ ਦੁਆਰਾ ਵਿਚਾਰ ਕੇ (ਉਸ ਦੇ) ਗੁਣ ਗਾਉਂਦਾ ਹਾਂ।੯।(ਮੈਂ ਅਪਣੇ ਮਨ ਵਿਚੋਂ) ਆਪਾ ਭਾਵ ਦੂਰ ਕਰਕੇ ਹਰਿ ਜੀ ਦਾ ਨਾਮ ਜਪਦਾ ਹੈ ਅਤੇ ਹਰਿ ਜੀ ਨੂੰ ਹੀ ਸਲਾਹੁੰਦਾ ਹਾਂ।੧੦।

ਪਦਾਰਥ = ਹਮ–ਅਸੀਂ (ਸੰਸਾਰੀ ਜੀਵ)।ਕੁਚਲ–ਨਿੰਦਕ; ਬਦਚਲਨ।ਕੁਚੀਲ–ਗੰਦੇ।ਅਤਿ–ਬਹੁਤ।ਮਿਲਿ ਸਬਦੇ–ਸ਼ਬਦ ਨਾਲ ਮਿਲ ਕੇ।੧।ਸੰਤਹੁ–ਹੇ ਸੰਤ ਜਨੋਂ !।ਗੁਰਮੁਖਿ–ਗੁਰੂ ਰਾਹੀਂ।ਨਾਮਿ–ਪ੍ਰਭੂ ਦੇ ਨਾਮ ਵਿਚ ਜੁੜ ਕੇ।ਨਿਸਤਾਰੀ–ਪਾਰ ਉਤਾਰਾ ਹੋ ਜਾਂਦਾ ਹੈ।ਘਟ ਅੰਤਰਿ–ਹਿਰਦੇ ਅੰਦਰ।ਕਰਤੈ–ਕਰਤਾਰ ਨੇ।ਸਵਾਰੀ–ਸਵਾਰ ਦਿਤੀ; ਸ਼ਿੰਗਾਰ ਦਿਤੀ।੧।ਰਹਾਉ।ਪਾਰਸ–ਲੋਹੇ ਨੂੰ ਸੋਨਾ ਬਣਾ ਦੇਣ ਵਾਲਾ ਇਕ ਪੱਥਰ (ਵਿਕਾਰੀ ਮਨ ਨੂੰ ਪਵਿਤ੍ਰ ਕਰ ਦੇਣ ਵਾਲਾ ਗੁਰੂ ਰੂਪ ਪਾਰਸ)।ਧਾਰੀ–ਕੀਤੀ ਹੈ।੨। ਇਕਿ–ਕਈ ਮਨੁੱਖ।ਕਰਹਿ–ਕਰਦੇ ਹਨ।ਫਿਰਹਿ–ਫਿਰਦੇ ਹਨ।ਤਿਨ–ਉਨ੍ਹਾਂ ਨੇ।ਜੂਐ–ਜੂਏ ਵਿਚ।ਬਾਜੀ–ਖੇਡ।ਹਾਰੀ–ਹਾਰ ਦਿਤੀ।੩।ਅਨਦਿਨੁ–ਇਕ ਰਸ; ਲਗਾਤਾਰ।ਰਾਤੀ–ਰਾਤ।ਉਰਿ–ਹਿਰਦੇ ਵਿਚ।੪।ਰਾਤੇ–ਰੰਗੇ ਹੋਏ।ਸਹਜੇ–ਸਹਿਜ ਅਵਸਥਾ ਵਿਚ; ਸਹਜੇ ਹੀ।੫।ਭੈ–ਡਰ।ਨ ਹੋਵਈ–ਨਹੀਂ ਹੁੰਦੀ।ਕਬਹੀ–ਕਦੇ ਵੀ।ਭਾਇ ਭਗਤੀ–ਪ੍ਰੇਮਾ ਭਗਤੀ ਨੇ।੬।ਸਬਦਿ–ਸ਼ਬਦ ਦੁਆਰਾ।ਗਿਆਨਿ ਤਤਿ–ਗਿਆਨ ਦੁਆਰਾ ਤੱਤ ਸਰੂਪ ਪ੍ਰਭੂ ਦੇ।ਵੀਚਾਰੀ–ਵਿਚਾਰਵਾਨ।੭।ਆਪੇ–ਆਪ ਹੀ।ਕਰਤਾ–ਕਰਤਾ ਪੁਰਖ।ਬਖਸਿ–ਬਖਸ਼ਦਾ ਹੈ।ਭੰਡਾਰੀ–ਖਜਾਨੇ।੮।ਤਿਸ ਕਿਆ–ਉਸ ਦੇ।ਹਉ–ਮੈਂ।ਗਾਵਾ–ਗਾਉਂਦਾ ਹਾਂ।ਵੀਚਾਰੀ–ਵਿਚਾਰ ਕੇ ।੯।ਜਪੀ–ਮੈਂ ਜਪਦਾ ਹਾਂ।ਸਾਲਾਹੀ–ਮੈਂ ਸਲਾਹੁੰਦਾ ਹਾਂ।ਵਿਚਹੁ–ਮਨ ਵਿਚੋਂ।ਆਪੁ–ਆਪਾ ਭਾਵ।ਨਿਵਾਰੀ–ਦੂਰ ਕਰਕੇ।੧੦।

ਨਾਮੁ ਪਦਾਰਥੁ ਗੁਰ ਤੇ ਪਾਇਆ, ਅਖੁਟ ਸਚੇ ਭੰਡਾਰੀ ॥੧੧॥ ਅਪਣਿਆ ਭਗਤਾ ਨੋ ਆਪੇ ਤੁਠਾ, ਆਪਣੀ ਕਿਰਪਾ ਕਰਿ ਕਲ ਧਾਰੀ ॥੧੨॥ ਤਿਨ ਸਾਚੇ ਨਾਮ ਕੀ ਸਦਾ ਭੁਖ ਲਾਗੀ, ਗਾਵਨਿ ਸਬਦਿ ਵੀਚਾਰੀ ॥੧੩॥ ਜੀਉ ਪਿੰਡੁ ਸਭੁ ਕਿਛੁ ਹੈ ਤਿਸ ਕਾ, ਆਖਣੁ ਬਿਖਮੁ ਬੀਚਾਰੀ ॥੧੪॥ ਸਬਦਿ ਲਗੇ ਸੇਈ ਜਨ ਨਿਸਤਰੇ, ਭਉਜਲੁ ਪਾਰਿ ਉਤਾਰੀ ॥੧੫॥ ਬਿਨੁ ਹਰਿ ਸਾਚੇ ਕੋ ਪਾਰਿ ਨ ਪਾਵੈ, ਬੂਝੈ ਕੋ ਵੀਚਾਰੀ ॥੧੬॥ ਜੋ ਧੁਰਿ ਲਿਖਿਆ ਸੋਈ ਪਾਇਆ, ਮਿਲਿ ਹਰਿ ਸਬਦਿ ਸਵਾਰੀ ॥੧੭॥ ਕਾਇਆ ਕੰਚਨੁ

ਸਬਦੇ ਰਾਤੀ, ਸਾਚੈ ਨਾਇ ਪਿਆਰੀ ॥੧੮॥ ਕਾਇਆ ਅੰਮ੍ਰਿਤਿ ਰਹੀ ਭਰਪੂਰੇ, ਪਾਈਐ ਸਬਦਿ ਵੀਚਾਰੀ ॥੧੯॥ ਜੋ ਪ੍ਰਭੁ ਖੋਜਹਿ ਸੇਈ ਪਾਵਹਿ, ਹੋਰਿ ਫੂਟਿ ਮੂਏ ਅਹੰਕਾਰੀ ॥੨੦॥ (ਹੇ ਸੰਤ ਜਨੋਂ!) ਮੈਂ ਨਾਮ ਪਦਾਰਥ ਅਪਣੇ ਗੁਰੂ ਤੋਂ ਪ੍ਰਾਪਤ ਕੀਤਾ ਹੈ, ਸੱਚੇ ਪ੍ਰਭੂ ਨੇ ਮੈਨੂੰ ਨਾ ਮੁੱਕਣ ਵਾਲੇ ਭੰਡਾਰੇ ਦੇ ਮਾਲਕ ਬਣਾ ਦਿਤਾ ਹੈ।੧੧।ਪ੍ਰਭੂ ਅਪਣੇ ਭਗਤਾਂ ਉਤੇ ਆਪ ਹੀ ਪ੍ਰਸੰਨ ਹੋਇਆ ਹੈ, (ਉਸ ਨੇ) ਅਪਣੀ ਕਿਰਪਾ ਕਰਕੇ (ਭਗਤਾਂ ਦੇ ਅੰਦਰ ਨਾਮ ਜਪਣ ਦੀ) ਸ਼ਕਤੀ ਟਿਕਾਈ ਹੈ।੧੨।ਉਨ੍ਹਾਂ (ਭਗਤਾਂ) ਨੂੰ ਸੱਚੇ ਨਾਮ ਦੀ ਸਦਾ ਭੁੱਖ ਲੱਗੀ ਰਹਿੰਦੀ ਹੈ, (ਉਹ ਗੁਰੂ ਦੇ) ਸ਼ਬਦ ਦੁਆਰਾ ਵਿਚਾਰਵਾਨ ਹੋ ਕੇ ਪ੍ਰਭੂ ਦੇ ਗੁਣ ਗਾਉਂਦੇ ਹਨ। ੧੩।ਜਿੰਦ ਤੇ ਸਰੀਰ ਆਦਿ ਸਭ ਕੁਛ ਉਸ ਪ੍ਰਭੂ ਦਾ ਦਿਤਾ ਹੋਇਆ ਹੈ, (ਉਸ ਦੀ ਬਖਸ਼ਿਸ਼ ਬਾਰੇ) ਬਿਆਨ ਕਰਨਾ ਤੇ ਵਿਚਾਰ ਕਰਨਾ ਔਖਾ ਹੈ।੧੪।ਉਹ ਮਨੁੱਖ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ, (ਜਿਹੜੇ ਗੁਰੂ ਦੇ) ਸ਼ਬਦ ਵਿਚ ਜੁੜੇ ਹੋਏ ਹਨ ਅਤੇ (ਉਨ੍ਹਾਂ ਨੇ ਅਪਣੇ ਸੰਗੀ ਸਾਥੀ ਵੀ) ਭਵਜਲ ਤੋਂ ਪਾਰ ਉਤਾਰ ਦਿਤੇ ਹਨ।੧੫।(ਹੇ ਸੰਤ ਜਨੋਂ! ਇਹ ਗੱਲ) ਕੋਈ ਵਿਰਲਾ ਵਿਚਾਰਵਾਨ ਮਨੁੱਖ ਸਮਝਦਾ ਹੈ ਕਿ ਸੱਚੇ ਪ੍ਰਭੂ ਦੇ ਨਾਮ ਤੋਂ ਬਿਨਾ ਹੋਰ ਕੋਈ (ਭਵਜਲ ਤੋਂ) ਪਾਰ ਨਹੀਂ ਲੰਘਾ ਸਕਦਾ।੧੬।ਜੋ ਧੁਰ ਪ੍ਰਭੂ ਦੀ ਹਜੂਰੀ ਤੋਂ (ਮੱਥੇ ਤੇ ਲੇਖ) ਲਿਖਿਆ ਹੋਇਆ ਸੀ, ਉਹ ਹੀ ਫਲ ਪ੍ਰਾਪਤ ਕੀਤਾ ਹੈ, ਗੁਰੂ ਦੇ ਸ਼ਬਦ ਦੁਆਰਾ ਹਰੀ ਦੇ ਨਾਮ ਨਾਲ ਮਿਲ ਕੇ (ਅਪਣੀ ਜਿੰਦਗੀ) ਸਵਾਰ ਲਈ ਹੈ।੧੭।(ਹੇ ਸੰਤ ਜਨੋਂ! ਹੁਣ ਇਹ) ਦੇਹ ਗੁਰੂ ਦੇ ਸ਼ਬਦ ਵਿਚ ਰੰਗੀ ਹੋਈ ਸੋਨੇ ਵਾਂਗ ਸ਼ੁੱਧ ਹੋ ਗਈ ਹੈ ਅਤੇ ਸੱਚੇ ਪ੍ਰਭੂ ਦੇ ਨਾਮ ਨਾਲ ਪਿਆਰ ਕਰਦੀ ਹੈ।੧੮।(ਹੇ ਸੰਤ ਜਨੋਂ! ਹੁਣ ਇਹ) ਦੇਹ ਨਾਮ ਰੂਪ ਅੰਮ੍ਰਿਤ ਨਾਲ ਭਰੀ ਰਹਿੰਦੀ ਹੈ, (ਪਰ ਇਹ ਅੰਮ੍ਰਿਤ) ਗੁਰੂ ਦੇ ਸ਼ਬਦ ਦੁਆਰਾ ਵਿਚਾਰਵਾਨ ਬਣ ਕੇ ਪਾਈਦਾ ਹੈ। ੧੯।ਜੋ ਮਨੁੱਖ (ਅਪਣੇ ਸਰੀਰ ਅੰਦਰ ਹੀ) ਪ੍ਰਭੂ ਨੂੰ ਖੋਜਦੇ ਹਨ, ਉਹ (ਪ੍ਰਭੂ ਨੂੰ) ਪਾ ਲੈਂਦੇ ਹਨ, ਹੋਰ ਹੰਕਾਰੀ ਮਨੁੱਖ ਦੁਖੀ ਹੋ ਕੇ ਮਰਦੇ ਹਨ।੨੦। ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ।(੩੩੫)

ਪਦਾਰਥ = ਤੇ–ਤੋਂ; ਪਾਸੋਂ।ਅਖੁਟ–(ਅਖੁੱਟ ਪੜ੍ਹੋ) ਨਾ ਮੁਕਣ ਵਾਲਾ।ਸਚੇ–ਸੱਚੇ ਪ੍ਰਭੂ ਦੇ।ਭੰਡਾਰੀ–ਭੰਡਾਰੇ ਦਾ ਮਾਲਕ ਖਜਾਨਚੀ।੧੧।ਨੋ–ਨੂੰ; ਉਤੇ।ਤੁਠਾ–ਪ੍ਰਸੰਨ; ਮੇਹਰਵਾਨ।ਕਰਿ–ਕਰ ਕੇ।ਕਲ–ਸ਼ਕਤੀ।ਧਾਰੀ–ਟਿਕਾਈ ਹੈ।੧੨।ਤਿਨ–ਉਨ੍ਹਾਂ ਨੂੰ। ਗਾਵਨਿ–ਗਾਉਂਦੇ ਹਨ।ਵੀਚਾਰੀ–ਵਿਚਾਰਵਾਨ ਹੋ ਕੇ।੧੩।ਜੀਉ–ਜਿੰਦ।ਪਿੰਡੁ–ਸਰੀਰ।ਤਿਸ ਕਾ–ਉਸ ਦਾ।ਆਖਣੁ–ਬਿਆਨ ਕਰਨਾ।ਬਿਖਮੁ–ਔਖਾ।ਬੀਚਾਰੀ–ਵਿਚਾਰ ਕਰਨਾ।੧੪।ਸਬਦਿ ਲਾਗੇ–ਸ਼ਬਦ ਵਿਚ ਜੁੜੇ ਹਨ।ਸੇਈ ਜਨ–ਉਹ ਮਨੁੱਖ। ਨਿਸਤਰੇ–ਤਰ ਗਏ ਹਨ।ਭਉਜਲੁ–ਸੰਸਾਰ ਸਮੁੰਦਰ।ਪਾਰਿ ਉਤਾਰੀ–ਪਾਰ ਉਤਾਰ (ਲੰਘਾ) ਦਿਤੇ ਹਨ।੧੫।ਕੋ–ਕੋਈ ਵਿਰਲਾ।ਪਾਰਿ ਨ ਪਾਵੈ–ਪਾਰ ਨਹੀਂ ਲੰਘਾ ਸਕਦਾ।ਬੂਝੈ–ਸਮਝਦਾ ਹੈ।੧੬।ਧੁਰਿ–ਧੁਰ (ਪ੍ਰਭੂ ਦੀ ਹਜੂਰੀ) ਤੋਂ।ਸੋਈ–ਉਹ ਹੀ। ਸਬਦਿ–ਸ਼ਬਦ ਰਾਹੀਂ।ਸਵਾਰੀ–ਸਵਾਰ ਲਈ ਹੈ।੧੭।ਕਾਇਆ–ਸਰੀਰ।ਕੰਚਨੁ–ਸੋਨਾ।ਸਬਦੇ ਰਾਤੀ–ਸ਼ਬਦ ਵਿਚ ਰੰਗੀ ਹੋਈ।ਸਾਚੈ ਨਾਇ–ਸੱਚੇ ਪ੍ਰਭੂ ਦੇ ਨਾਮ ਨਾਲ।ਪਿਆਰੀ–ਪਿਆਰ ਕਰਦੀ ਹੈ।੧੮।ਅੰਮ੍ਰਿਤਿ–ਨਾਮ ਅੰਮ੍ਰਿਤ ਨਾਲ।ਰਹੀ ਭਰਪੂਰੇ–ਭਰੀ ਰਹਿੰਦੀ ਹੈ।੧੯।ਫੂਟਿ ਮੂਏ–ਟੁੱਟ (ਦੁਖੀ ਹੋ) ਕੇ ਮਰ ਗਏ।੨੦।

ਬਾਦੀ ਬਿਨਸਹਿ ਸੇਵਕ ਸੇਵਹਿ, ਗੁਰ ਕੈ ਹੇਤਿ ਪਿਆਰੀ ॥੨੧॥ ਸੋ ਜੋਗੀ ਤਤੁ ਗਿਆਨੁ ਬੀਚਾਰੇ, ਹਉਮੈ ਤ੍ਰਿਸਨਾ ਮਾਰੀ ॥੨੨॥ ਸਤਿਗੁਰੁ ਦਾਤਾ ਤਿਨੈ ਪਛਾਤਾ, ਜਿਸ ਨੋ ਕ੍ਰਿਪਾ ਤੁਮਾਰੀ ॥੨੩॥ ਸਤਿਗੁਰੁ ਨ ਸੇਵਹਿ ਮਾਇਆ ਲਾਗੇ, ਡੂਬਿ ਮੂਏ ਅਹੰਕਾਰੀ ॥੨੪॥ ਜਿਚਰੁ ਅੰਦਰਿ ਸਾਸੁ ਤਿਚਰੁ ਸੇਵਾ ਕੀਚੈ, ਜਾਇ ਮਿਲੀਐ ਰਾਮ ਮੁਰਾਰੀ ॥੨੫॥ ਅਨਦਿਨੁ ਜਾਗਤ ਰਹੈ ਦਿਨੁ ਰਾਤੀ, ਅਪਨੇ ਪ੍ਰਿਅ ਪ੍ਰੀਤਿ ਪਿਆਰੀ ॥੨੬॥ ਤਨੁ ਮਨੁ ਵਾਰੀ ਵਾਰਿ ਘੁਮਾਈ, ਅਪਨੇ ਗੁਰ ਵਿਟਹੁ ਬਲਿਹਾਰੀ ॥੨੭॥ ਮਾਇਆ ਮੋਹੁ ਬਿਨਸਿ ਜਾਇਗਾ, ਉਬਰੇ ਸਬਦਿ ਵੀਚਾਰੀ ॥੨੮॥ ਆਪਿ ਜਗਾਏ ਸੇਈ ਜਾਗੇ, ਗੁਰ ਕੈ ਸਬਦਿ ਵੀਚਾਰੀ ॥੨੯॥ ਨਾਨਕ ਸੇਈ ਮੂਏ ਜਿ ਨਾਮੁ ਨ ਚੇਤਹਿ, ਭਗਤ ਜੀਵੇ ਵੀਚਾਰੀ ॥੩੦॥੪॥੧੩॥ ਜੋ ਝਗੜਾਲੂ ਮਨੁੱਖ ਹਨ, ਉਹ ਬਰਬਾਦ ਹੋ ਜਾਂਦੇ ਹਨ, ਜੋ ਸੇਵਕ ਗੁਰੂ ਦੇ ਪ੍ਰੇਮ ਰਾਹੀਂ ਸੇਵਾ ਕਰਦੇ ਹਨ, (ਉਨ੍ਹਾਂ ਦੀ ਸੇਵਾ ਗੁਰੂ ਨੂੰ) ਪਿਆਰੀ ਲਗਦੀ ਹੈ।੨੧।ਜੋਗੀ ਉਹ ਹੈ, ਜੋ ਤੱਤ ਗਿਆਨ ਨੂੰ ਵਿਚਾਰਦਾ ਹੈ ਅਤੇ (ਜਿਸ ਨੇ) ਹਉਮੈ ਤੇ (ਪਦਾਰਥਾਂ ਦੀ) ਤ੍ਰਿਸ਼ਨਾ ਮਾਰ ਦਿਤੀ ਹੈ।੨੨।(ਹੇ ਪ੍ਰਭੂ!) ਜਿਸ ਮਨੁੱਖ ਉਤੇ ਤੇਰੀ ਕ੍ਰਿਪਾ ਹੋਈ ਹੈ, ਉਸ ਨੇ ਨਾਮ ਦੀ ਦਾਤ ਦੇਣ ਵਾਲੇ ਸਤਿਗੁਰੂ ਨੂੰ ਪਛਾਣਿਆ ਹੈ।੨੩।ਜਿਹੜੇ ਹੰਕਾਰੀ ਮਨੁੱਖ ਸਤਿ ਗੁਰੂ ਦੀ ਸੇਵਾ ਨਹੀਂ ਕਰਦੇ ਤੇ ਮਾਇਆ ਕੱਠੀ ਕਰਨ ਲਗੇ ਹੋਏ ਹਨ, ਉਹ ਭਵਜਲ ਵਿਚ ਡੁਬ ਕੇ ਮਰ ਗਏ ਹਨ।੨੪।ਜਿੰਨਾ ਚਿਰ ਸਰੀਰ ਦੇ ਅੰਦਰ ਸਾਹ ਚਲਦਾ ਹੈ, ਉਤਨਾ ਚਿਰ (ਸਤਿਗੁਰੂ ਦੀ) ਸੇਵਾ ਕਰਨੀ ਚਾਹੀਦੀ ਹੈ, (ਸੇਵਾ ਕਰਦਿਆਂ) ਪ੍ਰਭੂ ਨਾਲ

ਜਾ ਕੇ ਮਿਲ ਜਾਈਦਾ ਹੈ।੨੫।(ਉਹ ਮਨੁੱਖ) ਦਿਨ ਰਾਤ ਲਗਾਤਾਰ (ਗਿਆਨ ਅਵਸਥਾ ਵਿਚ) ਜਾਗਦਾ ਰਹਿੰਦਾ ਹੈ, (ਜਿਸ ਦੀ) ਅਪਣੇ ਪ੍ਰਭੂ ਨਾਲ ਪਿਆਰੀ ਪ੍ਰੀਤ ਹੈ।੨੬।ਮੈਂ ਅਪਣੇ ਗੁਰੂ ਤੋਂ ਬਲਹਾਰ ਜਾਂਦਾ ਹਾਂ, ਅਪਨਾ ਤਨ ਤੇ ਮਨ ਵੀ ਵਾਰ ਦਿਆਂ, ਵਾਰ ਕੇ ਕੁਰਬਾਨ ਕਰ ਦਿਆਂ।੨੭।ਮਾਇਆ ਦਾ ਜੋ ਮੋਹ ਹੈ (ਇਸ ਵਿਚ ਫਸ ਕੇ ਮਨੁੱਖ) ਨਾਸ਼ ਹੋ ਜਾਏਗਾ, (ਉਹ ਇਸ ਮੋਹ ਤੋਂ) ਬਚੇ ਹਨ, (ਜੋ ਗੁਰੂ ਦੇ) ਸ਼ਬਦ ਦੁਆਰਾ ਵਿਚਾਰਵਾਨ ਬਣੇ ਹਨ।੨੮।(ਮੋਹ ਮਾਇਆ ਦੀ ਨੀਂਦ ਵਿਚੋਂ ਜੋ ਮਨੁੱਖ) ਪ੍ਰਭੂ ਨੇ ਆਪ ਜਗਾਏ ਹਨ, ਉਹ ਹੀ ਜਾਗੇ ਹਨ ਅਤੇ (ਉਹ) ਗੁਰੂ ਦੇ ਸ਼ਬਦ ਦੁਆਰਾ ਵਿਚਾਰਵਾਨ ਹੋਏ ਹਨ।੨੯।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜੇ ਮਨੁੱਖ ਪ੍ਰਭੂ ਦਾ ਨਾਮ ਚੇਤੇ ਨਹੀ ਕਰਦੇ, (ਸਮਝੋ) ਉਹ ਮਰੇ ਹੋਏ ਹਨ, (ਪਰ ਜਿਹੜੇ ਪ੍ਰਭੂ ਦੇ ਗੁਣਾਂ ਦੀ) ਵਿਚਾਰ ਕਰਨ ਵਾਲੇ ਭਗਤ ਹਨ, (ਉਹ) ਸਦਾ ਜਿਉਂਦੇ ਰਹਿੰਦੇ ਹਨ।੩੦।੪।੧੩।

ਪਦਾਰਥ = ਬਾਦੀ–ਝਗੜਾ ਜਾਂ ਬਹਿਸ ਕਰਨ ਵਾਲੇ ਮਨੁੱਖ।ਬਿਨਸਹਿ–ਬਰਬਾਦ ਹੋ ਜਾਂਦੇ ਹਨ।ਸੇਵਹਿ–ਸੇਵਾ ਕਰਦੇ ਹਨ।ਗੁਰ ਕੈ ਹੇਤਿ–ਗੁਰੂ ਦੇ ਪ੍ਰੇਮ ਰਾਹੀਂ।੨੧।ਸੋ–ਉਹ।ਤਤੁ ਗਿਆਨੁ–ਆਤਮ ਗਿਆਨ; ਬ੍ਰਹਮ ਗਿਆਨ; ਯਥਾਰਥ ਗਿਆਨ।ਮਾਰੀ–ਮਾਰ ਦਿਤੀ।੨੨।ਦਾਤਾ–(ਨਾਮ ਦੀ) ਦਾਤ ਦੇਣ ਵਾਲਾ।ਤਿਨੈ–ਉਸ ਨੇ।ਪਛਾਤਾ–ਪਛਾਣਿਆ।ਜਿਸ ਨੋ–ਜਿਸ ਉਤੇ।੨੩।ਡੂਬਿ ਮੂਏ–ਡੁਬ ਕੇ ਮਰ ਗਏ।੨੪।ਜਿਚਰੁ–ਜਿੰਨਾ ਚਿਰ।ਅੰਦਰਿ–ਸਰੀਰ ਦੇ ਅੰਦਰ।ਸਾਸੁ–ਸਾਹ।ਤਿਚਰੁ–ਉਤਨਾ ਚਿਰ।ਕੀਚੈ–ਕਰਨੀ ਚਾਹੀਦੀ ਹੈ।ਰਾਮ ਮੁਰਾਰੀ–ਹੰਕਾਰ ਦਾ ਵੈਰੀ ਸਰਬ ਵਿਆਪਕ ਪ੍ਰਭੂ।੨੫।ਅਨਦਿਨੁ–ਇਕ ਰਸ; ਲਗਾਤਾਰ।ਰਾਤੀ–ਰਾਤ।ਪ੍ਰਿਅ–ਪਿਆਰਾ ਪ੍ਰਭੂ।੨੬।ਵਾਰੀ–ਮੈਂ ਵਾਰ ਦਿਆਂ।ਵਾਰਿ ਘੁਮਾਈ–ਵਾਰ ਕੇ ਕੁਰਬਾਨ ਕਰ ਦਿਆਂ।ਵਿਟਹੁ–ਤੋਂ।੨੭। ਉਬਰੇ–ਬਚ ਗਏ ਹਨ।ਸਬਦਿ–ਸ਼ਬਦ ਦੁਆਰਾ।ਵੀਚਾਰੀ–ਵਿਚਾਰਵਾਨ।੨੮।ਆਪਿ–ਪ੍ਰਭੂ ਆਪ ਹੀ।ਸੇਈ–ਉਹ ਹੀ।੨੯। ਮੂਏ–ਮਰੇ ਹੋਏ ਹਨ।ਜਿ–ਜਿਹੜੇ (ਮਨੁੱਖ)।ਨ ਚੇਤਹਿ–ਯਾਦ ਨਹੀਂ ਕਰਦੇ।ਜੀਵੇ–ਜਿਉਂਦੇ ਹਨ।੩੦।੪।੧੩।

ਰਾਮਕਲੀ ਮਹਲਾ ੩ ॥ ਨਾਮੁ ਖਜਾਨਾ ਗੁਰ ਤੇ ਪਾਇਆ, ਤ੍ਰਿਪਤਿ ਰਹੇ ਆਘਾਈ ॥੧॥ ਸੰਤਹੁ ਗੁਰਮੁਖਿ ਮੁਕਤਿ ਗਤਿ ਪਾਈ ॥(ਹੇ ਸੰਤ ਜਨੋਂ! ਜਿਨ੍ਹਾਂ ਪੁਰਖਾਂ ਨੇ) ਪ੍ਰਭੂ ਦਾ ਨਾਮ ਰੂਪ ਖਜਾਨਾ ਗੁਰੂ ਤੋਂ ਪ੍ਰਾਪਤ ਕੀਤਾ ਹੈ, (ਉਹ) ਪੂਰਨ ਤੌਰ ਤੇ ਰੱਜੇ ਰਹਿੰਦੇ ਹਨ।੧।ਹੇ ਸੰਤ ਜਨੋਂ! ਗੁਰਮੁਖ ਨੇ (ਗੁਰੂ ਪਾਸੋਂ) ਮੁਕਤੀ ਪ੍ਰਾਪਤ ਕਰਨ ਦਾ ਤਰੀਕਾ ਪ੍ਰਾਪਤ ਕਰ ਲਿਆ ਹੈ।

ਅੰਗ ੯੧੨ = ਏਕੁ ਨਾਮੁ ਵਸਿਆ ਘਟ ਅੰਤਰਿ, ਪੂਰੇ ਕੀ ਵਡਿਆਈ ॥੧॥ਰਹਾਉ॥ ਆਪੇ ਕਰਤਾ ਆਪੇ ਭੁਗਤਾ, ਦੇਦਾ ਰਿਜਕੁ ਸਬਾਈ ॥੨॥ ਜੋ ਕਿਛੁ ਕਰਣਾ ਸੋ ਕਰਿ ਰਹਿਆ, ਅਵਰੁ ਨ ਕਰਣਾ ਜਾਈ ॥੩॥ ਆਪੇ ਸਾਜੇ ਸ੍ਰਿਸਟਿ ਉਪਾਏ, ਸਿਰਿ ਸਿਰਿ ਧੰਧੈ ਲਾਈ ॥੪॥ ਤਿਸਹਿ ਸਰੇਵਹੁ ਤਾ ਸੁਖੁ ਪਾਵਹੁ ,ਸਤਿਗੁਰਿ ਮੇਲਿ ਮਿਲਾਈ ॥੫॥ ਆਪਣਾ ਆਪੁ ਆਪਿ ਉਪਾਏ, ਅਲਖੁ ਨ ਲਖਣਾ ਜਾਈ ॥੬॥ ਆਪੇ ਮਾਰਿ ਜੀਵਾਲੇ ਆਪੇ, ਤਿਸ ਨੋ ਤਿਲੁ ਨ ਤਮਾਈ ॥੭॥ ਇਕਿ ਦਾਤੇ ਇਕਿ ਮੰਗਤੇ ਕੀਤੇ, ਆਪੇ ਭਗਤਿ ਕਰਾਈ ॥੮॥ ਸੇ ਵਡਭਾਗੀ ਜਿਨੀ ਏਕੋ ਜਾਤਾ, ਸਚੇ ਰਹੇ ਸਮਾਈ ॥੯॥ ਆਪਿ ਸਰੂਪੁ ਸਿਆਣਾ ਆਪੇ, ਕੀਮਤਿ ਕਹਣੁ ਨ ਜਾਈ ॥੧੦॥(ਉਸ ਗੁਰਮੁਖ ਦੇ) ਹਿਰਦੇ ਅੰਦਰ ਇਕ ਪ੍ਰਭੂ ਦਾ ਨਾਮ ਵਸਿਆ ਹੈ, (ਇਹ) ਪੂਰੇ ਗੁਰੂ ਦੀ ਵਡਿਆਈ ਹੈ।੧।ਰਹਾਉ।(ਹੇ ਸੰਤ ਜਨੋਂ) ਪ੍ਰਭੂ ਆਪ ਹੀ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ (ਉਹ ਜੀਵਾਂ ਦੇ ਅੰਦਰ ਬੈਠਾ ਪਦਾਰਥ) ਭੋਗਣ ਵਾਲਾ ਹੈ ਅਤੇ ਸਾਰੀ ਸ੍ਰਿਸਟੀ ਨੂੰ (ਉਹ) ਰਿਜਕ ਦੇਂਦਾ ਹੈ।੨।ਜੋ ਕੁਛ (ਪ੍ਰਭੂ ਨੇ) ਕਰਨਾ ਹੈ, ਉਹ ਕਰ ਰਿਹਾ ਹੈ, ਹੋਰ (ਕਿਸੇ ਪਾਸੋਂ) ਕੁਛ ਨਹੀਂ ਕੀਤਾ ਜਾ ਸਕਦਾ।੩।ਪ੍ਰਭੂ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ, ਆਪ ਹੀ ਸ੍ਰਿਸਟੀ ਨੂੰ ਪੈਦਾ ਕਰਦਾ ਹੈ ਅਤੇ (ਆਪ ਹੀ) ਹਰੇਕ ਜੀਵ ਨੂੰ ਧੰਧਿਆਂ ਵਿਚ ਲਾਉਂਦਾ ਹੈ।੪।(ਹੇ ਸੰਤ ਜਨੋਂ!) ਉਸ ਪ੍ਰਭੂ ਨੂੰ ਸਿਮਰਦੇ ਰਹੋ, ਤਾਂ ਤੁਸੀਂ ਸੁਖ ਪਾਵੋਂਗੇ, (ਸਿਮਰਦਾ ਉਹ ਹੈ, ਜਿਸ ਮਨੁੱਖ ਨੂੰ) ਸਤਿਗੁਰੂ ਨੇ ਅਪਣੀ ਸੰਗਤ ਵਿਚ ਮਿਲਾਇਆ ਹੈ।੫।(ਹੇ ਸੰਤੋ!) ਪ੍ਰਭੂ ਅਪਣੇ ਆਪ ਤੋਂ ਆਪ ਹੀ ਜਗਤ ਨੂੰ ਪੈਦਾ ਕਰਦਾ ਹੈ (ਹੋਰ ਦੂਜਾ ਕੋਈ ਪੈਦਾ ਕਰਨ ਵਾਲਾ ਨਹੀਂ), ਨਾ ਸਮਝੇ ਜਾਣ ਵਾਲਾ ਪ੍ਰਭੂ (ਗੁਰੂ ਤੋਂ ਬਿਨਾ) ਜਾਣਿਆ ਨਹੀਂ ਜਾ ਸਕਦਾ।੬।ਪ੍ਰਭੂ ਆਪ ਹੀ (ਜੀਵਾਂ ਨੂੰ) ਮਾਰ ਕੇ ਆਪ ਹੀ ਜਿਵਾਉਂਦਾ ਹੈ, ਉਸ ਪ੍ਰਭੂ ਨੂੰ ਤਿਲ ਮਾਤ੍ਰ ਵੀ ਲਾਲਚ ਨਹੀਂ।੭।(ਪ੍ਰਭੂ ਨੇ ਜਗਤ ਵਿਚ) ਕਈ ਮਨੁੱਖ ਦਾਤੇ ਅਤੇ ਕਈ ਮਨੁੱਖ ਮੰਗਤੇ ਪੈਦਾ ਕੀਤੇ ਹਨ, (ਜਿਨ੍ਹਾਂ ਤੇ ਉਹ ਮੇਹਰ ਕਰਦਾ ਹੈ, ਉਨ੍ਹਾਂ ਪਾਸੋਂ ਅਪਣੀ) ਭਗਤੀ ਆਪ ਹੀ ਕਰਾਈ ਹੈ।੮।ਉਹ ਪੁਰਖ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਇਕੋ ਪ੍ਰਭੂ ਨੂੰ ਜਾਣਿਆ ਹੈ ਅਤੇ ਉਹ ਸੱਚੇ ਪ੍ਰਭੂ ਵਿਚ ਲੀਨ ਰਹਿੰਦੇ ਹਨ।੯।ਪ੍ਰਭੂ ਆਪ ਹੀ ਸੁੰਦਰ ਰੂਪ ਵਾਲਾ ਹੈ ਤੇ ਆਪ ਹੀ ਸਿਆਣਾ ਹੈ, (ਉਸ ਦੀ ਸੁੰਦਰਤਾ ਤੇ ਸਿਆਣਪ ਦੀ) ਕੀਮਤ ਕਥਨ ਨਹੀਂ ਕੀਤੀ ਜਾ ਸਕਦੀ।੧੦।

ਪਦਾਰਥ = ਗੁਰ ਤੇ-ਗੁਰੂ ਤੋਂ। ਤ੍ਰਿਪਤਿ ਰਹੇ-ਰੱਜੇ ਰਹਿੰਦੇ ਹਨ। ਆਘਾਈ-ਰੱਜ ਗਏ ਹਨ।੧। ਸੰਤਹੁ-ਹੇ ਸੰਤ ਜਨੋਂ!। ਗੁਰਮੁਖਿ -ਗੁਰੂ ਅਨੁਸਾਰੀ ਮਨੁੱਖ ਨੇ। ਮੁਕਤਿ ਗਤਿ-ਮੁਕਤੀ ਪ੍ਰਾਪਤ ਕਰਨ ਦਾ ਤਰੀਕਾ। ਪਾਈ-ਪ੍ਰਾਪਤ ਕੀਤੀ ਹੈ। ਘਟ ਅੰਤਰਿ-ਹਿਰਦੇ ਅੰਦਰ। ਪੂਰੇ ਕੀ-ਪੂਰੇ ਗੁਰੂ ਦੀ। ਵਡਿਆਈ-ਸੋਭਾ; ਮੇਹਰਬਾਨੀ।੧। ਰਹਾਉ। ਆਪੇ-ਆਪ ਹੀ। ਕਰਤਾ-(ਜੀਵਾਂ ਨੂੰ) ਪੈਦਾ ਕਰਨ ਵਾਲਾ। ਭੁਗਤਾ-ਭੋਗਣ (ਖਾਣ) ਵਾਲਾ। ਰਿਜਕੁ-ਖੁਰਾਕ। ਸਬਾਈ-ਸਾਰੀ ਦੁਨੀਆਂ ਨੂੰ।੨। ਸੋ-ਉਹ। ਅਵਰੁ-ਕੁਛ ਹੋਰ। ਨ ਕਰਣਾ ਜਾਈ-ਨਹੀਂ ਕੀਤਾ ਜਾ ਸਕਦਾ।੩। ਸਾਜੇ-ਪੈਦਾ ਕਰਦਾ ਹੈ। ਉਪਾਏ-ਪੈਦਾ ਕਰਦਾ ਹੈ। ਸਿਰਿ ਸਿਰਿ-ਹਰੇਕ ਜੀਵ ਨੂੰ। ਧੰਧੈ-ਧੰਧਿਆਂ ਵਿਚ।੪। ਤਿਸਹਿ-ਉਸ (ਪ੍ਰਭੂ) ਨੂੰ। ਸਰੇਵਹੁ-ਸਿਮਰਦੇ ਰਹੋ। ਪਾਵਹੁ-ਪਾਵੋਂਗੇ। ਸਤਿਗੁਰਿ-ਸਤਿਗੁਰੂ ਨੇ। ਮੇਲਿ ਮਿਲਾਈ-ਮੇਲ (ਸੰਗਤ) ਵਿਚ ਮਿਲਾਇਆ ਹੈ।੫। ਆਪਣਾ ਆਪੁ-ਅਪਣੇ ਆਪ ਤੋਂ। ਅਲਖੁ-ਜਿਸ ਨੂੰ ਸਮਝਿਆ ਨਾ ਜਾ ਸਕੇ। ਨ ਲਖਣਾ ਜਾਈ-ਜਾਣਿਆ ਨਹੀਂ ਜਾ ਸਕਦਾ।੬। ਮਾਰਿ-ਮਾਰ ਕੇ। ਜੀਵਾਲੇ-ਜਿਵਾਲਦਾ ਹੈ। ਤਿਸ ਨੋ-ਉਸ ਨੂੰ। ਤਿਲੁ-ਤਿਲ ਮਾਤ੍ਰ ਵੀ। ਤਮਾਈ-ਲਾਲਚ।੭। ਇਕਿ-ਕਈ ਮਨੁੱਖ। ਦਾਤੇ-ਦਾਤਾਂ ਦੇਣ ਵਾਲੇ। ਕੀਤੇ-ਪੈਦਾ ਕੀਤੇ ਹਨ।੮। ਸੇ-ਉਹ। ਜਿਨੀ- ਜਿਨ੍ਹਾਂ ਨੇ। ਏਕੋ ਜਾਤਾ-ਇਕੋ ਪ੍ਰਭੂ ਨੂੰ ਜਾਣਿਆ ਹੈ। ਸਚੇ-ਸੱਚੇ ਪ੍ਰਭੂ ਵਿਚ। ਰਹੇ ਸਮਾਈ-ਲੀਨ ਰਹਿੰਦੇ ਹਨ।੯। ਸਰੂਪੁ-ਸੁੰਦਰ ਰੂਪ ਵਾਲਾ। ਕਹਣੁ ਨ ਜਾਈ-ਕਥਨ ਨਹੀਂ ਕੀਤੀ ਜਾ ਸਕਦੀ।੧੦।

ਆਪੇ ਦੁਖੁ ਸੁਖੁ ਪਾਏ ਅੰਤਰਿ, ਆਪੇ ਭਰਮਿ ਭੁਲਾਈ ॥੧੧॥ ਵਡਾ ਦਾਤਾ ਗੁਰਮੁਖਿ ਜਾਤਾ, ਨਿਗੁਰੀ ਅੰਧ ਫਿਰੈ ਲੋਕਾਈ ॥੧੨ ॥ ਜਿਨੀ ਚਾਖਿਆ ਤਿਨਾ ਸਾਦੁ ਆਇਆ, ਸਤਿਗੁਰਿ ਬੂਝ ਬੁਝਾਈ ॥੧੩॥ ਇਕਨਾ ਨਾਵਹੁ ਆਪਿ ਭੁਲਾਏ, ਇਕਨਾ ਗੁਰਮੁਖਿ ਦੇਇ ਬੁਝਾਈ ॥੧੪॥ ਸਦਾ ਸਦਾ ਸਾਲਾਹਿਹੁ ਸੰਤਹੁ ,ਤਿਸ ਦੀ ਵਡੀ ਵਡਿਆਈ ॥੧੫॥ ਤਿਸੁ ਬਿਨੁ ਅਵਰੁ ਨ ਕੋਈ ਰਾਜਾ, ਕਰਿ ਤਪਾਵਸੁ ਬਣਤ ਬਣਾਈ ॥੧੬॥ ਨਿਆਉ ਤਿਸੈ ਕਾ ਹੈ ਸਦ ਸਾਚਾ, ਵਿਰਲੇ ਹੁਕਮੁ ਮਨਾਈ ॥੧੭॥ ਤਿਸ ਨੋ ਪ੍ਰਾਣੀ ਸਦਾ ਧਿਆਵਹੁ ,ਜਿਨਿ ਗੁਰਮੁਖਿ ਬਣਤ ਬਣਾਈ ॥੧੮॥ ਸਤਿਗੁਰ ਭੇਟੈ ਸੋ ਜਨੁ ਸੀਝੈ, ਜਿਸੁ ਹਿਰਦੈ ਨਾਮੁ ਵਸਾਈ ॥੧੯॥ ਸਚਾ ਆਪਿ ਸਦਾ ਹੈ ਸਾਚਾ, ਬਾਣੀ ਸਬਦਿ ਸੁਣਾਈ ॥੨੦॥ ਨਾਨਕ ਸੁਣਿ ਵੇਖਿ ਰਹਿਆ ਵਿਸਮਾਦੁ ,ਮੇਰਾ ਪ੍ਰਭੁ ਰਵਿਆ ਸ੍ਰਬ ਥਾਈ ॥੨੧॥੫॥੧੪॥ (ਹੇ ਸੰਤ ਜਨੋਂ!) ਪ੍ਰਭੂ ਆਪ ਹੀ ਜੀਵਾਂ ਦੇ ਅੰਦਰ (ਉਨ੍ਹਾਂ ਦੇ ਕੀਤੇ ਚੰਗੇ ਮੰਦੇ ਕਰਮਾਂ ਅਨੁਸਾਰ) ਦੁਖ ਸੁਖ ਪਾਉਂਦਾ ਹੈ ਅਤੇ ਆਪ ਹੀ (ਮਨਮੁੱਖਾਂ ਨੂੰ) ਭਰਮ ਵਿਚ ਭੁਲਾਈ ਰਖਦਾ ਹੈ।੧੧। ਵੱਡਾ ਦਾਤਾ ਪ੍ਰਭੂ ਗੁਰੂ ਦੀ ਸ਼ਰਣ ਵਿਚ ਪੈ ਕੇ ਜਾਣਿਆ ਜਾਂਦਾ ਹੈ ਅਤੇ (ਬਾਕੀ) ਨਿਗੁਰੀ ਦੁਨੀਆਂ (ਅਗਿਆਨ ਕਰਕੇ) ਅੰਨ੍ਹੀ ਹੋਈ ਭਟਕਦੀ ਫਿਰਦੀ ਹੈ।੧੨। ਜਿਨ੍ਹਾਂ ਪੁਰਖਾਂ ਨੇ ਹਰੀ ਦਾ ਨਾਮ ਰਸ ਚੱਖਿਆ ਹੈ, ਉਨ੍ਹਾਂ ਨੂੰ ਹੀ (ਨਾਮ ਰਸ ਦਾ) ਸੁਆਦ ਆਇਆ ਹੈ, (ਉਨ੍ਹਾਂ ਨੂੰ ਇਹ) ਸਮਝ ਸਤਿਗੁਰੂ ਨੇ ਸਮਝਾਈ ਹੈ।੧੩। ਕਈ ਮਨਮੁਖਾਂ ਨੂੰ ਨਾਮ ਸਿਮਰਨ ਤੋਂ ਪ੍ਰਭੂ ਨੇ ਆਪ ਹੀ ਭੁਲਾ ਦਿਤਾ ਹੈ, (ਪਰ) ਕਈ ਮਨੁੱਖਾਂ ਨੂੰ ਗੁਰੂ ਦੁਆਰਾ (ਨਾਮ ਜਪਣ ਦੀ) ਸਮਝ ਬਖਸ਼ ਦੇਂਦਾ ਹੈ।੧੪। ਹੇ ਸੰਤ ਜਨੋਂ! ਪ੍ਰਭੂ ਨੂੰ ਸਦਾ ਸਦਾ ਸਲਾਹੁੰਦੇ ਰਿਹਾ ਕਰੋ, ਉਸ ਪ੍ਰਭੂ ਦੀ ਵਡਿਆਈ (ਸਭ ਤੋਂ) ਵੱਡੀ ਹੈ।੧੫। ਉਸ ਪ੍ਰਭੂ ਤੋਂ ਬਿਨਾ (ਉਸ ਦੇ ਬਰਾਬਰ ਦਾ) ਹੋਰ ਕੋਈ ਰਾਜਾ ਨਹੀਂ, (ਉਸ ਨੇ ਜੋ ਜਗਤ ਦੀ) ਬਣਤ ਬਣਾਈ ਹੈ, (ਇਸ ਵਿਚ ਉਹ ਜੀਵਾਂ ਦੇ ਕਰਮਾਂ ਅਨੁਸਾਰ) ਨਿਆਂ ਕਰਦਾ ਹੈ।੧੬। ਉਸ ਪ੍ਰਭੂ ਦਾ ਨਿਆਉ ਸਦਾ ਸੱਚਾ ਹੈ, (ਪਰ ਉਹ ਅਪਣਾ) ਹੁਕਮ ਕਿਸੇ ਵਿਰਲੇ ਮਨੁੱਖ ਕੋਲੋਂ ਮਨਾਉਂਦਾ ਹੈ।੧੭। ਹੇ ਪ੍ਰਾਣੀਓ! ਉਸ ਪ੍ਰਭੂ ਨੂੰ ਸਦਾ ਧਿਆਉਂਦੇ ਰਹੋ, ਜਿਸ ਨੇ ਗੁਰੂ ਦੁਆਰਾ ਹੁਕਮ ਮਨਾਉਣ ਦੀ ਵਿਧੀ ਬਣਾਈ ਹੈ।੧੮। ਉਹ ਮਨੁੱਖ ਮੁਕਤ ਹੋ ਜਾਂਦਾ ਹੈ; (ਅਪਣੇ ਜੀਵਨ ਵਿਚ) ਸਫਲ ਹੁੰਦਾ ਹੈ, (ਜਿਹੜਾ) ਸਤਿਗੁਰੂ ਨੂੰ ਮਿਲਦਾ ਹੈ ਅਤੇ ਜਿਸ ਦੇ ਹਿਰਦੇ ਵਿਚ (ਗੁਰੂ ਪ੍ਰਭੂ ਦਾ) ਨਾਮ ਵਸਾ ਦੇਂਦਾ ਹੈ।੧੯। ਪ੍ਰਭੂ ਆਪ ਸੱਚਾ ਹੈ, ਸਦਾ (ਤਿੰਨਾਂ ਕਾਲਾਂ ਵਿਚ) ਸੱਚਾ ਹੈ, (ਗੁਰੂ ਨੇ ਇਹ) ਬਾਣੀ ਸ਼ਬਦ ਦੁਆਰਾ ਸੁਣਾਈ ਹੈ ।੨੦। ਨਾਨਕ ਗੁਰੂ ਜੀ ਆਖਦੇ ਹਨ ਕਿ ਅਸਚਰਜ ਰੂਪ ਮੇਰਾ ਪ੍ਰਭੂ ਸਭ ਥਾਵਾਂ ਵਿਚ ਵਿਆਪਕ ਹੈ, (ਹਰੇਕ ਜੀਵ ਦੇ ਅੰਦਰ ਬੈਠਾ ਸਭ ਦੇ ਕੰਮ) ਦੇਖ ਰਿਹਾ ਹੈ ਅਤੇ (ਸਭ ਜੀਵਾਂ ਦੀ ਗੱਲ) ਸੁਣ ਰਿਹਾ ਹੈ।੨੧।੫।੧੪।

ਪਦਾਰਥ = ਆਪੇ-ਆਪ ਹੀ। ਅੰਤਰਿ-(ਜੀਵ ਦੇ) ਅੰਦਰ। ਭਰਮਿ-ਭਰਮ ਵਿਚ।੧੧। ਦਾਤਾ-ਦਾਤਾਂ ਦੇਣ ਵਾਲਾ ਪ੍ਰਭੂ। ਗੁਰਮੁਖਿ -ਗੁਰੂ ਦੁਆਰਾ। ਜਾਤਾ-ਜਾਣਿਆ ਜਾਂਦਾ ਹੈ। ਨਿਗੁਰੀ-ਜਿਸ ਦਾ ਗੁਰੂ ਨਹੀਂ; ਮਨਮੁਖ। ਅੰਧ-ਅੰਨ੍ਹੀ ਹੋਈ। ਲੋਕਾਈ-ਦੁਨੀਆਂ। ੧੨। ਜਿਨੀ-ਜਿਨ੍ਹਾਂ ਨੇ। ਤਿਨਾ-ਉਨ੍ਹਾਂ ਨੂੰ। ਸਾਦੁ-ਸੁਆਦ (ਅਨੰਦ)। ਸਤਿਗੁਰਿ-ਸਤਿਗੁਰੂ ਨੇ। ਬੂਝ ਬੁਝਾਈ-ਸਮਝ ਸਮਝਾਈ ਹੈ ।੧੩। ਇਕਨਾ-ਕਈ ਮਨੁੱਖਾਂ ਨੂੰ। ਨਾਵਹੁ-ਨਾਮ ਤੋਂ। ਦੇਇ ਬੁਝਾਈ-ਸਮਝ ਬਖਸ਼ ਦੇਂਦਾ ਹੈ।੧੪। ਸਲਾਹਿਹੁ-ਸਲਾਹੁੰਦੇ ਰਿਹਾ

ਕਰੋ।ਸੰਤਹੁ–ਹੇ ਸੰਤ ਜਨੋਂ!।ਤਿਸ ਦੀ–ਉਸ ਦੀ।੧੫।ਅਵਰੁ–ਹੋਰ।ਰਾਜਾ–ਹੁਕਮਰਾਨ।ਤਪਾਵਸੁ–ਨਿਆਉਂ।ਬਣਤ–ਜਗਤ ਰਚਨਾ ਦੀ।੧੬।ਤਿਸੈ ਕਾ–ਉਸ ਦਾ।ਸਦ–ਸਦਾ।ਸਾਚਾ–ਅਟੱਲ।ਮਨਾਈ–ਮਨਵਾਉਂਦਾ ਹੈ।੧੭।ਤਿਸ ਨੋ–ਉਸ ਨੂੰ।ਪ੍ਰਾਣੀ–ਹੇ ਪ੍ਰਾਣੀਓ!।ਜਿਨਿ–ਜਿਸ ਨੇ।ਬਣਤ–ਵਿਧੀ; ਮਰਿਆਦਾ।੧੮।ਭੇਟੈ–ਮਿਲਦਾ ਹੈ।ਸੋ ਜਨੁ–ਉਹ ਮਨੁੱਖ।ਸੀਝੈ–ਸਫਲ ਹੁੰਦਾ ਹੈ।ਹਿਰਦੈ–ਹਿਰਦੇ ਵਿਚ।੧੯।ਸਦਾ ਸਾਚਾ–ਸਦਾ ਕਾਇਮ ਰਹਿਣ ਵਾਲਾ ਪ੍ਰਭੂ।ਸਬਦਿ–ਸ਼ਬਦ ਦੁਆਰਾ।੨੦।ਵਿਸਮਾਦੁ–ਅਸਚਰਜ ਰੂਪ ਪ੍ਰਭੂ।ਰਵਿਆ–ਵਿਆਪਕ ਹੈ।ਸ੍ਰਬ ਥਾਈ–ਸਭ ਥਾਵਾਂ ਵਿਚ।੨੧।੫।੧੪।

ਰਾਮਕਲੀ ਮਹਲਾ ੫ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥ ਕਿਨਹੀ ਕੀਆ, ਪਰਵਿਰਤਿ ਪਸਾਰਾ ॥ ਕਿਨਹੀ ਕੀਆ, ਪੂਜਾ ਬਿਸਥਾਰਾ ॥ ਕਿਨਹੀ ਨਿਵਲ ਭੁਇਅੰਗਮ ਸਾਧੇ ॥ ਮੋਹਿ ਦੀਨ ਹਰਿ ਹਰਿ ਆਰਾਧੇ ॥੧॥ ਤੇਰਾ ਭਰੋਸਾ ਪਿਆਰੇ ॥ ਆਨ ਨ ਜਾਨਾ ਵੇਸਾ ॥੧॥ਰਹਾਉ॥ ਕਿਨਹੀ ਗ੍ਰਿਹੁ ਤਜਿ, ਵਣ ਖੰਡਿ ਪਾਇਆ ॥ ਕਿਨਹੀ ਮੋਨਿ ਅਉਧੂਤੁ ਸਦਾਇਆ ॥ ਕੋਈ ਕਹਤਉ ,ਅਨੰਨਿ ਭਗਉਤੀ ॥ ਮੋਹਿ ਦੀਨ, ਹਰਿ ਹਰਿ ਓਟ ਲੀਤੀ ॥੨॥ ਕਿਨਹੀ ਕਹਿਆ, ਹਉ ਤੀਰਥ ਵਾਸੀ ॥ ਕੋਈ ਅੰਨੁ ਤਜਿ ਭਇਆ ਉਦਾਸੀ ॥ ਕਿਨਹੀ ਭਵਨੁ ਸਭ ਧਰਤੀ ਕਰਿਆ ॥ ਮੋਹਿ ਦੀਨ, ਹਰਿ ਹਰਿ ਦਰਿ ਪਰਿਆ ॥੩॥ (ਹੇ ਭਾਈ!) ਕਿਸੇ ਮਨੁੱਖ ਨੇ ਦੁਨੀਆਂਦਾਰੀ (ਗ੍ਰਿਹਸਤ ਜੀਵਨ) ਦਾ ਪਸਾਰਾ ਕੀਤਾ ਹੈ।ਕਿਸੇ ਨੇ (ਦੇਵੀ ਦੇਵਤਿਆਂ ਦੀ) ਪੂਜਾ ਦਾ ਪਸਾਰਾ ਕੀਤਾ ਹੈ।ਕਿਸੇ ਨੇ ਨਿਉਲੀ ਕਰਮ ਕੀਤੇ ਹਨ ਅਤੇ ਕਿਸੇ ਨੇ ਭੁਇਅੰਗਮਾ ਨਾੜੀ ਦੇ ਸਾਧਨ ਕੀਤੇ ਹਨ।(ਪਰ) ਮੈਂ ਗਰੀਬ ਨੇ ਪ੍ਰਭੂ ਨੂੰ ਹੀ ਸਿਮਰਿਆ ਹੈ।੧।ਹੇ ਪਿਆਰੇ ਪ੍ਰਭੂ! ਮੈਨੂੰ ਤਾਂ ਤੇਰਾ ਹੀ ਆਸਰਾ ਹੈ।ਮੈਂ ਹੋਰ ਕੋਈ ਭੇਖ ਕਰਨਾ ਨਹੀਂ ਜਾਣਦਾ।੧।ਰਹਾਉ।(ਹੇ ਭਾਈ!) ਕਿਸੇ ਨੇ ਅਪਣਾ ਘਰ ਛਡ ਕੇ ਜੰਗਲ ਵਿਚ ਜਾ ਡੇਰਾ ਪਾ ਲਿਆ ਹੈ।ਕਿਸੇ ਨੇ (ਅਪਣੇ ਆਪ ਨੂੰ) ਮੋਨੀ ਤੇ ਤਿਆਗੀ ਸਾਧੂ ਸਦਾਇਆ ਹੈ।ਕੋਈ ਕਹਿੰਦਾ ਹੈ ਕਿ ਮੈਂ ਕੇਵਲ ਇਕ ਪ੍ਰਭੂ ਦੀ ਭਗਤੀ ਕਰਨ ਵਾਲਾ ਹਾਂ।ਮੈਂ ਗਰੀਬ ਨੇ ਹਰੀ ਦੀ ਹੀ ਓਟ ਲਈ ਹੈ।੨।ਕਿਸੇ ਨੇ ਕਿਹਾ ਹੈ ਕਿ ਮੈਂ ਤੀਰਥਾਂ ਤੇ ਵਸਣ ਵਾਲਾ ਹਾਂ।ਕੋਈ ਮਨੁੱਖ ਅੰਨ ਛਡ ਕੇ ਉਦਾਸੀ ਹੋ ਗਿਆ ਹੈ।ਕਿਸੇ ਮਨੁੱਖ ਨੇ ਸਾਰੀ ਧਰਤੀ ਦਾ ਭ੍ਰਮਣ ਕੀਤਾ ਹੈ।ਮੈਂ ਗਰੀਬ (ਕੇਵਲ) ਪ੍ਰਭੂ ਦੇ ਦਰ ਤੇ ਆ ਪਿਆ ਹਾਂ।੩।

ਅੰਗ ੮੧੩ = ਕਿਨਹੀ ਕਹਿਆ, ਮੈ ਕੁਲਹਿ ਵਡਿਆਈ ॥ ਕਿਨਹੀ ਕਹਿਆ ਬਾਹ ਬਹੁ ਭਾਈ ॥ ਕੋਈ ਕਹੈ, ਮੈ ਧਨਹਿ ਪਸਾਰਾ ॥ ਮੋਹਿ ਦੀਨ, ਹਰਿ ਹਰਿ ਆਧਾਰਾ ॥੪॥ ਕਿਸੇ ਨੇ ਕਿਹਾ ਹੈ ਕਿ ਮੈਂ ਉਚੀ ਕੁਲ ਦੀ ਵਡਿਆਈ ਵਾਲਾ ਹਾਂ।ਕਿਸੇ ਨੇ ਕਿਹਾ ਹੈ ਕਿ ਮੇਰੇ ਬੁਹਤ ਭਰਾ ਤੇ ਬਾਹਾਂ ਹਨ (ਤਾਕਤਵਰ ਹਾਂ)।ਕੋਈ ਮਨੁੱਖ ਕਹਿੰਦਾ ਹੈ ਕਿ ਮੇਰੇ ਕੋਲ ਧਨ ਦਾ ਬਹੁਤ ਪਸਾਰਾ ਹੈ।(ਪਰ) ਮੈਨੂੰ ਗਰੀਬ ਨੂੰ ਹਰੀ ਦਾ ਆਸਰਾ ਹੈ।੪।

ਪਦਾਰਥ = ਅਸਟਪਦੀਆ–ਅੱਠ ਪਦਿਆਂ ਦਾ ਸ਼ਬਦ।ਕਿਨਹੀ–ਕਿਸੇ ਨੇ।ਕੀਆ–ਕੀਤਾ।ਪਰਵਿਰਤਿ–ਦੁਨੀਆਂਦਾਰੀ; ਗ੍ਰਿਸਤੀ ਜੀਵਨ।ਪਸਾਰਾ–ਖਿਲਾਰਾ; ਅਡੰਬਰ।ਬਿਸਥਾਰਾ–ਖਿਲਾਰਾ।ਨਿਵਲ–ਨਿਉਲੀ ਕਰਮ (ਆਦਰਾਂ ਨੂੰ ਸਾਫ ਰੱਖਣ ਵਾਸਤੇ ਪੇਟ ਨੂੰ ਮਧਾਣੀ ਵਾਂਗ ਘੁਮਾਉਣ ਦੀ ਕਿਰਿਆ)।ਭੁਇਅੰਗਮ–ਸੱਪ ਦੀ ਸ਼ਕਲ ਦੀ ਕੁੰਡਲਨੀ ਨਾੜੀ, ਜਿਸ ਰਾਹੀਂ ਜੋਗੀ ਸੁਆਸ ਦਸਮ ਦੁਆਰ ਚੜ੍ਹਾਉਂਦਾ ਹੈ।ਸਾਧੇ–ਸਾਧਨ ਕੀਤੇ।ਮੋਹਿ–ਮੈਂ।ਦੀਨ–ਗਰੀਬ; ਨਿਮਾਣਾ।ਆਰਾਧੇ–ਸਿਮਰਿਆ ਹੈ।੧।ਭਰੋਸਾ–ਆਸਰਾ ।ਆਨ–ਹੋਰ।ਪਿਆਰੇ–ਹੇ ਪਿਆਰੇ!।ਵੇਸਾ–(ਧਾਰਮਕ) ਭੇਖ।੧।ਰਹਾਉ।ਗ੍ਰਿਹੁ–ਘਰ।ਤਜਿ–ਛਡ ਕੇ।ਵਣ ਖੰਡਿ–ਜੰਗਲ ਦੇ ਹਿੱਸੇ ਵਿਚ।ਮੋਨਿ–ਚੁੱਪ ਧਾਰਨ ਕਰਨ ਵਾਲਾ ਸਾਧੂ।ਅਉਧੂਤੁ–ਤਿਆਗੀ ਸਾਧੂ।ਸਦਾਇਆ–ਕਹਾਇਆ।ਕਹਤਉ–ਕਹਿੰਦਾ ਹੈ। ਅਨੰਨਿ ਭਗਉਤੀ–ਕੇਵਲ ਇਕ ਕਰਤਾਰ ਦੀ ਭਗਤੀ ਕਰਨ ਵਾਲਾ ਮਨੁੱਖ।ਓਟ ਲੀਤੀ–ਆਸਰਾ ਲਿਆ ਹੈ।੨।ਹਉ–ਮੈਂ। ਵਾਸੀ–ਵਸਣ ਵਾਲਾ।ਭਇਆ–ਹੋ ਗਿਆ ਹੈ।ਉਦਾਸੀ–ਉਪਰਾਮ।ਭਵਨੁ–ਭ੍ਰਮਣ।ਦਰਿ ਪਰਿਆ–ਦਰ ਤੇ ਆ ਪਿਆ ਹਾਂ।੩। ਕੁਲਹਿ–ਉਚੇ ਖਾਨਦਾਨ ਦੀ।ਬਾਹ–ਬਾਹਾਂ।ਬਹੁ ਭਾਈ–ਬਹੁਤ ਭਰਾ ਹਨ।ਧਨਹਿ–ਧਨ ਦਾ।ਆਧਾਰ–ਆਸਰਾ ੪।

ਕਿਨਹੀ ਘੂਘਰ ਨਿਰਤਿ ਕਰਾਈ ॥ ਕਿਨਹੂ ਵਰਤ ਨੇਮ ਮਾਲਾ ਪਾਈ ॥ ਕਿਨਹੀ ਤਿਲਕੁ ਗੋਪੀ ਚੰਦਨ ਲਾਇਆ ॥ ਮੋਹਿ ਦੀਨ ਹਰਿ ਹਰਿ ਹਰਿ ਧਿਆਇਆ ॥੫॥ ਕਿਨਹੀ ਸਿਧ ਬਹੁ ਚੇਟਕ ਲਾਏ ॥ ਕਿਨਹੀ ਭੇਖ ਬਹੁ ਥਾਟ ਬਨਾਏ ॥ ਕਿਨਹੀ ਤੰਤ ਮੰਤ ਬਹੁ ਖੇਵਾ ॥ ਮੋਹਿ ਦੀਨ ਹਰਿ ਹਰਿ ਹਰਿ ਸੇਵਾ ॥੬॥ ਕੋਈ ਚਤੁਰ ਕਹਾਵੈ ਪੰਡਿਤ ॥ ਕੋ ਖਟੁ ਕਰਮ ਸਹਿਤ ਸਿਉ ਮੰਡਿਤ ॥ ਕੋਈ ਕਰੈ ਆਚਾਰ ਸੁਕਰਣੀ ॥ ਮੋਹਿ ਦੀਨ ਹਰਿ ਹਰਿ ਹਰਿ ਸਰਣੀ ॥੭॥ ਸਗਲੇ ਕਰਮ ਧਰਮ ਜੁਗ ਸੋਧੇ ॥ ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ ॥ ਕਹੁ ਨਾਨਕ ਜਉ ਸਾਧ ਸੰਗੁ ਪਾਇਆ ॥ ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥੮॥੧॥ (ਹੇ ਭਾਈ!) ਕਿਸੇ

ਮਨੁੱਖ ਨੇ ਪੈਰਾਂ ਵਿਚ ਘੁੰਗਰੂੰ ਬੰਨ੍ਹ ਕੇ (ਮੂਰਤੀ ਅੱਗੇ) ਨਾਚ ਕੀਤਾ ਹੈ। ਕਿਸੇ ਨੇ ਵਰਤ ਰੱਖਣ ਦੇ ਨੇਮ ਕੀਤੇ ਅਤੇ (ਗਲ ਵਿਚ) ਮਾਲਾ ਪਾਈ ਹੈ। ਕਿਸੇ ਨੇ ਗੋਪੀ ਚੰਦਨ ਦਾ ਤਿਲਕ (ਅਪਣੇ ਮੱਥੇ ਤੇ) ਲਾਇਆ ਹੈ। (ਪਰ) ਮੈਂ ਗਰੀਬ ਨੇ ਮਨ ਤੇ ਸਰੀਰ ਕਰਕੇ ਹਰੀ ਦਾ ਨਾਮ ਧਿਆਇਆ ਹੈ।੫। ਕਿਸੇ ਨੇ ਸਿੱਧ ਬਣ ਕੇ ਜਾਦੂ ਟੂਣੇ ਦੇ ਡੇਰੇ ਲਾਏ ਹੋਏ ਹਨ। ਕਿਸੇ ਨੇ ਭੇਖਾਂ ਦੇ ਬਹੁਤ ਠਾਠ ਬਾਠ ਬਣਾਏ ਹਨ। ਕਿਸੇ ਨੇ ਤੰਤ੍ਰ ਮੰਤ੍ਰ ਬਹੁਤ ਚਲਾਏ ਹਨ। (ਪਰ) ਮੈਂ ਗਰੀਬ ਮਨ, ਤਨ ਤੇ ਬਾਣੀ ਕਰਕੇ ਹਰੀ ਦੀ ਹੀ ਸੇਵਾ ਭਗਤੀ ਕਰਦਾ ਹਾਂ।੬। ਕੋਈ (ਮਨੁੱਖ) ਅਪਣੇ ਆਪ ਨੂੰ ਬਹੁਤ ਸਿਆਣਾ ਪੰਡਤ ਕਹਾਉਂਦਾ ਹੈ। ਕੋਈ ਮਨੁੱਖ (ਸ਼ਾਸ਼ਤਰਾਂ ਦੇ ਦੱਸੇ) ਛੇ ਕਰਮਾਂ ਦੇ ਸਹਿਤ ਸ਼ਿਵ ਜੀ ਦੀਆਂ ਮੂਰਤੀਆਂ ਨੂੰ ਪੂਜਦਾ ਹੈ; ਕਿਸੇ ਨੇ ਸ਼ਿਵ ਜੀ ਦੇ ਚਿੰਨ੍ਹ ਭਸਮ ਤੇ ਰੁਦ੍ਰਾਕਸ਼ ਆਦਿ ਨਾਲ ਅਪਣੇ ਸਰੀਰ ਨੂੰ ਸਜਾਇਆ ਹੈ (ਮ.ਕੋ.)। ਕੋਈ ਉਚਾ ਆਚਰਣ ਅਤੇ ਉਤਮ ਕਰਮ ਕਰਦਾ ਹੈ। (ਪਰ) ਮੈਂ ਗਰੀਬ ਮਨ, ਤਨ ਤੇ ਕਰਮ ਕਰਕੇ ਹਰੀ ਦੀ ਸ਼ਰਣ ਵਿਚ ਆ ਪਿਆ ਹਾਂ।੭। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਸਾਰੇ ਜੁਗਾਂ ਦੇ ਧਰਮ ਕਰਮ ਪਰਖ ਕੇ ਦੇਖੇ ਹਨ। (ਸਿੱਟਾ ਇਹ ਨਿਕਲਿਆ ਹੈ ਕਿ) ਪ੍ਰਭੂ ਦੇ ਨਾਮ ਤੋਂ ਬਿਨਾ ਇਹ ਮਨ ਸਮਝਦਾ ਨਹੀਂ। ਜਦ ਮੈਨੂੰ ਸਾਧ ਸੰਗ ਪ੍ਰਾਪਤ ਹੋਇਆ। ਤਾਂ (ਪਦਾਰਥਾਂ ਦੀ) ਤ੍ਰਿਸ਼ਨਾ ਬੁਝ ਗਈ ਅਤੇ ਮਨ ਬਹੁਤ ਠੰਢਾ ਠਾਰ ਹੋ ਗਿਆ ਹੈ।੮।੧।

ਪਦਾਰਥ = ਨਿਰਤਿ ਕਰਾਈ–ਨਾਚ ਕੀਤੇ। ਕਿਨਹੂ–ਕਿਸੇ ਨੇ। ਗੋਪੀ ਚੰਦਨ–ਦੁਆਰਕਾ ਨੇੜੇ ਇਕ ਤਲਾਬ ਹੈ, ਜਿਥੇ ਕ੍ਰਿਸ਼ਨ ਜੀ ਦੇ ਵਿਯੋਗ ਵਿਚ ਗੋਪੀਆਂ ਨੇ ਪ੍ਰਾਣ ਤਿਆਗੇ, ਇਸ ਦੀ ਮਿੱਟੀ ਦਾ ਤਿਲਕ ਵੈਸ਼ਨਵ ਸਾਧੂ ਮੱਥੇ ਤੇ ਲਾਉਂਦੇ ਹਨ।੫। ਸਿਧ–ਕਰਾਮਾਤੀ ਜੋਗੀ। ਚੇਟਕ–ਜਾਦੂ ਟੂਣਿਆਂ ਦੀਆਂ ਖੇਡਾਂ। ਥਾਟ–ਠਾਠ ਬਾਠ। ਖੇਵਾ–ਚਲਾਏ।੬। ਚਤੁਰ–ਸਿਆਣਾ। ਕੋ–ਕੋਈ। ਖਟ ਕਰਮ–ਸ਼ਾਸਤ੍ਰਾਂ ਦੇ ਦੱਸੇ ਛੇ ਕਰਮ (ਦਾਨ ਦੇਣਾ ਤੇ ਲੈਣਾ, ਜਗ ਕਰਨੇ ਤੇ ਕਰਾਣੇ, ਵਿੱਦਿਆ ਪੜ੍ਹਨੀ ਤੇ ਪੜ੍ਹਾਣੀ)। ਸਹਿਤ–ਸਮੇਤ; ਨਾਲ। ਸਿਉ–ਸ਼ਿਵ ਜੀ। ਮੰਡਿਤ–ਪੂਜਦਾ ਹੈ; ਸਜਾਉਂਦਾ ਹੈ। ਆਚਾਰ–ਚੰਗਾ ਆਚਰਣ; ਧਾਰਮਕ ਰਹਿਣੀ। ਸੁਕਰਣੀ–ਸ੍ਰੇਸਟ ਕਰਮ। ਸਰਣੀ–ਸ਼ਰਣ ਵਿਚ।੭। ਸਗਲੇ–ਜੁਗ–ਸਾਰੇ ਜੁਗਾਂ ਦੇ। ਸੋਧੇ–ਪਰਖੇ ਹਨ। ਨ ਪ੍ਰਬੋਧੇ–ਸਮਝਦਾ ਨਹੀਂ; ਗਿਆਨ ਵਾਨ ਨਹੀਂ ਹੁੰਦਾ। ਜਉ–ਜਦੋਂ। ਬੂਝੀ–ਬੁਝ (ਮਿਟ) ਗਈ। ਮਹਾ ਸੀਤਲਾਇਆ–ਬਹੁਤ ਸ਼ਾਂਤ (ਠੰਢਾ ਠਾਰ) ਹੋ ਗਿਆ।੮।੧।

ਰਾਮਕਲੀ ਮਹਲਾ ੫ ॥ ਇਸੁ ਪਾਨੀ ਤੇ ਜਿਨਿ ਤੂ ਘਰਿਆ ॥ ਮਾਟੀ ਕਾ ਲੇ ਦੇਹੁਰਾ ਕਰਿਆ ॥ ਉਕਤਿ ਜੋਤਿ ਲੈ ਸੁਰਤਿ ਪਰੀਖਿਆ ॥ ਮਾਤ ਗਰਭ ਮਹਿ ਜਿਨਿ ਤੂ ਰਾਖਿਆ ॥੧॥ ਰਾਖਨਹਾਰੁ ਸਮ੍ਹਾਰਿ ਜਨਾ ॥ ਸਗਲੇ ਛੋਡਿ ਬੀਚਾਰ ਮਨਾ ॥੧॥ਰਹਾਉ॥ ਜਿਨਿ ਦੀਏ ਤੁਧੁ ਬਾਪ ਮਹਤਾਰੀ ॥ ਜਿਨਿ ਦੀਏ ਭ੍ਰਾਤ ਪੁਤ ਹਾਰੀ ॥ ਜਿਨਿ ਦੀਏ ਤੁਧੁ ਬਨਿਤਾ ਅਰੁ ਮੀਤਾ ॥ ਤਿਸੁ ਠਾਕੁਰ ਕਉ ਰਖਿ ਲੇਹੁ ਚੀਤਾ ॥੨॥ ਜਿਨਿ ਦੀਆ ਤੁਧੁ ਪਵਨੁ ਅਮੋਲਾ ॥ ਜਿਨਿ ਦੀਆ ਤੁਧੁ ਨੀਰੁ ਨਿਰਮੋਲਾ ॥ ਜਿਨਿ ਦੀਆ ਤੁਧੁ ਪਾਵਕੁ ਬਲਨਾ ॥ ਤਿਸੁ ਠਾਕੁਰ ਕੀ ਰਹੁ ਮਨ ਸਰਨਾ ॥੩॥ ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ ॥ ਅੰਤਰਿ ਥਾਨ ਠਹਰਾਵਨ ਕਉ ਕੀਏ ॥ ਬਸੁਧਾ ਦੀਓ ਬਰਤਨਿ ਬਲਨਾ ॥ ਤਿਸੁ ਠਾਕੁਰ ਕੇ ਚਿਤਿ ਰਖੁ ਚਰਨਾ ॥੪॥ (ਹੇ ਭਾਈ!) ਜਿਸ ਪ੍ਰਭੂ ਨੇ ਇਸ ਪਾਣੀ (ਪਿਤਾ ਦੇ ਵੀਰਜ ਦੀ ਇਕ ਬੂੰਦ) ਤੋਂ ਤੈਨੂੰ ਘੜਿਆ ਹੈ। ਮਿੱਟੀ (ਆਦਿ ਪੰਜ ਤੱਤਾਂ) ਦਾ ਸਮਾਨ ਲੈ ਕੇ ਤੇਰਾ ਸਰੀਰ ਤਿਆਰ ਕਰ ਦਿਤਾ ਹੈ। (ਜਿਸ ਪ੍ਰਭੂ ਨੇ ਤੈਨੂੰ) ਬੋਲਣ ਦੀ ਤਾਕਤ, ਅੱਖਾਂ ਵਿਚ ਦੇਖਣ ਦੀ ਜੋਤ, ਕੰਨਾਂ ਨਾਲ ਸੁਣਨ ਦੀ ਤਾਕਤ ਦਿਤੀ ਹੈ, (ਉਸ ਨੂੰ) ਪਛਾਣ ਲੈ। ਜਿਸ ਪ੍ਰਭੂ ਨੇ ਤੈਨੂੰ ਮਾਤਾ ਦੇ ਗਰਭ ਵਿਚ (ਬਚਾ ਕੇ) ਰੱਖਿਆ ਹੈ (ਉਸ ਨੂੰ ਯਾਦ ਰੱਖ)।੧। ਹੇ ਪੁਰਖਾ! ਰੱਖਿਆ ਕਰਨ ਵਾਲੇ ਪ੍ਰਭੂ ਨੂੰ ਯਾਦ ਕਰ। ਹੇ ਮਨਾ! (ਪ੍ਰਭੂ ਨੂੰ ਭੁਲਾ ਦੇਣ ਵਾਲੇ ਹੋਰ) ਸਾਰੇ ਵਿਚਾਰ ਛਡ ਦੇਹ।੧। ਰਹਾਉ। (ਹੇ ਭਾਈ!) ਜਿਸ ਪ੍ਰਭੂ ਨੇ ਤੈਨੂੰ ਬਾਪ ਤੇ ਮਾਤਾ ਦਿਤੇ ਹਨ। ਜਿਸ ਨੇ ਤੈਨੂੰ ਭਰਾ, ਪੁਤ੍ਰ ਤੇ ਨੌਕਰ ਆਦਿ ਦਿਤੇ ਹਨ। ਜਿਸ ਨੇ ਤੈਨੂੰ ਇਸਤ੍ਰੀ ਅਤੇ ਮਿਤ੍ਰ ਦਿਤੇ ਹਨ। ਉਸ ਮਾਲਕ ਨੂੰ ਤੂੰ ਅਪਣੇ ਚਿੱਤ ਵਿਚ ਯਾਦ ਰੱਖ ਲੈ ।੨। (ਹੇ ਮਨ!) ਜਿਸ ਨੇ ਤੈਨੂੰ ਅਮੋਲਕ ਹਵਾ ਦਿਤੀ ਹੈ। ਜਿਸ ਨੇ ਤੈਨੂੰ ਬਿਨਾ ਮੁੱਲ ਦੇ ਪਾਣੀ ਦਿਤਾ ਹੈ। ਜਿਸ ਨੇ ਤੈਨੂੰ ਅੱਗ ਤੇ ਬਾਲਣ ਦਿਤਾ ਹੈ; ਬਾਲਣ ਵਾਸਤੇ ਅੱਗ ਦਿਤੀ ਹੈ। ਹੇ ਮਨ! ਤੂੰ ਉਸ ਮਾਲਕ ਦੀ ਸ਼ਰਨ ਵਿਚ ਪਿਆ ਰਹੁ।੩। (ਹੇ ਮਨ!) ਜਿਸ ਨੇ ਤੈਨੂੰ ਛੱਤੀ ਪ੍ਰਕਾਰ ਦੇ ਅੰਮ੍ਰਿਤ ਮਈ ਭੋਜਨ ਦਿਤੇ ਹਨ। (ਉਨ੍ਹਾਂ ਖਾਣਿਆਂ ਦੇ) ਠਹਿਰਾਉਣ ਲਈ ਤੇਰੇ ਅੰਦਰ ਥਾਂ ਪੈਦਾ ਕਰ ਦਿਤੇ ਹਨ (ਹਜਮ ਕਰਨ ਲਈ ਮੇਹਦਾ ਆਦਿ ਅੰਗ ਬਣਾ ਦਿਤੇ। ਜਿਸ ਪ੍ਰਭੂ ਨੇ ਤੈਨੂੰ ਵਸਣ ਵਾਸਤੇ) ਧਰਤੀ ਦਿਤੀ ਅਤੇ ਵਰਤਨ ਵਾਸਤੇ ਵਲੇਵਾ (ਸਮਾਨ ਆਦਿ) ਦਿਤਾ ਹੈ। ਉਸ ਮਾਲਕ ਦੇ ਚਰਨ ਅਪਣੇ ਚਿਤ ਵਿਚ ਪ੍ਰੋਈ ਰੱਖ।੪।

ਪਦਾਰਥ = ਪਾਨੀ ਤੇ–ਪਿਤਾ ਦੇ ਵੀਰਜ ਦੀ ਬੂੰਦ ਤੋਂ। ਜਿਨਿ–ਜਿਸ (ਪ੍ਰਭੂ) ਨੇ। ਤੂ–ਤੈਨੂੰ। ਘਰਿਆ–ਘੜਿਆ (ਬਣਾਇਆ)।

ਕਾ-ਦਾ।ਲੇ-ਲੈ ਕੇ।ਦੇਹੁਰਾ-ਸਰੀਰ।ਕਰਿਆ-ਬਣਾ ਦਿਤਾ।ਉਕਤਿ-ਬੋਲਣ ਦੀ।ਜੋਤਿ-ਅੱਖਾਂ ਦੀ ਜੋਤ।ਸੁਰਤਿ-ਸੁਣਨ ਦੀ। ਲੈ ਪਰੀਖਿਆ-ਪਛਾਣ ਲੈ; ਪਰਖ ਲੈ।ਗਰਭ ਮਹਿ-ਪੇਟ ਵਿਚ।੧।ਰਾਖਨਹਾਰ-ਰੱਖਿਆ ਕਰਨ ਵਾਲਾ।ਸਮ੍ਹਾਰ-ਯਾਦ ਕਰ। ਜਨਾ-ਹੇ ਪੁਰਖਾ!।ਸਗਲੇ-ਸਾਰੇ।ਮਨਾ-ਹੇ ਮਨ!।੧।ਰਹਾਉ।ਦੀਏ-ਦਿਤੇ ਹਨ।ਭ੍ਰਾਤ-ਭਰਾ।ਹਾਰੀ-ਪਿਆਰੇ (ਸ਼ਬਦਾਰਥ); ਕਾਮੇ (ਫ.ਸ.); ਨੂੰਹ (ਸੰ.ਸ.; ਟਕਸਾਲ); ਨੌਕਰ (ਸੰ.ਸ.; ਦਰਪਣ)।ਤੁਧੁ-ਤੈਨੂੰ।ਬਨਿਤਾ-ਇਸਤ੍ਰੀ।ਅਰੁ-ਅਤੇ।ਮੀਤਾ-ਮਿਤ੍ਰ ।ਠਾਕੁਰ ਕਉ-ਮਾਲਕ ਨੂੰ।ਚੀਤਾ-ਚਿੱਤ ਵਿਚ।੨।ਪਵਨੁ-ਹਵਾ।ਅਮੋਲਾ-ਅਮੋਲਕ।ਨੀਰੁ-ਪਾਣੀ।ਨਿਰਮੋਲਾ-ਬਿਨਾ ਮੁੱਲ; ਅਮੋਲਕ।ਪਾਵਕੁ-ਅੱਗ।ਬਲਨਾ-ਬਾਲਣ।ਰਹੁ ਸਰਨਾ-ਸ਼ਰਨ ਵਿਚ ਪਿਆ ਰਹੁ।੩।ਛਤੀਹ ਭੋਜਨ-ਛੱਤੀ ਕਿਸਮਾਂ ਦੇ ਖਾਣੇ {ਖਟ ਰਸ ਮਿਠ ਰਸ ਮੇਲਿ ਕੈ ਛਤੀਹ ਭੋਜਨ ਹੋਨਿ ਰਸੋਈ।ਭਾ.ਗੁ. ਵਾਰ ੧੭/੮}।ਅੰਤਰਿ-ਪੇਟ ਦੇ ਅੰਦਰ।ਠਹਰਾਵਨ ਕਉ-ਟਿਕਾਉਣ ਵਾਸਤੇ।ਥਾਨ-ਥਾਂ।ਕੀਏ-ਕੀਤੇ।ਬਸੁਧਾ-ਧਰਤੀ।ਬਲਨਾ-ਸਮਾਨ; ਵਲੇਵਾ।ਚਿਤਿ-ਚਿੱਤ ਵਿਚ।੪।

ਪੇਖਨ ਕਉ ਨੇਤ੍ਰ ,ਸੁਨਨ ਕਉ ਕਰਨਾ ॥ ਹਸਤ ਕਮਾਵਨ, ਬਾਸਨ ਰਸਨਾ ॥ ਚਰਨ ਚਲਨ ਕਉ ,ਸਿਰੁ ਕੀਨੋ ਮੇਰਾ ॥ ਮਨ ਤਿਸੁ ਠਾਕੁਰ ਕੇ ਪੂਜਹੁ ਪੈਰਾ ॥੫॥ ਅਪਵਿਤ੍ਰ ਪਵਿਤ੍ਰ ਜਿਨਿ ਤੂ ਕਰਿਆ ॥ ਸਗਲ ਜੋਨਿ ਮਹਿ, ਤੂ ਸਿਰਿ ਧਰਿਆ ॥ ਅਬ ਤੂ ਸੀਝੁ ਭਾਵੈ ਨਹੀ ਸੀਝੈ ॥ ਕਾਰਜੁ ਸਵਰੈ ਮਨ ਪ੍ਰਭੁ ਧਿਆਈਜੈ ॥੬॥ ਈਹਾ ਊਹਾ ਏਕੈ ਓਹੀ ॥ ਜਤ ਕਤ ਦੇਖੀਐ, ਤਤ ਤਤ ਤੋਹੀ ॥ ਤਿਸੁ ਸੇਵਤ, ਮਨਿ ਆਲਸੁ ਕਰੈ ॥ ਜਿਸੁ ਵਿਸਰਿਐ, ਇਕ ਨਿਮਖ ਨ ਸਰੈ ॥੭॥ ਹਮ ਅਪਰਾਧੀ ਨਿਰਗੁਨੀਆਰੇ ॥ ਨਾ ਕਿਛੁ ਸੇਵਾ, ਨਾ ਕਰਮਾਰੇ ॥ ਗੁਰੁ ਬੋਹਿਥੁ ਵਡਭਾਗੀ ਮਿਲਿਆ ॥ ਨਾਨਕ ਦਾਸ ਸੰਗਿ ਪਾਥਰ ਤਰਿਆ ॥੮॥੨॥(ਜਿਸ ਪ੍ਰਭੂ ਨੇ ਤੈਨੂੰ) ਦੇਖਣ ਵਾਸਤੇ ਨੇਤ੍ਰ ਅਤੇ ਸੁਣਨ ਵਾਸਤੇ ਕੰਨ ਦਿਤੇ ਹਨ।ਕੰਮ ਕਰਨ ਵਾਸਤੇ ਹੱਥ ਦਿਤੇ, ਸੁੰਘਣ ਲਈ ਨੱਕ ਦਿਤਾ ਹੈ ਅਤੇ ਸੁਆਦ ਲੈਣ ਲਈ ਜੀਭ ਦਿਤੀ ਹੈ।ਤੁਰਨ ਲਈ ਪੈਰ ਦਿਤੇ ਹਨ ਅਤੇ (ਸਾਰੇ ਅੰਗਾਂ ਦਾ) ਸ਼੍ਰੋਮਣੀ ਸਿਰ ਬਣਾਇਆ ਹੈ (ਜਿਸ ਵਿਚ ਦਿਮਾਗੀ ਸ਼ਕਤੀਆਂ ਹਨ)।ਹੇ ਮਨ! ਉਸ ਮਾਲਕ ਦੇ ਤੂੰ ਚਰਨ ਪੂਜਦਾ ਰਹੁ।੫।ਜਿਸ ਪ੍ਰਭੂ ਨੇ ਤੈਨੂੰ ਅਪਵਿਤ੍ਰ (ਮਾਂ ਦੇ ਪੇਟ ਦੇ ਗੰਦੇ ਥਾਂ) ਤੋਂ ਪਵਿਤ੍ਰ ਕਰ ਦਿਤਾ ਹੈ।ਸਾਰੀਆਂ ਜੂਨਾਂ ਵਿਚ ਤੈਨੂੰ ਸ਼੍ਰੋਮਣੀ ਰੱਖਿਆ ਹੈ।(ਇਹ ਤੇਰੀ ਮਰਜੀ ਹੈ ਕਿ ਮਨੁੱਖਾ ਜਨਮ ਵਿਚ) ਹੁਣ ਭਾਵੇਂ ਤੂੰ ਇਸ ਨੂੰ ਸਫਲ ਕਰ ਜਾਂ ਸਫਲ ਨਾ ਕਰ।ਹੇ ਮਨ! ਪ੍ਰਭੂ ਦਾ ਸਿਮਰਨ ਕਰ, (ਇਸ ਨਾਲ ਤੇਰਾ ਮਨੁੱਖਾ ਜਨਮ ਦਾ) ਕਾਰਜ ਸਵਰੇਗਾ।੬।ਇਸ ਲੋਕ ਵਿਚ ਅਤੇ ਪ੍ਰਲੋਕ ਵਿਚ ਇਕ ਉਹ ਪ੍ਰਭੂ ਹੀ (ਸਹਾਈ) ਹੈ।ਜਿਥੇ ਕਿਥੇ ਦੇਖੀਏ, ਉਥੇ ਉਥੇ ਪ੍ਰਭੂ ਤੇਰੇ ਨਾਲ ਹੈ।(ਮਾੜੇ ਭਾਗਾਂ ਵਾਲਾ ਮਨੁੱਖ) ਉਸ ਪ੍ਰਭੂ ਨੂੰ ਸਿਮਰਦਿਆਂ ਮਨ ਵਿਚ ਆਲਸ ਕਰਦਾ ਹੈ।ਜਿਸ ਨੂੰ ਭੁੱਲ ਜਾਣ ਨਾਲ ਇਕ ਪਲ ਭਰ ਵੀ ਨਹੀਂ ਸਰਦਾ (ਗੁਜਾਰਾ ਨਹੀਂ ਹੁੰਦਾ)।੭।(ਹੇ ਭਾਈ! ਇਸ ਤਰ੍ਹਾਂ ਬੇਨਤੀ ਕਰ ਕਿ) ਅਸੀਂ ਜੀਵ ਅਪਰਾਧੀ ਤੇ ਗੁਣ ਹੀਣ ਹਾਂ।(ਕਿਉਂਕਿ ਅਸੀਂ) ਨਾ ਸੇਵਾ ਕੀਤੀ ਹੈ ਅਤੇ ਨਾ ਹੀ (ਅਸੀਂ ਚੰਗੇ) ਕਰਮ ਕੀਤੇ ਹਨ।ਦਾਸ ਨਾਨਕ ਆਖਦਾ ਹੈ ਕਿ (ਜਿਸ ਮਨੁੱਖ ਨੂੰ) ਵੱਡੇ ਭਾਗਾਂ ਨਾਲ ਗੁਰੂ ਰੂਪ ਜਹਾਜ ਮਿਲਿਆ ਹੈ, (ਉਸ ਗੁਰੂ ਦਾ) ਸੰਗ ਕਰਕੇ ਉਹ ਪੱਥਰ ਦਿਲ ਮਨੁੱਖ (ਸੰਸਾਰ ਸਮੁੰਦਰ ਨੂੰ) ਤਰ ਗਿਆ ਹੈ।੮।੨।

ਪਦਾਰਥ = ਪੇਖਨ ਕਉ-ਦੇਖਣ ਵਾਸਤੇ।ਨੇਤ੍ਰ-ਅੱਖਾਂ।ਸੁਨਨ ਕਉ-ਸੁਣਨ ਲਈ।ਕਰਨਾ-ਕੰਨ।ਹਸਤ-ਹੱਥ।ਬਾਸਨ-ਨੱਕ। ਰਸਨਾ-ਜੀਭ।ਕੀਨੋ-ਕੀਤਾ (ਬਣਾਇਆ)।ਮੇਰਾ-ਸ਼੍ਰੋਮਣੀ; ਉਚਾ।ਮਨ-ਹੇ ਮਨ!।ਠਾਕੁਰ ਕੇ-ਮਾਲਕ ਦੇ।ਪੈਰਾ-ਪੈਰ (ਚਰਨ) ।੫।ਅਪਵਿਤ੍ਰ-ਗੰਦੇ ਥਾਂ ਤੋਂ।ਜਿਨਿ-ਜਿਸ ਪ੍ਰਭੂ ਨੇ।ਕਰਿਆ-ਕਰ (ਬਣਾ) ਦਿਤਾ।ਸਗਲ-ਸਾਰੀਆਂ।ਜੋਨਿ ਮਹਿ-ਜੂਨਾਂ ਵਿਚ। ਸਿਰਿ ਧਰਿਆ-ਸ਼੍ਰੋਮਣੀ ਥਾਪਿਆ ਹੈ।ਅਬ-ਹੁਣ।ਸੀਝੁ-ਸਫਲ ਕਰ।ਭਾਵੈ-ਭਾਵੇਂ; ਚਾਹੇ।ਸਵਰੈ-ਸੰਵਰੇਗਾ।ਧਿਆਈਜੈ-ਜਾਪ ਕਰ।੬।ਈਹਾ-ਇਸ ਲੋਕ ਵਿਚ।ਊਹਾ-ਪ੍ਰਲੋਕ ਵਿਚ।ਏਕੈ ਓਹੀ-ਉਹ ਇਕ ਪ੍ਰਭੂ ਹੀ।ਜਤ-ਜਿੱਥੇ।ਕਤ-ਕਿੱਥੇ।ਤਤ-ਉਥੇ। ਤੋਹੀ-ਤੇਰੇ ਨਾਲ।ਸੇਵਤ-ਸਿਮਰਦਿਆਂ।ਮਨਿ-ਮਨ ਵਿਚ।ਜਿਸੁ ਵਿਸਰਿਐ-ਜਿਸ ਨੂੰ ਭੁੱਲ ਜਾਣ ਨਾਲ।ਨਿਮਖ-ਅੱਖ ਝਮਕਣ ਜਿੰਨਾ ਸਮਾਂ।ਨ ਸਰੈ-ਸਰਦਾ ਨਹੀਂ; ਗੁਜਾਰਾ ਨਹੀਂ।੭।ਹਮ-ਅਸੀਂ (ਸੰਸਾਰੀ ਜੀਵ)।ਨਿਰਗੁਨੀਆਰੇ-ਗੁਣ ਹੀਣ।ਕਰਮਾਰੇ-ਚੰਗੇ ਕਰਮ।ਬੋਹਿਥੁ-ਜਹਾਜ।ਵਡਭਾਗੀ-ਵੱਡੇ ਭਾਗਾਂ ਨਾਲ।ਸੰਗਿ-ਸੰਗ ਕਰਕੇ।ਪਾਥਰ-ਪੱਥਰ ਦਿਲ ਮਨੁੱਖ।੮।੨।

ਰਾਮਕਲੀ ਮਹਲਾ ੫ ॥ ਕਾਹੂ ਬਿਹਾਵੈ, ਰੰਗ ਰਸ ਰੂਪ ॥ (ਹੇ ਭਾਈ! ਪ੍ਰਭੂ ਸਾਰੇ ਜੀਵਾਂ ਦਾ ਮਾਲਕ ਹੈ, ਫਿਰ ਵੀ) ਕਿਸੇ ਮਨੁੱਖ ਦੀ ਉਮਰ (ਦੁਨੀਆਂ ਦੇ) ਰੰਗ ਤਮਾਸ਼ਿਆਂ ਵਿਚ, (ਪਦਾਰਥਾਂ ਦੇ) ਸੁਆਦਾਂ ਵਿਚ ਤੇ (ਦੁਨੀਆਂ ਦੇ) ਸੁੰਦਰ ਰੂਪਾਂ ਬੀਤ ਰਹੀ ਹੈ।

ਅੰਗ ੯੧੪ = ਕਾਹੂ ਬਿਹਾਵੈ, ਮਾਇ ਬਾਪ ਪੂਤ ॥ ਕਹੂ ਬਿਹਾਵੈ, ਰਾਜ ਮਿਲਖ ਵਾਪਾਰਾ ॥ ਸੰਤ ਬਿਹਾਵੈ, ਹਰਿ ਨਾਮ ਅਧਾਰਾ

॥੧॥ ਰਚਨਾ ਸਾਚੁ ਬਨੀ ॥ ਸਭ ਕਾ ਏਕੁ ਧਨੀ ॥੧॥ਰਹਾਉ॥ ਕਾਹੂ ਬਿਹਾਵੈ ਬੇਦ ਅਰੁ ਬਾਦਿ ॥ ਕਾਹੂ ਬਿਹਾਵੈ ਰਸਨਾ ਸਾਦਿ ॥ ਕਾਹੂ ਬਿਹਾਵੈ, ਲਪਟਿ ਸੰਗਿ ਨਾਰੀ ॥ ਸੰਤ ਰਚੇ, ਕੇਵਲ ਨਾਮ ਮੁਰਾਰੀ ॥੨॥ ਕਾਹੂ ਬਿਹਾਵੈ, ਖੇਲਤ ਜੂਆ ॥ ਕਾਹੂ ਬਿਹਾਵੈ, ਅਮਲੀ ਹੂਆ ॥ ਕਾਹੂ ਬਿਹਾਵੈ, ਪਰ ਦਰਬ ਚੁੋਰਾਏ ॥ ਹਰਿ ਜਨ ਬਿਹਾਵੈ, ਨਾਮ ਧਿਆਏ ॥੩॥ ਕਾਹੂ ਬਿਹਾਵੈ, ਜੋਗ ਤਪ ਪੂਜਾ ॥ ਕਾਹੂ ਰੋਗ ਸੋਗ ਭਰਮੀਜਾ ॥ ਕਾਹੂ ਪਵਨ ਧਾਰ ਜਾਤ ਬਿਹਾਏ ॥ ਸੰਤ ਬਿਹਾਵੈ, ਕੀਰਤਨੁ ਗਾਏ ॥੪॥ ਕਿਸੇ ਮਨੁੱਖ ਦੀ ਉਮਰ ਮਾਂ ਬਾਪ ਅਤੇ ਪੁਤ੍ਰਾਂ ਦੇ ਪਿਆਰ ਵਿਚ ਬੀਤ ਰਹੀ ਹੈ। ਕਿਸੇ ਦੀ ਉਮਰ ਰਾਜ, ਜਗੀਰਾਂ ਅਤੇ ਵਪਾਰ ਕਰਨ ਵਿਚ ਬੀਤਦੀ ਹੈ। (ਪਰ) ਸੰਤਾਂ ਦੀ ਉਮਰ ਹਰੀ ਦੇ ਨਾਮ ਦੇ ਆਸਰੇ ਬੀਤਦੀ ਹੈ।੧। (ਹੇ ਭਾਈ!) ਸੰਸਾਰ ਰਚਨਾ ਸੱਚੀ ਬਣੀ ਹੋਈ ਹੈ; ਸੱਚੇ ਪ੍ਰਭੂ ਤੋਂ ਬਣੀ ਹੈ। ਸਾਰੇ ਜੀਵਾਂ ਦਾ ਇਕੋ ਪ੍ਰਭੂ ਮਾਲਕ ਹੈ।੧। ਰਹਾਉ। ਕਿਸੇ ਮਨੁੱਖ ਦੀ ਉਮਰ ਵੇਦਾਂ ਦੇ ਪੜ੍ਹਦਿਆਂ ਅਤੇ ਕਿਸੇ (ਬੇਦਾਂ ਦੀ) ਬਹਿਸ ਕਰਨ ਵਿਚ ਬੀਤ ਰਹੀ ਹੈ। ਕਿਸੇ ਦੀ ਉਮਰ ਜੀਭ ਦੇ ਸੁਆਦਾਂ ਵਿਚ ਬੀਤਦੀ ਹੈ। ਕਿਸੇ ਦੀ ਉਮਰ ਇਸਤ੍ਰੀ ਨਾਲ ਚਿੰਬੜ ਕੇ (ਕਾਮ ਪੂਰਤੀ ਵਿਚ) ਬੀਤਦੀ ਹੈ। (ਪਰ) ਸੰਤ ਕੇਵਲ ਪ੍ਰਭੂ ਦੇ ਨਾਮ ਸਿਮਰਨ ਵਿਚ ਰਚੇ ਰਹਿੰਦੇ ਹਨ।੨। ਕਿਸੇ ਮਨੁੱਖ ਦੀ ਉਮਰ ਜੂਆ ਖੇਲਦਿਆਂ ਲੰਘ ਜਾਂਦੀ ਹੈ। ਕਿਸੇ ਦੀ ਉਮਰ ਅਮਲੀ ਹੋਇਆਂ ਬੀਤਦੀ ਹੈ। ਕਿਸੇ ਦੀ ਉਮਰ ਪਰਾਇਆ ਧਨ ਚੁਰਾ ਕੇ ਬੀਤਦੀ ਹੈ। ਹਰੀ ਦੇ ਸੇਵਕਾਂ ਦੀ ਉਮਰ ਹਰੀ ਦਾ ਨਾਮ ਧਿਆਉਂਦਿਆਂ ਬੀਤਦੀ ਹੈ।੩। ਕਿਸੇ ਮਨੁੱਖ ਦੀ ਉਮਰ ਜੋਗਾ ਅਭਿਆਸ ਕਰਦਿਆਂ, ਤਪੱਸਿਆ ਕਰਦਿਆਂ ਤੇ ਦੇਵਤਿਆਂ ਦੀ ਪੂਜਾ ਕਰਦਿਆਂ ਬੀਤਦੀ ਹੈ। ਕਿਸੇ ਦੀ ਉਮਰ ਰੋਗਾਂ ਵਿਚ, ਸੋਗਾਂ ਵਿਚ ਅਤੇ ਕਿਸੇ ਦੀ ਉਮਰ ਭਰਮਾਂ ਵਹਿਮਾਂ; ਫਿਰਨ ਤੁਰਨ ਵਿਚ ਬੀਤ ਜਾਂਦੀ ਹੈ। ਕਿਸੇ ਦੀ ਉਮਰ ਪੌਣ ਧਾਰਨ (ਪ੍ਰਾਣਾਯਾਮ) ਵਿਚ ਬੀਤ ਜਾਂਦੀ ਹੈ। (ਪਰ) ਸੰਤਾਂ ਦੀ ਉਮਰ ਕੀਰਤਨ ਗਾਉਂਦਿਆਂ ਬੀਤਦੀ ਹੈ।੪।

ਪਦਾਰਥ = ਕਾਹੂ–ਕਿਸੇ (ਮਨੁੱਖ) ਦੀ। ਬਿਹਾਵੈ–ਬੀਤਦੀ ਹੈ; ਲੰਘ ਜਾਂਦੀ ਹੈ। ਰੰਗ–ਰੰਗਾਂ ਤਮਾਸ਼ਿਆਂ ਵਿਚ। ਰਸ–ਸੁਆਦਾਂ ਵਿਚ। ਰੂਪ–ਸੁੰਦਰ ਰੂਪਾਂ ਵਿਚ। ਮਾਇ–ਮਾਂ। ਪੂਤ–ਪੁਤ੍ਰ। ਮਿਲਖ–ਜਗੀਰਾਂ ਦੀ ਮਾਲਕੀ। ਅਧਾਰਾ–ਆਸਰਾ।੧। ਰਚਨਾ–ਸੰਸਾਰ ਰਚਨਾ। ਸਾਚੁ–ਸੱਚੀ; ਸੱਚੇ ਪ੍ਰਭੂ ਤੋਂ। ਬਨੀ–ਬਣੀ ਹੈ। ਸਭ ਕਾ–ਸਾਰੇ ਜੀਵਾਂ ਦਾ। ਧਨੀ–ਮਾਲਕ।੧। ਰਹਾਉ। ਅਰੁ–ਅਤੇ। ਬਾਦਿ–ਬਹਿਸ ਕਰਨ ਵਿਚ। ਰਸਨਾ–ਜੀਭ। ਸਾਦਿ–ਸੁਆਦਾਂ ਵਿਚ। ਸੰਗਿ ਨਾਰੀ–ਇਸਤ੍ਰੀ ਨਾਲ। ਲਪਟਿ–ਚਿੰਬੜ ਕੇ। ਰਚੇ–ਮਸਤ ਰਹਿੰਦੇ ਹਨ। ਮੁਰਾਰੀ–ਹੰਕਾਰ ਦਾ ਨਾਸ਼ ਕਰਨ ਵਾਲਾ ਪ੍ਰਭੂ।੨। ਖੇਲਤ–ਖੇਲਦਿਆਂ। ਅਮਲੀ ਹੂਆ–ਨਸ਼ੇ ਦਾ ਆਦੀ ਹੋਇਆਂ। ਪਰ ਦਰਬ–ਪਰਾਇਆ ਧਨ। ਚੁੋਰਾਏ–ਚੁਰਾ ਕੇ। ਹਰਿ ਜਨ–ਹਰੀ ਦੇ ਸੇਵਕਾਂ ਦੀ।੩। ਜੋਗ–ਜੋਗਾ ਅਭਿਆਸ। ਤਪ–ਤਪੱਸਿਆ। ਪੂਜਾ–ਦੇਵਤਿਆਂ ਦੀ ਪੂਜਾ ਕਰਦਿਆਂ। ਸੋਗ–ਗਮਾਂ ਵਿਚ। ਭਰਮੀਜਾ–ਭਰਮਾਂ ਵਿਚ; ਫਿਰਨ ਤੁਰਨ ਵਿਚ। ਪਵਨ ਧਾਰ–ਪ੍ਰਾਣਾਂ ਨੂੰ ਧਾਰਨ (ਪ੍ਰਾਣਾਂਯਾਮ) ਵਿਚ। ਜਾਤ ਬਿਹਾਏ–ਬੀਤ ਜਾਂਦੀ ਹੈ। ਕੀਰਤਨੁ ਗਾਏ–ਹਰੀ ਦਾ ਜਸ ਗਾਉਂਦਿਆਂ।੪।

ਕਾਹੂ ਬਿਹਾਵੈ, ਦਿਨੁ ਰੈਨਿ ਚਾਲਤ ॥ ਕਾਹੂ ਬਿਹਾਵੈ, ਸੋ ਪਿੜੁ ਮਾਲਤ ॥ ਕਾਹੂ ਬਿਹਾਵੈ, ਬਾਲ ਪੜਾਵਤ ॥ ਸੰਤ ਬਿਹਾਵੈ, ਹਰਿ ਜਸੁ ਗਾਵਤ ॥੫॥ ਕਾਹੂ ਬਿਹਾਵੈ, ਨਟ ਨਾਟਿਕ ਨਿਰਤੇ ॥ ਕਾਹੂ ਬਿਹਾਵੈ, ਜੀਆਇਹ ਹਿਰਤੇ ॥ ਕਾਹੂ ਬਿਹਾਵੈ, ਰਾਜ ਮਹਿ ਡਰਤੇ ॥ ਸੰਤ ਬਿਹਾਵੈ, ਹਰਿ ਜਸੁ ਕਰਤੇ ॥੬॥ ਕਾਹੂ ਬਿਹਾਵੈ ਮਤਾ ਮਸੂਰਤਿ ॥ ਕਾਹੂ ਬਿਹਾਵੈ, ਸੇਵਾ ਜਰੂਰਤਿ ॥ ਕਾਹੂ ਬਿਹਾਵੈ ,ਸੋਧਤ ਜੀਵਤ ॥ ਸੰਤ ਬਿਹਾਵੈ, ਹਰਿ ਰਸੁ ਪੀਵਤ ॥੭॥ ਜਿਤੁ ਕੋ ਲਾਇਆ, ਤਿਤ ਹੀ ਲਗਾਨਾ ॥ ਨਾ ਕੋ ਮੂੜੁ ,ਨਹੀ ਕੋ ਸਿਆਨਾ ॥ ਕਰਿ ਕਿਰਪਾ, ਜਿਸੁ ਦੇਵੈ ਨਾਉ ॥ ਨਾਨਕ ਤਾ ਕੈ ਬਲਿ ਬਲਿ ਜਾਉ ॥੮॥੩॥ (ਹੇ ਭਾਈ!) ਕਿਸੇ ਮਨੁੱਖ ਦੀ ਉਮਰ ਦਿਨ ਰਾਤ ਚਲਦਿਆਂ ਫਿਰਦਿਆਂ (ਸਫਰ ਕਰਦਿਆਂ ਹੀ) ਲੰਘ ਜਾਂਦੀ ਹੈ। ਕਿਸੇ ਦੀ ਉਮਰ (ਭਲਵਾਨ ਬਣ ਕੇ) ਉਹ ਮੱਲ ਅਖਾੜਾ; ਜੰਗ ਦਾ ਮੈਦਾਨ ਮੱਲਦਿਆਂ ਬੀਤਦੀ ਹੈ। ਕਿਸੇ ਦੀ ਉਮਰ (ਮਾਸਟਰ ਬਣ ਕੇ) ਬੱਚੇ ਪੜ੍ਹਾਉਂਦਿਆਂ ਬੀਤਦੀ ਹੈ। (ਪਰ) ਸੰਤਾਂ ਦਾ ਜੀਵਨ ਹਰੀ ਜਸ ਗਾਉਂਦਿਆਂ ਬੀਤਦਾ ਹੈ।੫। ਕਿਸੇ ਮਨੁੱਖ ਦੀ ਉਮਰ ਨਟਾਂ ਦੇ ਤਮਾਸ਼ੇ ਤੇ ਨਾਚ ਕਰਦਿਆਂ ਬੀਤਦੀ ਹੈ। ਕਿਸੇ ਦੀ ਉਮਰ ਜੀਵਾਂ ਨੂੰ ਮਾਰਦਿਆਂ; ਲੋਕਾਂ ਦਾ ਮਾਲ ਚੁਰਾਉਂਦੇ ਬੀਤਦੀ ਹੈ। ਕਿਸੇ ਦੀ ਉਮਰ ਰਾਜੇ ਦੇ ਰਾਜ ਵਿਚ (ਸਜਾ ਜਾਂ ਟੈਕਸ ਤੋਂ) ਡਰਦਿਆਂ ਬੀਤਦੀ ਹੈ। (ਪਰ) ਸੰਤਾਂ ਦਾ ਜੀਵਨ ਹਰੀ ਦਾ ਜਸ ਕਰਦਿਆਂ ਗੁਜਰਦਾ ਹੈ।੬। ਕਿਸੇ ਮਨੁੱਖ ਦੀ ਉਮਰ ਸਲਾਹ ਮਸ਼ਵਰਾ ਕਰਦਿਆਂ; ਸਲਾਹ ਮਸ਼ਵਰੇ ਦੇਂਦਿਆਂ ਲੰਘ ਜਾਂਦੀ ਹੈ। ਕਿਸੇ ਦੀ ਉਮਰ ਜਰੂਰਤਵੰਦਾਂ ਦੀ ਸੇਵਾ ਕਰਦਿਆਂ ਬੀਤਦੀ ਹੈ; (ਅਪਣੀ) ਜਰੂਰਤ ਵਾਸਤੇ (ਦੂਜਿਆਂ ਦੀ) ਸੇਵਾ ਕਰਦਿਆਂ ਲੰਘਦੀ ਹੈ (ਸੇਵਾ ਵਿਚੋਂ ਵੀ ਕਮਾਈ ਕਰਦੇ ਹਨ ਜਾਂ ਤਨਖਾਹ ਲੈਂਦੇ ਹਨ ਤੇ ਕਹਿੰਦੇ ਹਨ ਕਿ ਅਸੀਂ ਤਾਂ ਜੀ ਸੇਵਾ ਕਰਦੇ ਹਾਂ)। ਕਿਸੇ ਦੀ ਉਮਰ ਰੋਜ਼ੀ ਭਾਲਦਿਆਂ ਬੀਤਦੀ ਹੈ; ਕਿਸੇ

ਦੀ ਉਮਰ ਜਿਉਂਦੇ ਜੀਵਾਂ ਦਾ ਸੁਧਾਰ ਕਰਦਿਆਂ ਲੰਘਦੀ ਹੈ। (ਪਰ) ਸੰਤਾਂ ਦੀ ਉਮਰ ਹਰੀ ਦਾ ਨਾਮ ਰਸ ਪੀਂਦਿਆ ਲੰਘਦੀ ਹੈ। ੭। (ਜੀਵਾਂ ਦੇ ਵਸ ਵਿਚ ਕੁਛ ਨਹੀਂ) ਪ੍ਰਭੂ ਨੇ ਜਿਸ ਪਾਸੇ ਕੋਈ ਜੀਵ ਲਾਇਆ ਹੈ, ਉਹ ਉਸੇ ਪਾਸੇ ਹੀ ਲਗਦਾ ਹੈ। (ਇਸ ਲਈ ਅਪਣੇ ਆਪ) ਨਾ ਕੋਈ ਮੂਰਖ ਹੈ ਅਤੇ ਨਾ ਹੀ ਕੋਈ ਮਨੁੱਖ ਸਿਆਣਾ ਹੈ। ਪ੍ਰਭੂ ਕ੍ਰਿਪਾ ਕਰਕੇ ਜਿਸ ਮਨੁੱਖ ਨੂੰ (ਅਪਣਾ) ਨਾਮ ਬਖਸ਼ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਉਸ ਤੋਂ ਮਨ ਅਤੇ ਸਰੀਰ ਕਰਕੇ ਸਦਕੇ ਜਾਂਦਾ ਹਾਂ। ੮। ੩।

ਪਦਾਰਥ = ਕਾਹੂ–ਕਿਸੇ ਦੀ। ਰੈਨਿ–ਰਾਤ। ਚਾਲਤ–ਤੁਰਦਿਆਂ। ਸੁ ਪਿੜੁ–ਉਹ ਅਖਾੜਾ; ਜੰਗ ਦਾ ਮੈਦਾਨ। ਮਾਲਤ–ਮੱਲਦਿਆਂ; ਕਾਬਜ ਹੁੰਦਿਆਂ। ਬਾਲ–ਬੱਚੇ। ਪੜਾਵਤ–ਪੜ੍ਹਾਉਂਦਿਆਂ। ਜਸੁ–ਸਿਫਤ ਸਲਾਹ। ਗਾਵਤ–ਗਾਉਂਦਿਆਂ। ੫। ਨਟ ਨਾਟਿਕ–ਨਟਾਂ ਦੇ ਨਾਟਕ ਕਰਦਿਆਂ। ਨਿਰਤੇ–ਨਾਚ ਕਰਦਿਆਂ। ਜੀਆਇਹ ਹਿਰਤੇ–ਜੀਵਾਂ ਨੂੰ ਮਾਰਦਿਆਂ; ਲੋਕਾਂ ਦਾ ਮਾਲ ਚੁਰਾਉਂਦਿਆਂ। ਰਾਜ ਮਹਿ–ਰਾਜ ਵਿਚ। ਡਰਤੇ–ਡਰਦਿਆਂ। ਕਰਤੇ–ਕਰਦਿਆਂ। ੬। ਮਤਾ ਮਸੂਰਤਿ–ਸਲਾਹ ਮਸ਼ਵਰਾ। ਸੇਵਾ ਜਰੂਰਤਿ–ਲੋੜਵੰਦਾਂ ਦੀ ਸੇਵਾ ਕਰਦਿਆਂ। ਸੋਧਤ–ਖੋਜ ਭਾਲ ਕਰਦਿਆਂ; ਸੁਧਾਰ ਕਰਦਿਆਂ। ਜੀਵਤ–ਰੋਜ਼ੀ (ਉਪਜੀਵਕਾ); ਜਿਉਂਦੇ ਜੀਵਾਂ ਦਾ। ਰਸੁ ਪੀਵਤ–ਨਾਮ ਰਸ ਪੀਂਦਿਆਂ। ੭। ਜਿਤੁ–ਜਿਸ ਪਾਸੇ; ਜਿਸ ਕੰਮ ਵਿਚ। ਕੋ–ਕੋਈ ਜੀਵ। ਤਿਤੁ–ਉਸ ਕੰਮ ਵਿਚ। ਮੂੜ–ਮੂਰਖ। ਕਰਿ–ਕਰਕੇ। ਜਿਸੁ–ਜਿਸ (ਮਨੁੱਖ) ਨੂੰ। ਤਾ ਕੈ–ਉਸ ਤੋਂ। ਬਲਿ ਬਲਿ–ਮਨ ਤੇ ਸਰੀਰ ਕਰਕੇ। ਜਾਉ–ਜਾਂਦਾ ਹਾਂ। ੮। ੩।

ਰਾਮਕਲੀ ਮਹਲਾ ੫ ॥ ਦਾਵਾ ਅਗਨਿ, ਰਹੇ ਹਰਿ ਬੂਟ ॥ ਮਾਤ ਗਰਭ, ਸੰਕਟ ਤੇ ਛੂਟ ॥ ਜਾ ਕਾ ਨਾਮੁ ਸਿਮਰਤ, ਭਉ ਜਾਇ ॥ ਤੈਸੇ ਸੰਤ ਜਨਾ, ਰਾਖੈ ਹਰਿ ਰਾਇ ॥੧॥ ਐਸੇ ਰਾਖਨਹਾਰ ਦਇਆਲ ॥ ਜਤ ਕਤ ਦੇਖਉ ,ਤੁਮ ਪ੍ਰਤਿਪਾਲ ॥੧॥ਰਹਾਉ॥ ਜਲੁ ਪੀਵਤ, ਜਿਉ ਤਿਖਾ ਮਿਟੰਤ ॥ ਧਨ ਬਿਗਸੈ, ਗ੍ਰਿਹਿ ਆਵਤ ਕੰਤ ॥ ਲੋਭੀ ਕਾ ਧਨੁ ,ਪ੍ਰਾਣ ਅਧਾਰੁ ॥ ਤਿਉ ਹਰਿ ਜਨ, ਹਰਿ ਹਰਿ ਨਾਮ ਪਿਆਰੁ ॥੨॥ ਕਿਰਸਾਨੀ ਜਿਉ ਰਾਖੈ ਰਖਵਾਲਾ ॥ ਮਾਤ ਪਿਤਾ ਦਇਆ ਜਿਉ ਬਾਲਾ ॥ ਪ੍ਰੀਤਮੁ ਦੇਖਿ, ਪ੍ਰੀਤਮੁ ਮਿਲਿ ਜਾਇ ॥ ਤਿਉ ਹਰਿ ਜਨ ਰਾਖੈ ਕੰਠਿ ਲਾਇ ॥੩॥ ਜਿਉ ਅੰਧੁਲੇ, ਪੇਖਤ ਹੋਇ ਅਨੰਦ ॥ ਗੂੰਗਾ ਬਕਤ, ਗਾਵੈ ਬਹੁ ਛੰਦ ॥ ਪਿੰਗੁਲ ਪਰਬਤ ਪਰਤੇ ਪਾਰਿ ॥ ਹਰਿ ਕੈ ਨਾਮਿ ਸਗਲ ਉਧਾਰਿ ॥੪॥ (ਹੇ ਭਾਈ! ਜਿਵੇਂ) ਜੰਗਲ ਵਿਚ ਅੱਗ ਲਗਣ ਨਾਲ ਹਰੇ ਬੂਟੇ (ਅੱਗ ਵਿਚ ਸੜਨ ਤੋਂ) ਬਚੇ ਰਹਿੰਦੇ ਹਨ। ਅਤੇ ਜਿਵੇਂ ਮਾਤਾ ਦੇ ਗਰਭ ਦੇ ਸੰਕਟ ਤੋਂ (ਬੱਚਾ) ਬਚ ਨਿਕਲਦਾ ਹੈ। ਜਿਸ ਪ੍ਰਭੂ ਦਾ ਨਾਮ ਸਿਮਰਿਆਂ ਡਰ ਦੂਰ ਹੋ ਜਾਂਦਾ ਹੈ। ਉਸੇ ਤਰ੍ਹਾਂ ਹਰੀ ਰਾਜਾ ਸੰਤ ਜਨਾਂ ਦੀ (ਦੁੱਖਾਂ ਕਲੇਸ਼ਾ ਤੋਂ) ਰੱਖਿਆ ਕਰਦਾ ਹੈ। ੧। ਹੇ ਪ੍ਰਭੂ! ਤੂੰ ਇਹੋ ਜਿਹਾ ਰੱਖਿਆ ਕਰਨ ਵਾਲਾ ਤੇ ਦਇਆ ਦਾ ਘਰ ਹੈਂ। ਮੈਂ ਜਿੱਥੇ ਕਿਥੇ ਦੇਖਦਾ ਹਾਂ, ਤੂੰ (ਹਰੇਕ ਜੀਵ ਦੀ) ਪਾਲਣਾ ਕਰਦਾ ਹੈਂ। ੧। ਰਹਾਉ। ਜਿਵੇਂ ਪਾਣੀ ਪੀਂਦਿਆਂ ਪਿਆਸ ਮਿਟ ਜਾਂਦੀ ਹੈ। ਜਿਵੇਂ ਪਤੀ ਦੇ ਘਰ ਵਿਚ ਆਉਣ ਨਾਲ (ਉਸ ਦੀ) ਇਸਤ੍ਰੀ ਖੁਸ਼ ਹੋ ਜਾਂਦੀ ਹੈ। ਜਿਵੇਂ ਧਨ ਲੋਭੀ ਬੰਦੇ ਦੇ ਪ੍ਰਾਣਾਂ ਦਾ ਆਸਰਾ ਹੁੰਦਾ ਹੈ। ਤਿਵੇਂ ਹਰੀ ਦੇ ਸੇਵਕਾਂ ਦਾ ਹਰਿ ਹਰਿ ਨਾਮ ਨਾਲ ਪਿਆਰ ਹੁੰਦਾ ਹੈ। ੨। ਜਿਵੇਂ ਰਖਵਾਲਾ ਖੇਤੀ ਦੀ ਰਾਖੀ ਕਰਦਾ ਹੈ। ਜਿਵੇਂ ਮਾਤਾ ਪਿਤਾ ਦੀ ਅਪਣੇ ਬੱਚੇ ਉਤੇ ਦਇਆ ਹੁੰਦੀ ਹੈ। ਮਿਤ੍ਰ ਨੂੰ ਦੇਖ ਕੇ ਜਿਵੇਂ ਮਿਤ੍ਰ ਮਿਲ ਕੇ ਖੁਸ਼ ਹੋ ਜਾਂਦਾ ਹੈ। ਤਿਵੇਂ ਹਰੀ ਅਪਣੇ ਸੇਵਕਾਂ ਨੂੰ ਗਲ ਨਾਲ ਲਾ ਕੇ ਰਖਦਾ ਹੈ। ੩। ਜਿਵੇਂ ਅੰਨ੍ਹੇ ਮਨੁੱਖ ਨੂੰ ਦਿਸਣ ਲਗ ਪੈਣ ਤੇ ਅਨੰਦ ਹੁੰਦਾ ਹੈ। ਗੂੰਗਾ ਮਨੁੱਖ ਬੋਲਣ ਲਗ ਪਵੇ, ਤਾਂ ਉਹ ਬਹੁਤ ਛੰਦ ਗਾਉਂਦਾ (ਹੋਇਆ ਖੁਸ਼ ਹੁੰਦਾ) ਹੈ। ਜਿਵੇਂ ਪਿੰਗਲਾ ਮਨੁੱਖ ਪਹਾੜ ਪਾਰ ਲੰਘ ਜਾਣ ਤੇ ਖੁਸ਼ ਹੁੰਦਾ ਹੈ। ਤਿਵੇਂ ਹਰੀ ਦੇ ਨਾਮ ਜਪਣ ਨਾਲ ਸਾਰੇ ਜੀਵਾਂ ਦਾ ਪਾਰ ਉਤਾਰਾ ਹੁੰਦਾ ਹੈ। ੪।

ਪਦਾਰਥ = ਦਾਵਾ ਅਗਨਿ–ਜੰਗਲ ਦੀ ਅੱਗ। ਰਹੇ–ਬਚੇ ਰਹਿੰਦੇ ਹਨ। ਹਰਿ ਬੂਟ–ਹਰੇ ਬੂਟੇ। ਮਾਤ ਗਰਭ–ਮਾਂ ਦਾ ਪੇਟ। ਤੇ–ਤੋਂ। ਛੂਟ–ਬਚ ਨਿਕਲਦਾ ਹੈ। ਜਾ ਕਾ–ਜਿਸ (ਪ੍ਰਭੂ) ਦਾ। ਭਉ–ਡਰ। ਜਾਇ–ਦੂਰ ਹੋ ਜਾਂਦਾ ਹੈ। ਤੈਸੇ–ਉਸੇ ਤਰ੍ਹਾਂ। ਰਾਖੈ–ਰੱਖਿਆ ਕਰਦਾ ਹੈ। ਹਰਿ ਰਾਇ–ਹਰੀ ਰਾਜਾ। ੧। ਰਾਖਨਹਾਰ–ਰੱਖਿਆ ਕਰਨ ਵਾਲਾ। ਦਇਆਲ–ਦਇਆ ਦਾ ਘਰ। ਜਤ ਕਤ–ਜਿੱਥੇ ਕਿੱਥੇ। ਦੇਖਉ–ਮੈਂ ਦੇਖਦਾ ਹਾਂ। ੧। ਰਹਾਉ। ਪੀਵਤ–ਪੀਦਿਆਂ। ਤਿਖਾ–ਪਿਆਸ। ਧਨ–ਇਸਤ੍ਰੀ। ਬਿਗਸੈ–ਖੁਸ਼ ਹੁੰਦੀ ਹੈ। ਗ੍ਰਿਹਿ–ਘਰ ਵਿਚ। ਕੰਤ–ਪਤੀ। ਪ੍ਰਾਣ ਅਧਾਰੁ–ਪਾਣਾਂ ਦਾ ਆਸਰਾ। ਹਰਿ ਜਨ–ਹਰੀ ਦੇ ਸੇਵਕਾਂ ਦਾ। ੨। ਕਿਰਸਾਨੀ–ਖੇਤੀ। ਮਾਤ–ਮਾਤਾ। ਬਾਲਾ–ਬੱਚਾ। ਪ੍ਰੀਤਮੁ–ਮਿਤ੍ਰ। ਮਿਲਿ ਜਾਇ–ਮਿਲ ਕੇ ਜਾਂਦਾ ਹੈ। ਕੰਠਿ ਲਾਇ–ਗਲ ਨਾਲ ਲਾ ਕੇ ਰਖਦਾ ਹੈ। ੩। ਅੰਧੁਲੇ–ਅੰਨ੍ਹੇ ਮਨੁੱਖ ਨੂੰ। ਪੇਖਤ–ਦਿਸਣ ਲਗ ਪੈਣ ਤੇ। ਬਕਤ–ਬੋਲਣ ਲਗ ਪੈਣ ਤੇ। ਪਿੰਗੁਲ–ਲੂਲ੍ਹਾ ਲੰਗੜਾ। ਪਰਤੇ ਪਾਰਿ–ਪਾਰ ਲੰਘ ਜਾਣ ਕਰਕੇ। ਕੈ–ਦੇ। ਨਾਮਿ–ਨਾਮ ਜਪਣ ਨਾਲ। ਸਗਲ–ਸਾਰੇ ਜੀਵਾਂ ਦਾ। ਉਧਾਰੁ–ਪਾਰ ਉਤਾਰਾ। ੪।

ਜਿਉ ਪਾਵਕ ਸੰਗਿ, ਸੀਤ ਕੋ ਨਾਸ ॥ ਐਸੇ ਪ੍ਰਾਛਤ, ਸੰਤ ਸੰਗਿ ਬਿਨਾਸ ॥ ਜਿਉ ਸਾਬੁਨਿ, ਕਾਪਰ ਊਜਲ ਹੋਤ ॥ ਨਾਮ ਜਪਤ, ਸਭੁ ਭ੍ਰਮੁ ਭਉ ਖੋਤ ॥੫॥ ਜਿਉ ਚਕਵੀ, ਸੂਰਜ ਕੀ ਆਸ ॥ ਜਿਉ ਚਾਤ੍ਰਿਕ, ਬੂੰਦ ਕੀ ਪਿਆਸ ॥ ਜਿਉ ਕੁਰੰਕ, ਨਾਦ ਕਰਨ ਸਮਾਨੇ ॥(ਹੇ ਭਾਈ!) ਜਿਵੇਂ ਅੱਗ ਨਾਲ ਠੰਢ ਦਾ ਨਾਸ਼ ਹੋ ਜਾਂਦਾ ਹੈ। ਇਸੇ ਤਰ੍ਹਾਂ ਸੰਤਾਂ ਦੀ ਸੰਗਤ ਕਰਕੇ ਪਾਪ ਨਾਸ਼ ਹੋ ਜਾਂਦੇ ਹਨ। ਜਿਵੇਂ ਸਾਬਣ ਲਾਉਣ ਨਾਲ ਕਪੜੇ ਸਾਫ ਹੋ ਜਾਂਦੇ ਹਨ। (ਇਸੇ ਤਰ੍ਹਾਂ) ਨਾਮ ਜਪਣ ਨਾਲ ਸਾਰੇ ਭਰਮ ਅਤੇ ਡਰ ਨਾਸ਼ ਹੋ ਜਾਂਦੇ ਹਨ।੫। (ਹੇ ਭਾਈ!) ਜਿਵੇਂ ਚਕਵੀ (ਚਕਵੇ ਨੂੰ ਮਿਲਣ ਵਾਸਤੇ) ਸੂਰਜ ਚੜ੍ਹਨ ਦੀ ਆਸ ਕਰਦੀ ਰਹਿੰਦੀ ਹੈ। ਜਿਵੇਂ ਚਾਤ੍ਰਿਕ ਨੂੰ ਸ੍ਵਾਂਤੀ ਬੂੰਦ ਦੀ ਪਿਆਸ ਲੱਗੀ ਰਹਿੰਦੀ ਹੈ। ਜਿਵੇਂ ਹਿਰਨ ਦੇ ਕੰਨ ਘੰਟੇਹੇੜੇ ਦੀ ਅਵਾਜ ਸੁਣ ਕੇ (ਉਸ ਵਿਚ) ਸਮਾ ਜਾਂਦੇ ਹਨ (ਖੁਸ਼ੀ ਵਿਚ ਲੀਨ ਹੋ ਜਾਂਦੇ ਹਨ)।

ਅੰਗ ੯੧੫ = ਤਿਉ ਹਰਿ ਨਾਮ, ਹਰਿ ਜਨ ਮਨਹਿ ਸੁਖਾਨੇ ॥੬॥ ਤੁਮਰੀ ਕਿਰਪਾ ਤੇ, ਲਾਗੀ ਪ੍ਰੀਤਿ ॥ ਦਇਆਲ ਭਏ, ਤਾ ਆਏ ਚੀਤਿ ॥ ਦਇਆ ਧਾਰੀ, ਤਿਨਿ ਧਾਰਣਹਾਰ ॥ ਬੰਧਨ ਤੇ ਹੋਈ ਛੁਟਕਾਰ ॥੭॥ ਸਭਿ ਥਾਨ ਦੇਖੇ, ਨੈਣ ਅਲੋਇ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਇ ॥ ਭ੍ਰਮ ਭੈ ਛੂਟੇ, ਗੁਰ ਪਰਸਾਦ ॥ ਨਾਨਕ ਪੇਖਿਓ, ਸਭੁ ਬਿਸਮਾਦ ॥੮॥੪॥ ਤਿਵੇਂ ਹਰੀ ਦੇ ਸੇਵਕਾਂ ਦੇ ਮਨਾਂ ਵਿਚ ਹਰੀ ਦਾ ਨਾਮ ਚੰਗਾ ਲਗਦਾ ਹੈ।੬। (ਹੇ ਪ੍ਰਭੂ!) ਤੇਰੀ ਕ੍ਰਿਪਾ ਨਾਲ (ਤੇਰੇ ਨਾਲ ਮੇਰੀ) ਪ੍ਰੀਤ ਲੱਗੀ ਹੈ। (ਜਦੋਂ ਤੁਸੀਂ) ਮੇਹਰਵਾਨ ਹੋਏ ਤਾਂ ਯਾਦ ਆਏ ਹੋ। (ਸਾਰੇ ਜੀਵਾਂ ਨੂੰ) ਆਸਰਾ ਦੇਣ ਵਾਲੇ ਉਸ ਪ੍ਰਭੂ ਨੇ (ਮੇਰੇ ਤੇ) ਦਇਆ ਕੀਤੀ। ਤਾਂ ਬੰਧਨਾਂ ਤੋਂ ਮੇਰਾ ਛੁਟਕਾਰਾ ਹੋ ਗਿਆ ਹੈ।੭। ਮੈਂ ਸਾਰੇ ਥਾਂ ਅਪਣੀਆਂ ਅੱਖਾਂ ਖੋਲ੍ਹ ਕੇ ਦੇਖ ਲਏ ਹਨ। ਉਸ ਪ੍ਰਭੂ ਤੋਂ ਬਿਨਾ ਦੂਜਾ ਹੋਰ ਕੋਈ ਨਹੀਂ ਹੈ। ਗੁਰੂ ਦੀ ਕ੍ਰਿਪਾ ਨਾਲ ਭਰਮ ਤੇ ਭੈ ਛੁਟ ਗਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਅਸੀਂ ਅਸਚਰਜ ਰੂਪ ਪ੍ਰਭੂ ਨੂੰ ਸਭ ਜਗ੍ਹਾ ਵਿਆਪਕ ਦੇਖਿਆ ਹੈ।੮।੪।

ਪਦਾਰਥ = ਪਾਵਕ–ਅੱਗ। ਸੰਗਿ–ਨਾਲ; ਸੰਗਤ ਕਰਕੇ। ਸੀਤ ਕੋ–ਠੰਢ ਦਾ। ਬਿਨਾਸ–ਨਾਸ਼ ਹੋ ਜਾਂਦਾ ਹੈ। ਸਾਬੁਨਿ–ਸਾਬਣ ਨਾਲ। ਕਾਪਰ–ਕੱਪੜੇ। ਊਜਲ ਹੋਤ–ਸਾਫ ਹੋ ਜਾਂਦੇ ਹਨ। ਜਪਤ–ਜਪਣ ਨਾਲ। ਭਉ–ਡਰ। ਖੋਤ–ਨਾਸ਼ ਹੋ ਜਾਂਦਾ ਹੈ।੫। ਚਾਤ੍ਰਿਕ–ਪਪੀਹਾ। ਕੁਰੰਕ–ਹਿਰਨ। ਕਰਨ–ਕੰਨ। ਨਾਦ–ਘੰਟੇਹੇੜੇ ਦੀ ਅਵਾਜ। ਸਮਾਨੇ–ਲੀਨ; ਮਗਨ। ਜਨ–ਸੇਵਕ। ਮਨਹਿ–ਮਨ ਵਿਚ। ਸੁਖਾਨੇ–ਚੰਗਾ ਲਗਦਾ ਹੈ।੬। ਤੇ–ਤੋਂ; ਨਾਲ। ਭਏ–ਹੋਏ। ਤਾ–ਤਾਂ। ਆਏ ਚੀਤਿ–ਯਾਦ ਆਏ। ਧਾਰੀ–ਕੀਤੀ। ਤਿਨਿ–ਉਸ ਨੇ। ਧਾਰਣਹਾਰ–ਆਸਰਾ ਦੇਣ ਵਾਲਾ ਪ੍ਰਭੂ। ਛੁਟਕਾਰ–ਛੁਟਕਾਰਾ।੭। ਨੈਣ–ਅੱਖਾਂ। ਅਲੋਇ–ਨੀਝ ਨਾਲ ਦੇਖ ਕੇ। ਅਵਰੁ–ਹੋਰ। ਗੁਰ ਪਰਸਾਦ–ਗੁਰੂ ਦੀ ਕਿਰਪਾ ਨਾਲ। ਪੇਖਿਓ–ਦੇਖਿਆ। ਬਿਸਮਾਦ–ਅਸਚਰਜ ਰੂਪ ਪ੍ਰਭੂ।੮।੪।

ਰਾਮਕਲੀ ਮਹਲਾ ੫ ॥ ਜੀਅ ਜੰਤ ਸਭਿ ਪੇਖੀਅਹਿ, ਪ੍ਰਭ ਸਗਲ ਤੁਮਾਰੀ ਧਾਰਨਾ ॥੧॥ ਇਹੁ ਮਨੁ ਹਰਿ ਕੈ ਨਾਮਿ ਉਧਾਰਨਾ ॥੧॥ਰਹਾਉ॥ ਖਿਨ ਮਹਿ ਥਾਪਿ ਉਥਾਪੇ ਕੁਦਰਤਿ, ਸਭਿ ਕਰਤੇ ਕੇ ਕਾਰਨਾ ॥੨॥ ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ, ਸਾਧੂ ਸੰਗਿ ਬਿਦਾਰਨਾ ॥੩॥ ਨਾਮੁ ਜਪਤ ਮਨੁ ਨਿਰਮਲ ਹੋਵੈ, ਸੂਖੇ ਸੂਖਿ ਗੁਦਾਰਨਾ ॥੪॥ ਭਗਤ ਸਰਣਿ ਜੋ ਆਵੈ ਪ੍ਰਾਣੀ, ਤਿਸੁ ਈਹਾ ਊਹਾ ਨ ਹਾਰਨਾ ॥੫॥ ਸੂਖ ਦੂਖ ਇਸੁ ਮਨ ਕੀ ਬਿਰਥਾ, ਤੁਮ ਹੀ ਆਗੈ ਸਾਰਨਾ ॥੬॥ ਤੂ ਦਾਤਾ ਸਭਨਾ ਜੀਆ ਕਾ, ਆਪਨ ਕੀਆ ਪਾਲਨਾ ॥੭॥ ਅਨਿਕ ਬਾਰ ਕੋਟਿ ਜਨ ਊਪਰਿ, ਨਾਨਕੁ ਵੰਞੈ ਵਾਰਨਾ ॥੮॥੫॥ ਹੇ ਪ੍ਰਭੂ! (ਜਿਤਨੇ ਵੀ) ਸਾਰੇ ਜੀਵ ਜੰਤ ਦੇਖੀਦੇ ਹਨ, (ਉਹ) ਸਾਰੇ ਤੇਰੀ ਹੀ ਰਚਨਾ ਹੈ; ਸਾਰੇ ਤੇਰੇ ਆਸਰੇ ਹਨ।੧। ਇਸ ਮਨ ਨੂੰ ਹਰੀ ਦੇ ਨਾਮ ਨੇ ਹੀ (ਭਵਜਲ ਤੋਂ) ਤਾਰਨਾ ਹੈ।੧।ਰਹਾਉ। ਪ੍ਰਭੂ ਇਕ ਛਿਨ ਵਿਚ ਰਚਨਾ ਨੂੰ ਬਣਾ ਕੇ ਢਾਹ ਸਕਦਾ ਹੈ, ਇਹ ਸਾਰੇ ਕਾਰਨ ਕਰਤਾ ਪੁਰਖ ਦੇ ਹਨ।੨। ਕਾਮ, ਕ੍ਰੋਧ, ਲੋਭ, ਝੂਠ ਤੇ ਨਿੰਦਾ (ਆਦਿ ਵਿਕਾਰ) ਸਾਧੂਆਂ ਦੀ ਸੰਗਤ ਕਰਕੇ ਨਾਸ਼ ਕੀਤੇ ਜਾ ਸਕਦੇ ਹਨ।੩। (ਹੇ ਭਾਈ!) ਪ੍ਰਭੂ ਦਾ ਨਾਮ ਜਪਦਿਆਂ ਮਨ ਨਿਰਮਲ ਹੋ ਜਾਂਦਾ ਹੈ, (ਫਿਰ ਜੀਵਨ ਦਾ ਸਾਰਾ ਸਮਾਂ) ਸੁਖ ਹੀ ਸੁਖ ਵਿਚ ਬਤੀਤ ਕਰੀਦਾ ਹੈ।੪। ਜਿਹੜਾ ਮਨੁੱਖ ਭਗਤਾਂ ਦੀ ਸ਼ਰਣ ਵਿਚ ਆਉਂਦਾ ਹੈ, ਉਸ ਦੀ ਇੱਥੇ ਉਥੇ (ਲੋਕ ਪ੍ਰਲੋਕ ਵਿਚ) ਹਾਰ ਨਹੀਂ ਹੁੰਦੀ।੫। (ਹੇ ਪ੍ਰਭੂ! ਜੋ) ਸੁਖ ਤੇ ਦੁਖ ਇਸ ਮਨ ਦੀ ਹਾਲਤ ਹੈ, ਉਹ ਤੇਰੇ ਅੱਗੇ ਹੀ ਪੇਸ਼ ਕਰਨੀ ਹੈ।੬। ਹੇ ਪ੍ਰਭੂ! ਤੂੰ ਸਾਰੇ ਜੀਵਾਂ ਦਾ ਦਾਤਾ ਹੈਂ, (ਇਹ ਜਗਤ ਤੇਰਾ) ਅਪਣਾ ਪੈਦਾ ਕੀਤਾ ਹੋਇਆ ਹੈ, (ਇਸ ਦੀ ਤੂੰ ਆਪ ਹੀ) ਪਾਲਣਾ ਕਰਦਾ ਹੈਂ।੭। (ਹੇ ਪ੍ਰਭੂ! ਤੇਰੇ) ਸੇਵਕਾਂ ਉਪਰੋਂ ਨਾਨਕ ਅਨੇਕਾਂ ਤੇ ਕ੍ਰੋੜਾਂ ਵਾਰ ਵਾਰਨੇ ਜਾਂਦਾ ਹੈ।੮।੫।

ਪਦਾਰਥ = ਜੀਅ–ਵੱਡੇ ਜੀਵ। ਜੰਤ–ਛੋਟੇ ਜੀਵ। ਪੇਖੀਅਹਿ–ਦੇਖੀਦੇ ਹਨ। ਪ੍ਰਭ–ਹੇ ਪ੍ਰਭੂ!। ਸਗਲ–ਸਾਰੇ। ਧਾਰਨਾ–ਰਚਨਾ;

ਆਸਰਾ।੧।ਨਾਮਿ–ਨਾਮ ਨੇ; ਨਾਮ ਰਾਹੀਂ।ਉਧਾਰਨਾ–ਪਾਰ ਉਤਾਰਾ।੧।ਰਹਾਉ।ਖਿਨ ਮਹਿ–ਇਕ ਛਿਨ ਸਮੇਂ ਵਿਚ।ਥਾਪਿ–ਬਣਾ ਕੇ।ਉਥਾਪੇ–ਢਾਹ ਸਕਦਾ ਹੈ।ਕੁਦਰਤਿ–ਰਚਨਾ ਨੂੰ।ਕਰਤੇ ਕੇ–ਕਰਤਾਰ ਦੇ।ਕਾਰਨਾ–ਕੰਮ।੨।ਸਾਧੂ ਸੰਗਿ–ਸਾਧੂਆਂ ਦੀ ਸੰਗਤ ਕਰਕੇ।ਬਿਦਾਰਨਾ–ਨਾਸ਼ ਕੀਤੇ ਜਾ ਸਕਦੇ ਹਨ।੩।ਜਪਤ–ਜਪਦਿਆਂ।ਨਿਰਮਲ–ਪਵਿਤ੍ਰ।ਸੂਖੇ ਸੂਖਿ–ਸੁੱਖ ਹੀ ਸੁਖ ਵਿਚ।ਗੁਦਾਰਨਾ–ਗੁਜਾਰੀਦਾ ਹੈ।੪।ਪ੍ਰਾਣੀ–ਪ੍ਰਾਣਾਂ ਧਾਰੀ ਮਨੁੱਖ।ਤਿਸੁ–ਉਸ ਦੀ।ਈਹਾ–ਇਸ ਲੋਕ ਵਿਚ।ਊਹਾ–ਪ੍ਰਲੋਕ ਵਿਚ।ਨ ਹਾਰਨਾ–ਹਾਰ ਨਹੀਂ ਹੁੰਦੀ ।੫।ਬਿਰਥਾ–ਹਾਲਤ; ਅਵਸਥਾ।ਤੁਮ ਹੀ ਆਗੈ–ਤੇਰੇ ਅੱਗੇ ਹੀ।ਸਾਰਨਾ–ਪੇਸ਼ ਕਰਨਾ; ਬਿਆਨ ਕਰਨਾ।੬।ਸਭਨਾ ਜੀਆ ਕਾ–ਸਾਰੇ ਜੀਵਾਂ ਦਾ।ਆਪਨ ਕੀਆ–ਅਪਣਾ ਪੈਦਾ ਕੀਤਾ ਜਗਤ।ਪਾਲਨਾ–ਪਾਲਣਾ ਕਰਦਾ ਹੈਂ।੭।ਅਨਿਕ ਬਾਰ–ਅਨੇਕਾਂ ਵਾਰੀ।ਕੋਟਿ–ਕ੍ਰੋੜ।ਜਨ–ਸੇਵਕ।ਵੰਞੈ ਵਾਰਨਾ–ਬਲਹਾਰ ਜਾਂਦਾ ਹੈ।੮।੫।

ਰਾਮਕਲੀ ਮਹਲਾ ੫ ਅਸਟਪਦੀ ੴ ਸਤਿਗੁਰ ਪ੍ਰਸਾਦਿ ॥ ਦਰਸਨੁ ਭੇਟਤ ਪਾਪ ਸਭਿ ਨਾਸਹਿ, ਹਰਿ ਸਿਉ ਦੇਇ ਮਿਲਾਈ ॥੧॥ ਮੇਰਾ ਗੁਰੁ ਪਰਮੇਸਰੁ ਸੁਖਦਾਈ ॥ ਪਾਰਬ੍ਰਹਮ ਕਾ ਨਾਮੁ ਦ੍ਰਿੜਾਏ, ਅੰਤੇ ਹੋਇ ਸਖਾਈ ॥੧॥ਰਹਾਉ॥ ਸਗਲ ਦੂਖ ਕਾ ਡੇਰਾ ਭੰਨਾ, ਸੰਤ ਧੂਰਿ ਮੁਖਿ ਲਾਈ ॥੨॥ ਪਤਿਤ ਪੁਨੀਤ ਕੀਏ ਖਿਨ ਭੀਤਰਿ, ਅਗਿਆਨੁ ਅੰਧੇਰੁ ਵੰਞਾਈ ॥੩॥ ਕਰਣ ਕਾਰਣ ਸਮਰਥੁ ਸੁਆਮੀ, ਨਾਨਕ ਤਿਸੁ ਸਰਣਾਈ ॥੪॥ ਬੰਧਨ ਤੋੜਿ ਚਰਨ ਕਮਲ ਦ੍ਰਿੜਾਏ, ਏਕ ਸਬਦਿ ਲਿਵ ਲਾਈ ॥੫॥ ਅੰਧ ਕੂਪ ਬਿਖਿਆ ਤੇ ਕਾਢਿਓ, ਸਾਚ ਸਬਦਿ ਬਣਿ ਆਈ ॥੬॥ ਜਨਮ ਮਰਣ ਕਾ ਸਹਸਾ ਚੂਕਾ, ਬਾਹੁੜਿ ਕਤਹੁ ਨ ਧਾਈ ॥੭॥ ਨਾਮ ਰਸਾਇਣਿ ਇਹੁ ਮਨੁ ਰਾਤਾ, ਅੰਮ੍ਰਿਤੁ ਪੀ ਤ੍ਰਿਪਤਾਈ ॥੮॥ ਸੰਤ ਸੰਗਿ ਮਿਲਿ ਕੀਰਤਨੁ ਗਾਇਆ, ਨਿਹਚਲੁ ਵਸਿਆ ਜਾਈ ॥੯॥ ਪੂਰੈ ਗੁਰਿ ਪੂਰੀ ਮਤਿ ਦੀਨੀ, ਹਰਿ ਬਿਨੁ ਆਨ ਨ ਭਾਈ ॥੧੦॥ (ਹੇ ਭਾਈ!) ਗੁਰੂ ਦੇ ਦਰਸ਼ਨ ਕਰਦਿਆਂ ਸਾਰੇ ਪਾਪ ਨਾਸ਼ ਹੋ ਜਾਂਦੇ ਹਨ ਅਤੇ (ਗੁਰੂ ਅਪਣੀ ਸ਼ਰਣ ਵਿਚ ਆਏ ਸਿੱਖ ਨੂੰ) ਹਰੀ ਨਾਲ ਮਿਲਾ ਦੇਂਦਾ ਹੈ।੧।ਮੇਰਾ ਗੁਰੂ ਪ੍ਰਮੇਸਰ ਰੂਪ ਹੈ, (ਉਹ) ਸੁਖ ਦੇਣ ਵਾਲਾ ਹੈ।(ਗੁਰੂ ਸਿੱਖ ਦੇ ਹਿਰਦੇ ਵਿਚ) ਪ੍ਰਮੇਸਰ ਦਾ ਨਾਮ ਦ੍ਰਿੜ ਕਰਾ ਦੇਂਦਾ ਹੈ, ਜੋ ਅੰਤ ਸਮੇਂ ਸਹਾਈ ਹੁੰਦਾ ਹੈ।੧।ਰਹਾਉ।(ਹੇ ਭਾਈ! ਜਦੋਂ) ਸੰਤ ਗੁਰੂ ਦੇ ਚਰਨਾਂ ਦੀ ਧੂੜ ਮੂੰਹ ਤੇ ਲਾਈ, ਤਾਂ ਸਾਰੇ ਦੁੱਖਾਂ ਦਾ ਡੇਰਾ ਢਹਿ ਗਿਆ।੨।(ਗੁਰੂ ਨੇ) ਅਗਿਆਨ ਰੂਪ ਹਨ੍ਹੇਰਾ ਦੂਰ ਕਰਕੇ ਇਕ ਖਿਨ ਵਿਚ ਪਾਪੀ ਮਨੁੱਖ ਪਵਿਤ੍ਰ ਕਰ ਦਿਤੇ ਹਨ।੩।ਮਾਲਕ ਪ੍ਰਭੂ ਜੋ ਸਾਰੇ ਕਾਰਨਾਂ ਦੇ ਕਰਨ ਲਈ ਸਮਰੱਥ ਹੈ, ਨਾਨਕ ਉਸ ਪ੍ਰਭੂ ਦੀ ਸ਼ਰਨੀ ਪਿਆ ਹੈ।੪।(ਹੇ ਭਾਈ! ਗੁਰੂ ਨੇ) ਮਾਇਆ ਦੇ ਬੰਧਨ ਤੋੜ ਕੇ (ਮੇਰੇ ਅੰਦਰ) ਪ੍ਰਭੂ ਦੇ ਚਰਨ ਕਮਲ ਪੱਕੇ ਟਿਕਾ ਦਿਤੇ ਹਨ ਅਤੇ ਮੈਂ ਗੁਰੂ ਦੇ ਸ਼ਬਦ ਰਾਹੀਂ ਇਕ ਪ੍ਰਭੂ ਵਿਚ ਲਿਵ ਲਾਈ ਹੈ।੫।(ਗੁਰੂ ਨੇ ਮੈਨੂੰ) ਮਾਇਆ ਦੇ ਅੰਨ੍ਹੇ ਖੂਹ ਵਿਚੋਂ (ਬਾਹਰ) ਕਢ ਲਿਆ ਹੈ ਅਤੇ (ਗੁਰੂ ਦੇ) ਸੱਚੇ ਸ਼ਬਦ ਨਾਲ ਮੇਰੀ ਪ੍ਰੀਤ ਬਣ ਆਈ ਹੈ।੬।(ਹੁਣ ਮੇਰਾ) ਜਨਮ ਮਰਨ ਦਾ ਸੰਸਾ ਦੂਰ ਹੋ ਗਿਆ ਅਤੇ ਮੁੜ ਕੇ (ਮੇਰਾ ਮਨ) ਕਿਸੇ ਪਾਸੇ ਨਹੀਂ ਦੌੜਦਾ।੭।ਨਾਮ ਜੋ ਰਸਾਂ ਦਾ ਘਰ ਹੈ, (ਉਸ ਵਿਚ ਮੇਰਾ) ਮਨ ਰੰਗਿਆ ਗਿਆ ਹੈ, (ਮਨ ਨਾਮ ਅੰਮ੍ਰਿਤ) ਪੀ ਕੇ ਰੱਜ ਗਿਆ ਹੈ।੮।ਸੰਤਾਂ ਦੀ ਸੰਗਤ ਵਿਚ ਮਿਲ ਕੇ ਮੈਂ ਕੀਰਤਨ ਗਾਇਆ, (ਜਿਸ ਦੇ ਫਲ ਕਰਕੇ ਮੈਂ) ਅਚੱਲ ਜਗ੍ਹਾ ਵਿਚ ਵਸ ਗਿਆ ਹਾਂ।੯।ਪੂਰੇ ਗੁਰੂ ਨੇ (ਮੈਨੂੰ) ਪੂਰੀ ਸਿੱਖਿਆ ਦਿਤੀ ਹੈ, (ਹੁਣ ਮੈਨੂੰ) ਹਰੀ ਤੋਂ ਬਿਨਾ ਹੋਰ ਕੋਈ ਚੰਗਾ ਨਹੀਂ ਲਗਦਾ।੧੦।

ਪਦਾਰਥ = ਭੇਟਤ–ਮਿਲਦਿਆਂ (ਕਰਦਿਆਂ)।ਨਾਸਹਿ–ਨਾਸ਼ ਹੋ ਜਾਂਦੇ ਹਨ।ਸਿਉ–ਨਾਲ।ਦੇਇ ਮਿਲਾਈ–ਮਿਲਾ ਦੇਂਦਾ ਹੈ।੧।ਸੁਖਦਾਈ–ਸੁਖ ਦੇਣ ਵਾਲਾ।ਦ੍ਰਿੜਾਏ–(ਹਿਰਦੇ ਵਿਚ) ਪੱਕਾ ਕਰ ਦੇਂਦਾ ਹੈ।ਅੰਤੇ–ਅੰਤ ਸਮੇਂ।ਸਖਾਈ–ਸਹਾਈ।੧।ਰਹਾਉ।ਸਗਲ–ਸਾਰੇ।ਡੇਰਾ–ਟਿਕਾਣਾ।ਭੰਨਾ–ਢਹਿ ਗਿਆ।ਧੂਰਿ–ਚਰਨ ਧੂੜ।ਮੁਖਿ–ਮੂੰਹ ਉਤੇ।੨।ਪਤਿਤ–ਪਾਪੀ ਮਨੁੱਖ।ਪੁਨੀਤ–ਪਵਿਤ੍ਰ।ਕੀਏ–ਕਰ ਦਿਤੇ।ਖਿਨ ਭੀਤਰਿ–ਇਕ ਛਿਨ ਵਿਚ।ਅੰਧੇਰੁ–ਹਨ੍ਹੇਰਾ।ਵੰਞਾਈ–ਦੂਰ ਕਰ ਦਿਤਾ।੩।ਕਰਣ ਕਾਰਣ–ਸਾਰੇ ਕਾਰਣਾਂ ਦੇ ਕਰਨ ਵਾਲਾ; ਜਗਤ ਦਾ ਮੂਲ ਕਾਰਨ।ਸਮਰਥੁ–ਸਰਬ ਸ਼ਕਤੀਮਾਨ।ਸੁਆਮੀ–ਮਾਲਕ ਪ੍ਰਭੂ।ਤਿਸੁ–ਉਸ ਪ੍ਰਭੂ ਦੀ।੪।ਤੋੜਿ–ਤੋੜ ਕੇ।ਚਰਨ ਕਮਲ–ਕਮਲ ਫੁੱਲ ਵਰਗੇ ਪ੍ਰਭੂ ਦੇ ਕੋਮਲ ਚਰਨ।ਦ੍ਰਿੜਾਏ–ਪੱਕੇ ਟਿਕਾ ਦਿਤੇ ਹਨ।ਸਬਦਿ–ਸ਼ਬਦ ਰਾਹੀਂ।੫।ਅੰਧ ਕੂਪ–ਅੰਨ੍ਹਾ ਖੂਹ।ਬਿਖਿਆ–ਮਾਇਆ।ਤੇ–ਤੋਂ; ਵਿਚੋਂ।ਬਣਿ ਆਈ–ਪ੍ਰੀਤ ਬਣ ਆਈ ਹੈ।੬।ਸਹਸਾ–ਸੰਸਾ।ਚੂਕਾ–ਦੂਰ ਹੋ ਗਿਆ।ਬਾਹੁੜਿ–ਮੁੜ ਕੇ।ਕਤਹੁ–ਕਿਸੇ ਹੋਰ ਪਾਸੇ।ਨ ਧਾਈ–ਨਹੀਂ ਦੌੜਦਾ।੭।ਰਸਾਇਣਿ–ਰਸਾਂ ਦੇ ਘਰ ਵਿਚ।ਰਾਤਾ–ਰੰਗਿਆ ਗਿਆ।ਪੀ–ਪੀ ਕੇ।ਤ੍ਰਿਪਤਾਈ–ਰੱਜ ਗਿਆ ਹੈ।੮।ਸੰਤ ਸੰਗਿ–ਸੰਤਾਂ ਦੀ ਸੰਗਤ ਵਿਚ।ਮਿਲਿ–ਮਿਲ ਕੇ।ਨਿਹਚਲ ਜਾਈ–ਅਚੱਲ (ਸਦਾ ਕਾਇਮ ਰਹਿਣ ਵਾਲੀ) ਜਗ੍ਹਾ ਵਿਚ।੯।ਪੂਰੈ ਗੁਰਿ–ਪੂਰੇ ਗੁਰੂ ਨੇ।ਮਤਿ–ਸਿੱਖਿਆ।ਦੀਨੀ–

ਦਿਤੀ। ਆਨ–ਹੋਰ ਕੋਈ। ਨ ਭਾਈ–ਭਾਉਂਦਾ ਨਹੀਂ; ਚੰਗਾ ਨਹੀਂ ਲਗਦਾ।੧੦।

ਨਾਮੁ ਨਿਧਾਨੁ ਪਾਇਆ ਵਡਭਾਗੀ, ਨਾਨਕ ਨਰਕਿ ਨ ਜਾਈ ॥੧੧॥ ਘਾਲ ਸਿਆਣਪ ਉਕਤਿ ਨ ਮੇਰੀ, ਪੂਰੈ ਗੁਰੂ ਕਮਾਈ ॥੧੨॥ ਜਪ ਤਪ ਸੰਜਮ ਸੁਚਿ ਹੈ ਸੋਈ, ਆਪੇ ਕਰੇ ਕਰਾਈ ॥੧੩॥ ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਵੱਡੇ ਭਾਗਾਂ ਵਾਲੇ ਮਨੁੱਖ ਨੇ ਨਾਮ ਰੂਪ ਖਜਾਨਾ ਪ੍ਰਾਪਤ ਕਰ ਲਿਆ ਹੈ, (ਉਹ) ਨਰਕ ਵਿਚ ਨਹੀਂ ਜਾਂਦਾ।੧੧। ਮੇਰੀ ਅਪਣੀ ਮੇਹਨਤ ਤੇ ਕਥਨ ਕਰਨ ਦੀ ਸਿਆਣਪ ਨਹੀਂ ਹੈ, (ਇਹ ਤਾਂ) ਪੂਰੇ ਗੁਰੂ ਦੀ ਕਮਾਈ ਹੈ (ਪੂਰੇ ਗੁਰੂ ਨੇ ਆਪ ਕਮਾਈ ਕਰਕੇ ਮੇਰੇ ਤੇ ਕ੍ਰਿਪਾ ਕੀਤੀ ਹੈ)।੧੨। (ਹੇ ਭਾਈ! ਮੇਰੇ ਵਾਸਤੇ ਪ੍ਰਭੂ ਦਾ ਨਾਮ ਸਿਮਰਨ ਹੀ) ਜਪ ਤਪ, ਸੰਜਮ ਤੇ (ਸਰੀਰਕ) ਸੁੱਚਮਤਾ ਹੈ, (ਨਾਮ ਦਾ ਸਿਮਰਨ) ਉਹ ਮਨੁੱਖ ਹੀ ਕਰਦਾ ਹੈ, (ਜਿਸ ਪਾਸੋਂ ਮੇਹਰ ਕਰਕੇ) ਪ੍ਰਭੂ ਆਪ ਹੀ ਕਰਾਉਂਦਾ ਹੈ।੧੩।

ਅੰਗ ੯੧੯ = ਪੁਤ੍ਰ ਕਲਤ੍ਰ ਮਹਾ ਬਿਖਿਆ ਮਹਿ, ਗੁਰਿ ਸਾਚੈ ਲਾਇ ਤਰਾਈ ॥੧੪॥ ਅਪਣੇ ਜੀਅ ਤੈ ਆਪਿ ਸਮ੍ਹਾਲੇ, ਆਪਿ ਲੀਏ ਲੜਿ ਲਾਈ ॥੧੫॥ ਸਾਚ ਧਰਮ ਕਾ ਬੇੜਾ ਬਾਂਧਿਆ, ਭਵਜਲੁ ਪਾਰਿ ਪਵਾਈ ॥੧੬॥ ਬੇਸੁਮਾਰ ਬੇਅੰਤ ਸੁਆਮੀ, ਨਾਨਕ ਬਲਿ ਬਲਿ ਜਾਈ ॥੧੭॥ ਅਕਾਲ ਮੂਰਤਿ ਅਜੂਨੀ ਸੰਭਉ ,ਕਲਿ ਅੰਧਕਾਰ ਦੀਪਾਈ ॥੧੮॥ ਅੰਤਰਜਾਮੀ ਜੀਅਨ ਕਾ ਦਾਤਾ, ਦੇਖਤ ਤ੍ਰਿਪਤਿ ਅਘਾਈ ॥੧੯॥ ਏਕੰਕਾਰੁ ਨਿਰੰਜਨੁ ਨਿਰਭਉ ,ਸਭ ਜਲਿ ਥਲਿ ਰਹਿਆ ਸਮਾਈ ॥੨੦॥ ਭਗਤਿ ਦਾਨੁ ਭਗਤਾ ਕਉ ਦੀਨਾ, ਹਰਿ ਨਾਨਕੁ ਜਾਚੈ ਮਾਈ ॥੨੧॥੧॥੬॥ (ਹੇ ਭਾਈ!) ਪੁਤ੍ਰ, ਇਸਤ੍ਰੀ ਅਤੇ ਮਾਇਆ ਦੇ ਵੱਡੇ ਮੋਹ ਵਿਚ (ਰਹਿੰਦੇ ਮਨੁੱਖ ਨੂੰ) ਗੁਰੂ ਨੇ ਸੱਚੇ ਨਾਮ ਵਿਚ ਲਾ ਕੇ (ਭਵਜਲ ਤੋਂ) ਤਾਰ ਦਿਤਾ ਹੈ।੧੪। (ਹੇ ਪ੍ਰਭੂ!) ਅਪਣੇ ਪੈਦਾ ਕੀਤੇ ਜੀਵਾਂ ਦੀ ਤੂੰ ਆਪ ਹੀ ਸੰਭਾਲ (ਪਾਲਣਾ) ਕਰਦਾ ਹੈਂ ਅਤੇ (ਜਿਨ੍ਹਾਂ ਉਤੇ ਕ੍ਰਿਪਾ ਕਰਦਾ ਹੈਂ, ਉਹ ਤੈਂ) ਆਪ ਹੀ ਅਪਣੇ ਲੜ ਨਾਲ ਲਗਾ ਲਏ ਹਨ।੧੫। (ਗੁਰੂ ਨੇ ਨਾਮ ਰੂਪ) ਸੱਚੇ ਧਰਮ ਦਾ ਬੇੜਾ ਬੰਨ੍ਹਿਆ ਹੈ, (ਜਿਸ ਬੇੜੇ ਨੇ ਮੈਨੂੰ) ਭਵਜਲ ਤੋਂ ਪਾਰ ਲੰਘਾ ਦਿਤਾ ਹੈ।੧੬। ਬੇਸ਼ੁਮਾਰ ਤੇ ਬੇਅੰਤ ਗੁਣਾਂ ਦੇ ਮਾਲਕ ਪ੍ਰਭੂ ਤੋਂ ਨਾਨਕ ਮਨ ਅਤੇ ਤਨ ਕਰਕੇ ਬਲਿਹਾਰ ਜਾਂਦਾ ਹੈ।੧੭। (ਹੇ ਭਾਈ!) ਕਾਲ ਤੋਂ ਰਹਿਤ ਹਸਤੀ, ਜੂਨਾਂ ਤੋਂ ਰਹਿਤ ਅਤੇ ਅਪਣੇ ਆਪ ਤੋਂ ਪ੍ਰਕਾਸ਼ਮਾਨ ਪ੍ਰਭੂ ਕਲਜੁਗ ਦੇ ਹਨ੍ਹੇਰੇ ਵਿਚ ਪ੍ਰਕਾਸ਼ ਕਰਨ ਵਾਲਾ ਹੈ।੧੮। (ਉਹ ਸਭ ਦੇ) ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਅਤੇ ਜੀਵਾਂ ਦਾ ਦਾਤਾ ਹੈ, (ਉਸ ਨੂੰ) ਦੇਖਦਿਆਂ ਹੀ (ਇਸ ਲੋਕ ਦੇ ਪਦਾਰਥਾਂ ਵੱਲੋਂ ਮਨ) ਰੱਜ ਗਿਆ ਹੈ ਤੇ (ਪ੍ਰਲੋਕ ਦੇ ਪਦਾਰਥਾਂ ਵੱਲੋਂ ਵੀ ਮਨ) ਰੱਜ ਗਿਆ ਹੈ।੧੯। (ਹੇ ਭਾਈ!) ਇਕ ਪ੍ਰਭੂ ਮਾਇਆ ਤੋਂ ਨਿਰਲੇਪ ਅਤੇ ਭੈ ਰਹਿਤ ਹੈ, (ਉਹ) ਸਾਰੇ ਜਲਾਂ ਵਿਚ ਤੇ ਥਲਾਂ ਵਿਚ ਸਮਾ ਰਿਹਾ ਹੈ।੨੦। ਹੇ ਭਾਈ! ਹਰੀ ਨੇ ਭਗਤਾਂ ਨੂੰ ਭਗਤੀ ਦਾਨ ਦਿਤਾ ਹੈ, ਨਾਨਕ ਵੀ ਹਰੀ ਤੋਂ (ਭਗਤੀ ਦਾਨ) ਮੰਗਦਾ ਹੈ।੨੧।੧।੬।

ਪਦਾਰਥ = ਨਿਧਾਨੁ–ਖਜਾਨਾ। ਵਡਭਾਗੀ–ਵੱਡੇ ਭਾਗਾਂ ਵਾਲੇ ਮਨੁੱਖ ਨੇ। ਨਰਕਿ–ਨਰਕ ਵਿਚ। ਨ ਜਾਈ–ਨਹੀਂ ਜਾਂਦਾ।੧੧। ਘਾਲ –ਮੇਹਨਤ। ਉਕਤਿ–ਕਥਨ ਕਰਨ ਦੀ। ਪੂਰੈ ਗੁਰੂ–ਪੂਰੇ ਗੁਰੂ ਦੀ।੧੨। ਸੰਜਮ–ਇੰਦ੍ਰੀਆਂ ਨੂੰ ਵਸ ਵਿਚ ਰੱਖਣ ਦਾ ਜਤਨ। ਸੁਚਿ–ਸਰੀਰਕ ਪਵਿਤ੍ਰਤਾ। ਸੋਈ–ਉਹ ਹੀ। ਕਰੇ–ਕਰਦਾ ਹੈ। ਕਰਾਈ–ਕਰਾਉਂਦਾ ਹੈ।੧੩। ਕਲਤ੍ਰ–ਇਸਤ੍ਰੀ। ਮਹਾ ਬਿਖਿਆ–ਮਾਇਆ ਦਾ ਵੱਡਾ ਮੋਹ। ਮਹਿ–ਵਿਚ। ਗੁਰਿ–ਗੁਰੂ ਨੇ। ਸਾਚੈ–ਸੱਚੇ ਨਾਮ ਵਿਚ। ਲਾਇ ਤਰਾਈ–ਲਾ ਕੇ ਤਾਰ ਦਿਤਾ ਹੈ।੧੪। ਜੀਅ–ਜੀਵ। ਤੈ–ਤੂੰ। ਸਮ੍ਹਾਲੇ–ਸੰਭਾਲ ਕਰਦਾ ਹੈਂ। ਲੜਿ–ਪੱਲੇ ਨਾਲ।੧੫। ਸਾਚ ਧਰਮ ਕਾ–ਸੱਚੇ ਪ੍ਰਭੂ ਦੇ ਨਾਮ ਸਿਮਰਨ ਰੂਪ ਧਰਮ ਦਾ। ਬਾਂਧਿਆ–ਬਣਾਇਆ। ਭਵਜਲੁ–ਸੰਸਾਰ ਸਮੁੰਦਰ। ਪਾਰਿ ਪਵਾਈ–ਪਾਰ ਲੰਘਾ ਦਿਤਾ।੧੬। ਬੇਸੁਮਾਰ–ਅਣਗਿਣਤ ਗੁਣਾਂ ਦਾ। ਸੁਆਮੀ–ਮਾਲਕ ਪ੍ਰਭੂ। ਬਲਿ ਬਲਿ–ਬਲਹਾਰ ਜਾਂਦਾ ਹੈ।੧੭। ਅਕਾਲ–ਮੌਤ ਤੋਂ ਰਹਿਤ। ਮੂਰਤਿ–ਹਸਤੀ; ਸਰੂਪ। ਅਜੂਨੀ–ਜੋਨੀਆਂ ਵਿਚ ਨਾ ਆਉਣ ਵਾਲਾ। ਸੰਭਉ–ਅਪਣੇ ਆਪ ਤੋਂ ਪ੍ਰਕਾਸ਼ਵਾਨ। ਕਲਿ–ਕਲਜੁਗ ਦੇ। ਅੰਧਕਾਰ–ਹਨ੍ਹੇਰਾ। ਦੀਪਾਈ–ਪ੍ਰਕਾਸ਼ ਕਰਨ ਵਾਲਾ ਹੈ।੧੮। ਅੰਤਰਜਾਮੀ–ਸਭ ਦੇ ਅੰਦਰ ਦੀਆਂ ਜਾਨਣਵਾਲਾ। ਜੀਅਨ–ਜੀਵਾਂ ਦਾ। ਦੇਖਤ–ਦੇਖਦਿਆਂ। ਤ੍ਰਿਪਤਿ–ਰੱਜ ਗਿਆ ਹੈ। ਅਘਾਈ–ਰੱਜ ਗਿਆ ਹੈ।੧੯। ਏਕੰਕਾਰੁ–ਇਕ ਪ੍ਰਮਾਤਮਾ। ਨਿਰੰਜਨੁ–ਮਾਇਆ ਦੇ ਅਸਰ ਤੋਂ ਰਹਿਤ। ਨਿਰਭਉ–ਭੈ ਰਹਿਤ। ਜਲਿ–ਪਾਣੀਆਂ ਵਿਚ। ਥਲਿ–ਧਰਤੀ ਵਿਚ। ਰਹਿਆ ਸਮਾਈ–ਸਮਾ ਰਿਹਾ ਹੈ।੨੦। ਭਗਤਾ ਕਉ–ਭਗਤਾਂ ਨੂੰ। ਦੀਨਾ–ਦਿਤਾ ਹੈ। ਨਾਨਕ ਜਾਚੈ–ਨਾਨਕ ਮੰਗਦਾ ਹੈ। ਮਾਈ–ਹੇ ਭਾਈ! (ਸ਼ਬਦਾਰਥ; ਬਾ.ਪ੍ਰ.)।੨੧।੧।੬।

ਰਾਮਕਲੀ ਮਹਲਾ ੫ ॥ ਸਲੋਕੁ ॥ ਸਿਖਹੁ ਸਬਦੁ ਪਿਆਰਿਹੋ, ਜਨਮ ਮਰਨ ਕੀ ਟੇਕ ॥ ਮੁਖ ਊਜਲ ਸਦਾ ਸੁਖੀ, ਨਾਨਕ ਸਿਮਰਤ ਏਕ ॥੧॥ ਮਨੁ ਤਨੁ ਰਾਤਾ ਰਾਮ ਪਿਆਰੇ, ਹਰਿ ਪ੍ਰੇਮ ਭਗਤਿ ਬਣਿ ਆਈ ਸੰਤਹੁ ॥੧॥ ਸਤਿਗੁਰਿ ਖੇਪ ਨਿਬਾਹੀ

ਸੰਤਹੁ ॥ ਹਰਿ ਨਾਮੁ ਲਾਹਾ ਦਾਸ ਕਉ ਦੀਆ, ਸਗਲੀ ਤ੍ਰਿਸਨ ਉਲਾਹੀ ਸੰਤਹੁ ॥੧॥ਰਹਾਉ॥ ਖੋਜਤ ਖੋਜਤ ਲਾਲੁ ਇਕੁ ਪਾਇਆ, ਹਰਿ ਕੀਮਤਿ ਕਹਣੁ ਨ ਜਾਈ ਸੰਤਹੁ ॥੨॥ ਚਰਨ ਕਮਲ ਸਿਉ ਲਾਗੋ ਧਿਆਨਾ, ਸਾਚੈ ਦਰਸਿ ਸਮਾਈ ਸੰਤਹੁ ॥੩॥ ਗੁਣ ਗਾਵਤ ਗਾਵਤ ਭਏ ਨਿਹਾਲਾ, ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ ॥੪॥ ਆਤਮ ਰਾਮੁ ਰਵਿਆ ਸਭ ਅੰਤਰਿ, ਕਤ ਆਵੈ ਕਤ ਜਾਈ ਸੰਤਹੁ ॥੫॥ ਆਦਿ ਜੁਗਾਦੀ ਹੈ ਭੀ ਹੋਸੀ, ਸਭ ਜੀਆ ਕਾ ਸੁਖਦਾਈ ਸੰਤਹੁ ॥੬॥ ਆਪਿ ਬੇਅੰਤੁ ਅੰਤੁ ਨਹੀ ਪਾਈਐ, ਪੂਰਿ ਰਹਿਆ ਸਭ ਠਾਈ ਸੰਤਹੁ ॥੭॥ ਮੀਤ ਸਾਜਨ ਮਾਲੁ ਜੋਬਨੁ ਸੁਤ, ਹਰਿ ਨਾਨਕ ਬਾਪੁ ਮੇਰੀ ਮਾਈ ਸੰਤਹੁ ॥੮॥੨॥੭॥ ਹੇ ਪਿਆਰੇ ਮਿਤ੍ਰੋ! (ਗੁਰੂ ਦੇ) ਸ਼ਬਦ ਨੂੰ ਗਾਉਣਾ ਸਿੱਖੋ, (ਕਿਉਂਕਿ ਇਹ ਸ਼ਬਦ) ਜਨਮ ਮਰਨ (ਨੂੰ ਦੂਰ ਕਰਨ) ਦੀ ਟੇਕ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਇਕ ਪ੍ਰਭੂ ਦਾ ਨਾਮ ਸਿਮਰਦਿਆਂ (ਇਸ ਲੋਕ ਵਿਚ) ਸਦਾ ਸੁਖੀ ਰਹੀਦਾ ਹੈ ਅਤੇ (ਰੱਬੀ ਦਰਬਾਰ ਵਿਚ ਵੀ) ਮੁਖ ਉਜਲ ਹੁੰਦਾ ਹੈ।੧। ਹੇ ਸੰਤ ਜਨੋਂ! ਮੇਰਾ ਮਨ ਅਤੇ ਤਨ ਪਿਆਰੇ ਰਾਮ ਦੇ ਰੰਗ ਵਿਚ ਰੰਗਿਆ ਹੋਇਆ ਹੈ, (ਜਿਸ ਦੇ ਕਾਰਣ ਮੈਨੂੰ) ਹਰੀ ਦੀ ਪ੍ਰੇਮਾ ਭਗਤੀ ਕਰਨੀ ਬਣ ਆਈ ਹੈ (ਪ੍ਰਭੂ ਨਾਲ ਮਿਤ੍ਰਤਾ ਬਣ ਗਈ ਹੈ)।੧। ਹੇ ਸੰਤ ਜਨੋਂ! ਸਤਿਗੁਰੂ ਨੇ ਮੇਰੇ ਵਪਾਰ ਦਾ ਮਾਲ ਸਿਰੇ ਲਗਾ ਦਿਤਾ (ਜੀਵਨ ਸਫਲ ਕਰ ਦਿਤਾ; ਨਾਮ ਦੇ ਵਪਾਰ ਦੀ ਪੂੰਜੀ ਦੇ ਕੇ ਮੇਰੀ ਤੋੜ ਨਿਭਾ ਦਿਤੀ)। ਹੇ ਸੰਤ ਜਨੋਂ! (ਗੁਰੂ ਨੇ ਮੈਨੂੰ) ਦਾਸ ਨੂੰ ਹਰੀ ਦਾ ਨਾਮ ਰੂਪ ਲਾਭ ਬਖਸ਼ ਦਿਤਾ ਹੈ, (ਜਿਸ ਨਾਮ ਨੇ ਮੇਰੀ) ਸਾਰੀ ਤ੍ਰਿਸ਼ਨਾ ਲਾਹ ਦਿਤੀ ਹੈ।੧।ਰਹਾਉ। ਹੇ ਸੰਤ ਜਨੋਂ! ਖੋਜਦਿਆਂ ਖੋਜਦਿਆਂ ਮੈਂ ਹਰੀ ਦਾ ਇਕ ਨਾਮ ਰੂਪ ਰਤਨ ਪਾ ਲਿਆ ਹੈ, (ਉਸ ਲਾਲ ਦੀ) ਕੀਮਤ ਕਹੀ ਨਹੀਂ ਜਾ ਸਕਦੀ।੨। ਹੇ ਸੰਤੋ! ਪ੍ਰਭੂ ਦੇ ਚਰਨ ਕਮਲਾਂ ਨਾਲ ਮੇਰਾ ਧਿਆਨ ਲਗ ਗਿਆ ਹੈ, (ਮੇਰੀ ਬਿਰਤੀ) ਸੱਚੇ ਪ੍ਰਭੂ ਦੇ ਦਰਸ਼ਨ ਵਿਚ ਲੀਨ ਹੋ ਗਈ ਹੈ।੩। ਹੇ ਸੰਤੋਂ! ਪ੍ਰਭੂ ਦੇ ਗੁਣ ਗਾਉਂਦਿਆਂ ਅਸੀਂ ਨਿਹਾਲ ਹੋ ਗਏ ਹਾਂ, ਹਰੀ ਦਾ ਨਾਮ ਸਿਮਰਦਿਆਂ (ਇਸ ਲੋਕ ਦੇ ਪਦਾਰਥਾਂ ਵਲੋਂ) ਰੱਜ ਗਏ ਹਾਂ ਤੇ (ਪ੍ਰਲੋਕ ਦੇ ਪਦਾਰਥਾਂ ਵੱਲੋਂ ਵੀ) ਰੱਜ ਗਏ ਹਾਂ।੪। ਹੇ ਸੰਤੋ! ਆਤਮਾ ਰੂਪ ਪ੍ਰਮਾਤਮਾ ਸਾਰੇ ਜੀਵਾਂ ਦੇ ਅੰਦਰ ਰਮਿਆ ਹੋਇਆ ਹੈ, ਹੁਣ ਕਿੱਥੇ ਆਉਣਾ ਹੈ ਅਤੇ ਕਿੱਥੇ ਜਾਣਾ ਹੈ (ਜਨਮ ਮਰਨ ਮੁੱਕ ਗਿਆ ਹੈ)।੫। ਹੇ ਸੰਤੋਂ! ਪ੍ਰਾਮਾਤਮਾ ਆਦਿ ਕਾਲ ਤੋਂ ਮੌਜੂਦ ਹੈ, ਹੁਣ ਵੀ ਹੈ ਤੇ ਭਵਿਖ ਵਿਚ ਵੀ ਸਦਾ ਕਾਇਮ ਰਹੇਗਾ ਅਤੇ ਉਹ ਸਾਰੇ ਜੀਵਾਂ ਦਾ ਸਖ ਦਾਈ ਹੈ।੬। ਹੇ ਸੰਤੋਂ! ਪ੍ਰਭੂ ਆਪ ਬੇਅੰਤ ਹੈ, (ਉਸ ਦਾ) ਅੰਤ ਨਹੀਂ ਪਾਇਆ ਜਾ ਸਕਦਾ ਅਤੇ ਉਹ ਸਭ ਜਗ੍ਹਾ ਪੂਰਨ ਹੋ ਰਿਹਾ ਹੈ।੭। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸੰਤੋ! ਮਿਤ੍ਰ ਸੱਜਣ, ਧਨ ਪਦਾਰਥ, ਜੁਆਂਨੀ, ਪੁਤ੍ਰ ,ਬਾਪ ਅਤੇ ਮਾਂ (ਸਭ ਕੁਛ) ਮੇਰਾ ਹਰੀ ਹੀ ਹੈ।੮।੨।੭।

ਪਦਾਰਥ = ਸਿਖਹੁ–ਸਿੱਖ ਲਵੋ। ਪਿਆਰਿਹੋ–ਹੇ ਪਿਆਰਿਓ!। ਟੇਕ–ਆਸਰਾ। ਮੁਖੁ–ਮੂੰਹ। ਊਜਲ–ਸਾਫ; ਬੇਦਾਗ। ਏਕ–ਇਕ ਪ੍ਰਭੂ। ਸਿਮਰਤ–ਸਿਮਰਦਿਆਂ।੧। ਤਨੁ–ਸਰੀਰ। ਰਾਤਾ–ਰੰਗਿਆ ਹੈ। ਰਾਮ–ਸਰਬ ਵਿਆਪਕ ਪ੍ਰਮਾਤਮਾ। ਬਨਿ ਆਈ–ਮਿਤ੍ਰਤਾ ਬਣ ਗਈ ਹੈ। ਸੰਤਹੁ–ਹੇ ਸੰਤ ਜਨੋਂ!। ਸਤਿਗੁਰਿ–ਸਤਿਗੁਰੂ ਨੇ। ਖੇਪ–ਵਪਾਰ ਦਾ ਮਾਲ। ਨਿਬਾਹੀ–ਸਿਰੇ ਲਗਾ ਦਿਤਾ। ਲਾਹਾ–ਲਾਭ। ਕਉ–ਨੂੰ। ਦੀਆ–ਦਿਤਾ। ਸਗਲੀ–ਸਾਰੀ। ਉਲਾਹੀ–ਲਾਹ (ਦੂਰ ਕਰ) ਦਿਤੀ।੧। ਰਹਾਉ। ਖੋਜਤ ਖੋਜਤ–ਖੋਜ ਕਰਦਿਆਂ ਕਰਦਿਆਂ। ਲਾਲੁ–ਨਾਮ ਰੂਪ ਅਮੋਲਕ ਰਤਨ।੨। ਚਰਨ ਕਮਲ–ਕਮਲ ਫੁੱਲ ਵਰਗੇ ਸੁੰਦਰ ਚਰਨ। ਸਿਉ–ਨਾਲ। ਸਾਚੈ–ਸੱਚੇ ਪ੍ਰਭੂ ਦੇ। ਦਰਸਿ–ਦਰਸ਼ਨ ਵਿਚ। ਸਮਾਈ–ਲੀਨ ਹੋ ਗਈ।੩। ਗਾਵਤ–ਗਾਉਂਦਿਆਂ। ਭਏ ਨਿਹਾਲਾ–ਨਿਹਾਲ (ਦੁੱਖ ਰਹਿਤ) ਹੋਏ ਹਾਂ। ਤ੍ਰਿਪਤਿ–ਰੱਜ ਗਏ ਹਾਂ। ਅਘਾਈ–ਰੱਜ ਗਏ ਹਾਂ।੪। ਆਤਮ ਰਾਮੁ–ਆਤਮਾ ਰੂਪ ਪ੍ਰਮਾਤਮਾ। ਰਵਿਆ–ਫੈਲਿਆ ਹੈ। ਅੰਤਰਿ–ਅੰਦਰ। ਕਤ–ਕਿੱਥੇ।੫। ਆਦਿ ਜੁਗਾਦੀ–ਆਦਿ ਕਾਲ ਤੋਂ। ਹੈ ਭੀ–ਹੁਣ ਇਸ ਵੇਲੇ ਵੀ ਮੌਜੂਦ ਹੈ। ਹੋ ਸੀ–ਭਵਿਖ ਵਿਚ ਵੀ ਸਦਾ ਕਾਇਮ ਰਹੇਗਾ। ਸਭ ਜੀਆ ਕਾ–ਸਾਰੇ ਜੀਵਾਂ ਦਾ। ਸੁਖਦਾਈ–ਸੁਖ ਦੇਣ ਵਾਲਾ।੬। ਪੂਰਿ ਰਹਿਆ–ਵਿਆਪਕ ਹੈ। ਸਭ ਠਾਈ–ਸਭ ਜਗ੍ਹਾ।੭। ਮੀਤ–ਮਿਤ੍ਰ। ਮਾਲੁ–ਧਨ ਪਦਾਰਥ। ਜੋਬਨੁ–ਜਵਾਨੀ–ਸੁਤ–ਪੁਤ੍ਰ। ਬਾਲੁ–ਪਿਤਾ। ਮਾਈ–ਮਾਂ।੭।੨।੭।

ਰਾਮਕਲੀ ਮਹਲਾ ੫ ॥ ਮਨ ਬਚ ਕ੍ਰਮਿ ਰਾਮ ਨਾਮੁ ਚਿਤਾਰੀ ॥ ਘੂਮਨ ਘੇਰਿ ਮਹਾ ਅਤਿ ਬਿਖੜੀ, ਗੁਰਮੁਖਿ ਨਾਨਕ ਪਾਰਿ ਉਤਾਰੀ ॥੧॥ਰਹਾਉ॥ ਅੰਤਰਿ ਸੂਖਾ ਬਾਹਰਿ ਸੂਖਾ, ਹਰਿ ਜਪਿ ਮਲਨ ਭਏ ਦੁਸਟਾਰੀ ॥੧॥ ਜਿਸ ਤੇ ਲਾਗੇ ਤਿਨਹਿ ਨਿਵਾਰੇ, ਪ੍ਰਭ ਜੀਉ ਅਪਣੀ ਕ੍ਰਿਪਾ ਧਾਰੀ ॥੨॥ ਉਧਰੇ ਸੰਤ ਪਰੇ ਹਰਿ ਸਰਨੀ, ਪਚਿ ਬਿਨਸੇ ਮਹਾ ਅਹੰਕਾਰੀ ॥੩॥ ਸਾਧੂ ਸੰਗਤਿ ਇਹੁ ਫਲੁ ਪਾਇਆ, ਇਕੁ ਕੇਵਲ ਨਾਮੁ ਅਧਾਰੀ ॥੪॥ ਨ ਕੋਈ ਸੂਰੁ ਨ ਕੋਈ ਹੀਣਾ, ਸਭ ਪ੍ਰਗਟੀ ਜੋਤਿ ਤੁਮ੍ਹਾਰੀ ॥੫॥ ਤੁਮ੍ ਸਮਰਥ ਅਕਥ ਅਗੋਚਰ, ਰਵਿਆ ਏਕੁ ਮੁਰਾਰੀ ॥੬॥ ਕੀਮਤਿ ਕਉਣੁ ਕਰੇ ਤੇਰੀ ਕਰਤੇ, ਪ੍ਰਭ ਅੰਤੁ ਨ ਪਾਰਾਵਾਰੀ ॥੭॥

ਨਾਮ ਦਾਨੁ ਨਾਨਕ ਵਡਿਆਈ, ਤੇਰਿਆ ਸੰਤ ਜਨਾ ਰੇਣਾਰੀ ॥੮॥੩॥੮॥੨੨॥ (ਹੇ ਭਾਈ!) ਮੈਂ ਮਨ, ਬਚਨ ਅਤੇ ਕਰਮ ਦੁਆਰਾ ਰਾਮ ਦਾ ਨਾਮ ਸਿਮਰਦਾ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਜੀਵਨ ਤਿੰਨ ਗੁਣਾਂ ਦੀ ਵੱਡੀ ਘੁੰਮਣ ਘੇਰੀ ਹੈ, (ਜਿਸ ਵਿਚੋਂ ਪਾਰ ਹੋਣਾ) ਬਹੁਤ ਕਠਨ ਹੈ, ਗੁਰੂ ਨੇ (ਕ੍ਰਿਪਾ ਕਰਕੇ ਮੈਨੂੰ ਇਸ ਵਿਚੋਂ) ਪਾਰ ਉਤਾਰ ਦਿਤਾ ਹੈ।੧। ਰਹਾਉ। (ਹੇ ਭਾਈ!) ਹਰੀ ਦਾ ਨਾਮ ਜਪਣ ਕਰਕੇ ਪੰਜ ਕਾਮਾਦਿਕ ਦੁਸ਼ਟ ਨਾਸ਼ ਹੋ ਗਏ ਹਨ, (ਜਿਸ ਦੇ ਕਾਰਣ ਮਨ ਦੇ) ਅੰਦਰ ਵੀ ਸੁਖ ਅਤੇ ਬਾਹਰ ਵੀ ਸੰਸਾਰਕ ਸੁਖ ਪ੍ਰਾਪਤ ਹੋ ਗਏ ਹਨ।੧। (ਹੇ ਭਾਈ!) ਜਿਸ ਪ੍ਰਭੂ ਦੇ ਹੁਕਮ ਤੋਂ (ਇਹ ਦੁਸ਼ਟ) ਲੱਗੇ ਸਨ, ਉਸ ਪ੍ਰਭੂ ਨੇ ਹੀ ਅਪਣੀ ਕ੍ਰਿਪਾ ਕਰਕੇ (ਇਹ ਦੁਸ਼ਟ) ਦੂਰ ਕਰ ਦਿਤੇ ਹਨ।੨। (ਹੇ ਭਾਈ!) ਸੰਤ ਪ੍ਰਭੂ ਦੀ ਸ਼ਰਨ ਵਿਚ ਪਏ ਹਨ, (ਜਿਸ ਕਰਕੇ ਉਹ ਸੰਸਾਰ ਸਮੁੰਦਰ ਤੋਂ) ਤਰ ਗਏ ਹਨ, (ਪਰ) ਵੱਡੇ ਹੰਕਾਰੀ ਮਨੁੱਖ (ਤ੍ਰਿਸ਼ਨਾ ਦੀ ਅੱਗ ਵਿਚ) ਸੜ ਕੇ ਨਾਸ਼ ਹੋ ਗਏ ਹਨ।੩। (ਸੰਤਾਂ ਦਾ) ਆਸਰਾ ਕੇਵਲ ਪ੍ਰਭੂ ਦਾ ਇਕ ਨਾਮ ਹੀ ਹੈ, (ਉਨ੍ਹਾਂ ਨੇ) ਸਾਧ ਸੰਗਤ ਵਿਚ ਮਿਲ ਕੇ ਇਹ ਫਲ ਪਾਇਆ ਹੈ।੪। (ਹੇ ਪ੍ਰਭੂ! ਅਪਣੇ ਆਪ) ਨਾ ਕੋਈ ਮਨੁੱਖ ਸੂਰਮਾ ਹੈ ਅਤੇ ਨਾ ਹੀ ਕੋਈ ਮਨੁੱਖ ਕਾਇਰ ਹੈ, ਸਾਰੇ ਜੀਵਾਂ ਵਿਚ ਤੇਰੀ ਹੀ ਜੋਤ ਪ੍ਰਗਟ ਹੋ ਰਹੀ ਹੈ।੫। ਹੇ ਪ੍ਰਭੂ! ਤੂੰ ਸਰਬ ਸ਼ਕਤੀਮਾਨ, ਕਥਨ ਕਰਨ ਤੋਂ ਰਹਿਤ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈਂ, ਇਕ ਤੂੰ ਹੀ (ਸਭ ਜਗ੍ਹਾ) ਵਿਆਪਕ ਹੋ ਰਿਹਾ ਹੈਂ।੬। ਹੇ ਕਰਤਾਰ! ਤੇਰੀ ਕੀਮਤ ਕੌਣ ਕਥਨ ਕਰ ਸਕਦਾ ਹੈ? ਹੇ ਪ੍ਰਭੂ! ਤੇਰੇ ਪਾਰ ਤੇ ਉਰਾਰ ਦਾ ਕੋਈ ਅੰਤ ਨਹੀਂ ਹੈ।੭। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਭੂ!) ਤੇਰੇ ਸੰਤ ਜਨਾਂ ਦੀ ਚਰਨ ਧੂੜ ਮਿਲ ਜਾਣ ਨਾਲ ਨਾਮ ਦਾ ਦਾਨ ਅਤੇ (ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ।੮।੩।੮।੨੨।

ਪਦਾਰਥ = ਮਨ–ਮਨ ਰਾਹੀਂ। ਬਚ–ਬੋਲਾਂ ਰਾਹੀਂ। ਕ੍ਰਮਿ–ਕਰਮ ਰਾਹੀਂ। ਰਾਮ–ਵਿਆਪਕ ਪ੍ਰਮਾਤਮਾ। ਚਿਤਾਰੀ–ਸਿਮਰਦਾ ਹਾਂ। ਘੂਮਨ ਘੇਰਿ–ਘੁੰਮਣ ਘੇਰੀ (ਤਿੰਨ ਗੁਣਾਂ ਦਾ ਚੱਕਰ)। ਮਹਾ–ਵੱਡੀ। ਅਤਿ–ਬਹੁਤ। ਬਿਖੜੀ–ਕਠਨ। ਗੁਰਮੁਖਿ–ਗੁਰੂ ਨੇ।੧। ਰਹਾਉ। ਅੰਤਰਿ–ਮਨ ਦੇ ਅੰਦਰ। ਸੂਖਾ–ਸੁਖ। ਬਾਹਰਿ–ਬਾਹਰ ਸੰਸਾਰ ਵਿਚ। ਜਪਿ–ਜਪਣ ਕਰਕੇ। ਮਲਨ ਭਏ–ਨਾਸ਼ ਹੋ ਗਏ। ਦੁਸਟਾਰੀ–ਕਾਮਾਦਿਕ ਵੈਰੀ।੧। ਜਿਸ ਤੇ–ਜਿਸ ਤੋਂ। ਲਾਗੇ–ਲੱਗੇ (ਚਿੰਬੜੇ) ਸਨ। ਤਿਨਹਿ–ਉਸ ਨੇ ਹੀ। ਧਾਰੀ–ਕਰਕੇ।੨। ਉਧਰੇ–ਤਰ ਗਏ ਹਨ। ਪਰੇ–ਪਏ ਹਨ। ਸਰਨੀ–ਸ਼ਰਨ ਵਿਚ। ਪਚਿ–ਸੜ ਕੇ। ਬਿਨਸੇ–ਨਾਸ਼ ਹੋ ਗਏ ਹਨ।੩। ਅਧਾਰੀ–ਆਸਰਾ ।੪। ਸੂਰੁ–ਸੂਰਮਾ। ਹੀਣਾ–ਕਾਇਰ; ਕਮਜੋਰ। ਸਭ–ਸਾਰੇ (ਜੀਵਾਂ ਵਿਚ)। ਤੁਮ੍ਹਾਰੀ–ਤੇਰੀ।੫। ਸਮਰਥ–ਸਰਬ ਸ਼ਕਤੀ ਮਾਨ। ਅਕਥ–(ਅਕੱਥ ਪੜ੍ਹੋ) ਜਿਸ ਨੂੰ ਪੂਰਨ ਤੌਰ ਤੇ ਬਿਆਨ ਨਹੀਂ ਕੀਤਾ ਜਾ ਸਕਦਾ। ਅਗੋਚਰ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਰਵਿਆ–ਵਿਆਪਕ। ਮੁਰਾਰੀ–ਹੰਕਾਰ ਦਾ ਨਾਸ਼ ਕਰਨ ਵਾਲਾ ਪ੍ਰਭੂ।੬। ਕਰਤੇ–ਹੇ ਕਰਤਾਰ!। ਪਾਰਾਵਾਰੀ–ਪਾਰਲਾ ਤੇ ਉਰਲਾ ਕਿਨਾਰਾ।੭। ਸੰਤ ਜਨਾ–ਸੰਤ ਜਨਾਂ ਦੀ। ਰੇਣਾਰੀ–ਚਰਨ ਧੂੜ।੮।੩।੮।੨੨।

ਉਥਾਨਕਾ = ਅਨੰਦ ਸਾਹਿਬ ਪਵਿਤ੍ਰ ਬਾਣੀ ਦੇ ਰਚਨਹਾਰ ਸ੍ਰੀ ਗੁਰੂ ਅਮਰਦਾਸ ਜੀ ਹਨ। ਗੁਰ ਪ੍ਰਾਤਪ ਸੂਰਜ ਪ੍ਰਕਾਸ਼ ਵਿਚ ਕਵੀ ਭਾਈ ਸੰਤੋਖ ਸਿੰਘ ਜੀ ਨੇ ਅਨੰਦ ਸਾਹਿਬ ਬਾਣੀ ਵਾਰੇ ਲਿਖਿਆ ਹੈ ਕਿ ਇਕ ਦਿਨ ਗੁਰੂ ਅਮਰਦਾਸ ਜੀ ਪਾਵਨ ਤਖਤ ਤੇ ਬਿਰਾਜਮਾਨ ਸਨ। ਆਪ ਜੀ ਦੇ ਦਰਸ਼ਨ ਕਰਨ ਇਕ ਸਿੱਧ ਪੁਰਖ ਆਇਆ ਅਤੇ ਬੜੇ ਪਿਆਰ ਅਤੇ ਸਤਕਾਰ ਨਾਲ ਸਤਿਗੁਰੂ ਜੀ ਨੂੰ ਨਮਸ਼ਕਾਰ ਕੀਤੀ। ਉਹ ਸਿੱਧ ਪੁਰਖ ਕਹਿਣ ਲੱਗਾ ਕਿ ਮੇਰੇ ਅੰਦਰ ਆਪ ਜੀ ਦੇ ਦਰਸ਼ਨ ਕਰਨ ਦੀ ਇੱਛਾ ਸੀ। ਮੈਂ ਕਈ ਤਰ੍ਹਾਂ ਦੇ ਤਪ ਅਤੇ ਜੋਗ ਸਾਧਨਾ ਕਰਕੇ ਕਈ ਤਰ੍ਹਾਂ ਦੀਆਂ ਕਰਾਮਾਤਾਂ ਹਾਸਲ ਕਰ ਲਈਆਂ ਹਨ। ਇਨ੍ਹਾਂ ਕਰਾਮਾਤਾਂ ਦੇ ਬਲ ਨਾਲ ਮੈਂ ਕਈ ਅਮੀਰ ਲੋਕਾਂ ਨੂੰ ਅਪਣੇ ਅਧੀਨ ਕਰਕੇ ਵੀ ਦੇਖ ਲਿਆ ਹੈ। ਲੋਕਾਂ ਕੋਲੋਂ ਅਪਣੀ ਪੂਜਾ ਪਤਿਸ਼ਟਾ ਕਰਾ ਕੇ ਦੇਖ ਲਈ ਹੈ। ਇਤਨੀਆਂ ਵੱਡੀਆਂ ਘਾਲਾਂ ਘਾਲਣ ਪਿੱਛੋਂ ਵੀ ਮੇਰੇ ਮਨ ਨੂੰ ਅਜੇ ਤਕ ਸ਼ਾਂਤੀ ਨਹੀਂ ਮਿਲੀ ਅਤੇ ਨਾ ਹੀ ਆਤਮਕ ਅਨੰਦ ਮਿਲਿਆ ਹੈ। ਮੇਰੇ ਤੇ ਕ੍ਰਿਪਾ ਕਰੋ, ਮੈਨੂੰ ਹੁਣ ਆਪ ਜੀ ਦੀ ਸ਼ਰਣ ਵਿਚ ਰੱਖੋ ਅਤੇ ਅਜੇਹਾ ਉਪਦੇਸ਼ ਬਖਸ਼ੋ, ਜਿਸ ਨਾਲ ਮੈਨੂੰ ਸ਼ਾਂਤੀ ਅਤੇ ਆਤਮਕ ਅਨੰਦ ਮਿਲੇ। ਸਿੱਧ ਦੀ ਬੇਨਤੀ ਸੁਣ ਕੇ ਸਤਿਗੁਰੂ ਅਮਰਦਾਸ ਜੀ ਆਖਣ ਲੱਗੇ ਕਿ ਹੇ ਅਨੰਦ ਦੇ ਚਾਹਵਾਨ ਪੁਰਖ! ਤੂੰ ਅਪਣਾ ਸਰੀਰ ਤਿਆਗ ਕੇ ਨਵਾਂ ਜਨਮ ਲੈ ਕੇ ਸਾਡੇ ਪਾਸ ਆਈਂ। ਫਿਰ ਅਸੀਂ ਤੈਨੂੰ ਅਨੰਦ ਦੀ ਪ੍ਰਾਪਤ ਕਰਾਵਾਂਗੇ। ਗੁਰੂ ਜੀ ਦੇ ਇਹ ਬਚਨ ਸੁਣ ਕੇ ਉਸ ਨੇ ਅਪਣਾ ਸਰੀਰ ਤਿਆਗ ਦਿਤਾ ਅਤੇ ਮੁੜ ਗੁਰੂ ਜੀ ਦੇ ਪੁਤ੍ਰ ਬਾਬਾ ਮੋਹਰੀ ਜੀ ਦੇ ਘਰ ਵਿਚ ਜਨਮ ਲਿਆ। ਅੰਤਰਜਾਮੀ ਸਤਿਗੁਰੂ ਜੀ ਨੂੰ ਇਸ ਕੌਤਕ ਬਾਰੇ ਪਤਾ ਸੀ। ਗੁਰੂ ਜੀ ਨੇ ਅਪਣੇ ਇਕ ਸੇਵਕ ਭਾਈ ਬੱਲੂ ਜੀ ਨੂੰ ਹੁਕਮ ਕੀਤਾ ਕਿ ਮੋਹਰੀ ਦੇ ਘਰ ਜਿਹੜਾ ਬਾਲਕ ਜਨਮਿਆ ਹੈ, ਉਸ ਨੂੰ ਚੁੱਕ ਲਿਆ। ਗੁਰੂ ਜੀ ਦਾ ਹੁਕਮ

ਮੰਨ ਕੇ ਭਾਈ ਬੱਲੂ ਨਵ ਜੰਮੇ ਬਾਲਕ ਨੂੰ ਕਪੜਿਆਂ ਵਿਚ ਲਪੇਟ ਕੇ ਚੁੱਕ ਲੈ ਆਇਆ। ਗੁਰੂ ਜੀ ਨੇ ਅਪਣੇ ਨਵਜੰਮੇ ਪੋਤਰੇ ਨੂੰ ਅਪਣੀ ਗੋਦ ਵਿਚ ਲਿਆ ਅਤੇ ਆਖਿਆ ਕਿ ਇਹ ਵੱਡਾ ਸੰਤ ਅਨੰਦ ਦੀ ਪ੍ਰਾਪਤੀ ਵਾਸਤੇ ਸਾਡੇ ਘਰ ਵਿਚ ਜਨਮਿਆ ਹੈ। ਇਸ ਬੱਚੇ ਦਾ ਨਾਉਂ ਅਨੰਦ ਰਖਦੇ ਹਾਂ ਅਤੇ ਇਸ ਦੇ ਜਨਮ ਦੀ ਖੁਸ਼ੀ ਵਿਚ ਅਨੰਦ ਸਾਹਿਬ ਦੀ ਬਾਣੀ ਉਚਾਰਾਂਗੇ। ਇਸ ਬਾਣੀ ਨੂੰ ਪੜ੍ਹ ਕੇ ਕਲਜੁਗੀ ਜੀਵਾਂ ਦੀ ਮਨੋਕਾਮਨਾ ਪੂਰੀ ਹੋਵੇਗੀ ਅਤੇ ਆਤਮਕ ਅਨੰਦ ਦੀ ਪ੍ਰਾਪਤੀ ਹੋਵੇਗੀ। ਗੁਰੂ ਜੀ ਨੇ ਅਪਣੇ ਇਸ ਪੋਤ੍ਰੇ ਨੂੰ ਗੋਦ ਵਿਚ ਲੈ ਕੇ ਬਾਣੀ ਉਚਾਰਨ ਕਰਦੇ ਗਏ, ਇਸ ਬਾਣੀ ਦਾ ਨਾਮ ਸਤਿਗੁਰੂ ਜੀ ਨੇ 'ਅਨੰਦੁ' ਰੱਖਿਆ। ਬਾਦ ਵਿਚ ਗੁਰੂ ਜੀ ਨੇ ਭਾਈ ਬੱਲੂ ਰਾਹੀਂ ਬੱਚੇ ਨੂੰ ਉਸ ਦੀ ਮਾਂ ਕੋਲ ਭੇਜ ਦਿਤਾ। ਇਹ ਵਾਰਤਾ ਸੰਮਤ ੧੬੧੭ (ਸੰਨ ੧੫੬੦) ਦੀ ਹੈ। ਇਹ ਬਾਣੀ ਸੱਚਾ ਆਤਮਕ ਅਨੰਦ ਬਖਸ਼ਣ ਵਾਲੀ ਹੈ ਅਤੇ ਅੰਮ੍ਰਿਤ ਸੰਚਾਰ ਦੀ ਸੰਪੂਰਨਤਾ ਵੇਲੇ ਵੀ ਪੜ੍ਹੀ ਜਾਂਦੀ ਹੈ। ਅਨੰਦ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ, ਗੁਰੂ ਅਮਰਦਾਸ ਜੀ ਨੇ ਅਨੰਦ ਪ੍ਰਾਪਤ ਕਰਨ ਦੇ ਸਾਧਨਾਂ ਨੂੰ ਬੜੇ ਸਰਲ ਭਾਵਾਂ ਵਿਚ ਉਚਾਰਿਆ ਹੈ। ਇਹ ਬਾਣੀ ਖੁਸ਼ੀ ਤੇ ਗਮੀ ਸਮੇਂ ਪਾਠ ਅਤੇ ਕੀਰਤਨ ਪਿੱਛੋਂ ਸਦਾ ਪੜ੍ਹੀ ਜਾਂਦੀ ਹੈ।

ਅਨੰਦੁ ਸਾਹਿਬ ਬਾਣੀ ਦਾ ਵਿਸ਼ਾ = ਰਾਗ ਰਾਮਕਲੀ ਵਿਚ ਗੁਰੂ ਅਮਰਦਾਸ ਜੀ ਦੀ ਇਹ ਇਕ ਮਹਾਨ ਰਚਨਾ ਹੈ। ਰਾਮਕਲੀ ਰਾਗ ਜੋਗੀਆਂ ਸਿੱਧਾਂ ਦਾ ਬੜਾ ਪਿਆਰਾ ਰਾਗ ਹੈ। ਅਨੰਦ ਸਾਹਿਬ ਬਾਣੀ ਵਿਚ ਜੋਗੀਆਂ ਵੱਲੋਂ ਵਰਤੇ ਜਾਂਦੇ ਸ਼ਬਦ ਨੌਂ ਨਿਧੀਆਂ, ਗੁਫਾ, ਨਉ ਦੁਆਰੇ ਤੇ ਦਸਮ ਦੁਆਰ ਆਦਿ ਮੌਜੂਦ ਹਨ। ਗੁਰੂ ਜੀ ਨੇ ਅਨੰਦ ਸਾਹਿਬ ਵਿਚ ਅਮੋਲਕ ਵਸਤੂ, ਮਾਇਆ ਦਾ ਰੂਪ, ਮਾਇਆ ਦਾ ਜੀਵਾਤਮਾ ਤੇ ਹੋਣ ਵਾਲਾ ਅਸਰ, ਸੱਚੀ ਅਤੇ ਕੱਚੀ ਬਾਣੀ ਦਾ ਫਰਕ, ਤੱਤ ਗਿਆਨ, ਸਾਚੀ ਲਿਵ, ਸਾਚਾ ਸੋਹਿਲਾ, ਸਹਜ, ਅਨਹਦ ਵਾਜੇ ਆਦਿ ਕਈ ਵਿਸ਼ਿਆਂ ਨੂੰ ਉਜਾਗਰ ਕੀਤਾ ਹੈ। ਇਨ੍ਹਾਂ ਸਾਰੇ ਵਿਸ਼ਿਆਂ ਦੀ ਜਾਣਕਾਰੀ ਦੇ ਕੇ ਉਪਦੇਸ਼ ਇਹ ਦਿਤਾ ਗਿਆ ਹੈ ਕਿ ਆਤਮਕ ਅਨੰਦ ਹੀ ਮਨੁੱਖਾ ਜਨਮ ਦਾ ਅਸਲ ਪ੍ਰਯੋਜਨ ਹੈ, ਜੋ ਕੇਵਕ ਸਤਿਗੁਰੂ ਦੀ ਸ਼ਰਣ ਵਿਚ ਜਾ ਕੇ ਪ੍ਰਾਪਤ ਹੋ ਸਕਦਾ ਹੈ। ਸਗਲ ਮਨੋਰਥ ਪੂਰੇ ਕਰਨ ਵਾਲੀ ਇਸ ਸੱਚੀ ਬਾਣੀ ਨੂੰ ਪੜ੍ਹਨ ਤੇ ਸੁਣਨ ਵਾਲੇ ਸਾਰੇ ਮਨੁੱਖ ਪਾਵਨ ਪਵਿਤ੍ਰ ਹੋ ਜਾਂਦੇ ਹਨ। ਇਸ ਬਾਣੀ ਦੇ ਅਰੰਭ ਵਿਚ 'ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ' ਅਤੇ ਅੰਤ ਵਿਚ 'ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ' ਦੁਆਰਾ ਆਤਮਕ ਅਨੰਦ ਪ੍ਰਾਪਤ ਹੋ ਕੇ ਅੰਤਰ ਆਤਮੇ ਅਨਹਦ ਵਾਜੇ ਵਜਣ ਲਗ ਜਾਂਦੇ ਹਨ। ਜਿਸ ਨਾਲ ਮਨੁੱਖ ਦਾ ਜਗਤ ਵਿਚ ਆਇਆ ਸਫਲ ਹੋ ਜਾਂਦਾ ਹੈ।

ਅੰਗ ੯੧੭ = ਰਾਮਕਲੀ ਮਹਲਾ ੩ ਅਨੰਦੁ ੴ ਸਤਿਗੁਰ ਪ੍ਰਸਾਦਿ ॥ ਅਨੰਦੁ ਭਇਆ ਮੇਰੀ ਮਾਏ, ਸਤਿਗੁਰੂ ਮੈ ਪਾਇਆ ॥ ਸਤਿਗੁਰੁ ਤ ਪਾਇਆ ਸਹਜ ਸੇਤੀ, ਮਨਿ ਵਜੀਆ ਵਾਧਾਈਆ ॥ ਰਾਗ ਰਤਨ ਪਰਵਾਰ ਪਰੀਆ, ਸਬਦ ਗਾਵਣ ਆਈਆ ॥ ਸਬਦੋ ਤ ਗਾਵਹੁ ਹਰੀ ਕੇਰਾ, ਮਨਿ ਜਿਨੀ ਵਸਾਇਆ ॥ ਕਹੈ ਨਾਨਕੁ ਅਨੰਦੁ ਹੋਆ, ਸਤਿਗੁਰੂ ਮੈ ਪਾਇਆ ॥੧॥ ਏ ਮਨ ਮੇਰਿਆ, ਤੂ ਸਦਾ ਰਹੁ ਹਰਿ ਨਾਲੇ ॥ ਹਰਿ ਨਾਲਿ ਰਹੁ ਤੂ ਮੰਨ ਮੇਰੇ, ਦੂਖ ਸਭਿ ਵਿਸਾਰਣਾ ॥ ਅੰਗੀਕਾਰੁ ਓਹੁ ਕਰੇ ਤੇਰਾ, ਕਾਰਜ ਸਭਿ ਸਵਾਰਣਾ ॥ ਸਭਨਾ ਗਲਾ ਸਮਰਥੁ ਸੁਆਮੀ, ਸੋ ਕਿਉ ਮਨਹੁ ਵਿਸਾਰੇ ॥ ਕਹੈ ਨਾਨਕੁ ਮੰਨ ਮੇਰੇ, ਸਦਾ ਰਹੁ ਹਰਿ ਨਾਲੇ ॥੨॥ ਪ੍ਰਮਾਤਮਾ ਇਕ ਹੈ, ਉਹ ਸੱਚੇ ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ। ਹੇ ਭਾਈ! (ਮੇਰੇ ਹਿਰਦੇ ਅੰਦਰ ਉਸ ਵੇਲੇ ਤੋਂ ਹੀ) ਅਨੰਦ ਪ੍ਰਾਪਤ ਹੋ ਗਿਆ, (ਜਦ ਤੋਂ) ਮੈਂ ਸਤਿਗੁਰੂ ਪ੍ਰਾਪਤ ਕਰ ਲਿਆ ਹੈ। (ਜਦ ਮੈਂ) ਸਤਿਗੁਰੂ ਨੂੰ ਪਾਇਆ ਤਾਂ ਮੈਂ ਅਸਲ ਗਿਆਨ ਸਹਿਤ ਹੋ ਗਿਆ ਹਾਂ, (ਇਸੇ ਕਰਕੇ ਮੇਰੇ) ਮਨ ਵਿਚ ਖੁਸ਼ੀਆਂ ਪ੍ਰਗਟ ਹੋਈਆਂ ਹਨ। (ਇਉਂ ਲਗਦਾ ਹੈ ਕਿ ਇਨ੍ਹਾਂ ਖੁਸ਼ੀਆਂ ਵਿਚ) ਅਮੋਲਕ ਰਾਗ ਅਪਣੇ ਪ੍ਰਵਾਰਾਂ ਅਤੇ ਰਾਗਣੀਆਂ ਸਮੇਤ ਸ਼ਬਦ ਗਾਉਣ ਆਏ ਹਨ। (ਹੇ ਭਾਈ ਜਨੋਂ! ਜੇ ਤੁਸੀਂ ਗਾਉਣਾ ਹੈ) ਤਾਂ ਹਰੀ ਦੀ ਸਿਫਤ ਸਲਾਹ ਦਾ ਸ਼ਬਦ ਗਾਓ, (ਉਨ੍ਹਾਂ ਨਾਲ ਮਿਲ ਕੇ ਗਾਓ) ਜਿਨ੍ਹਾਂ ਪੁਰਖਾਂ ਨੇ ਹਰੀ ਨੂੰ ਮਨ ਵਿਚ ਵਸਾਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਨੂੰ ਆਤਮਕ ਅਨੰਦ ਪ੍ਰਾਪਤ ਹੋਇਆ ਹੈ, (ਕਿਉਂਕਿ) ਮੈਂ ਸਤਿਗੁਰੂ ਨੂੰ ਪ੍ਰਾਪਤ ਕਰ ਲਿਆ ਹੈ।੧। ਹੇ ਮੇਰੇ ਮਨ! ਤੂੰ ਸਦਾ ਹਰੀ ਦੇ ਨਾਲ ਜੁੜਿਆ ਰਹੁ। ਹੇ ਮੇਰੇ ਮਨ! ਤੂੰ ਹਰੀ ਨਾਲ ਜੁੜਿਆ ਰਹੁ ,(ਜੋ ਤੇਰੇ) ਸਾਰੇ ਦੁਖ ਦੂਰ ਕਰਨ ਵਾਲਾ ਹੈ। ਉਹ ਹਰੀ ਤੇਰਾ ਪੱਖ ਕਰਨ ਵਾਲਾ ਹੈ ਅਤੇ ਸਾਰੇ ਕੰਮ ਸਵਾਰਨ ਵਾਲਾ ਹੈ। ਮਾਲਕ ਪ੍ਰਭੂ ਸਾਰੀਆਂ ਗੱਲਾਂ ਕਰਨ ਦੇ ਯੋਗ ਹੈ, ਤੂੰ ਉਸ ਨੂੰ ਮਨ ਵਿਚੋਂ ਕਿਉਂ ਭੁਲਾਉਂਦਾ ਹੈਂ? ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੇ ਮਨ! ਤੂੰ ਸਦਾ ਹਰੀ ਨਾਲ ਜੁੜਿਆ ਰਹੁ।੨।

ਪਦਾਰਥ = ਅਨੰਦੁ-ਬਾਣੀ ਦਾ ਨਾਮ ਹੈ; ਪੂਰਨ ਖੁਸ਼ੀ। ਭਇਆ-ਹੋਇਆ। ਮਾਏ-ਹੇ ਭਾਈ!। ਤ-ਤਾਂ। ਪਾਇਆ-ਪ੍ਰਾਪਤ ਹੋ

ਗਿਆ।ਸਹਜ ਸੇਤੀ–ਅਸਲ ਗਿਆਨ ਜਾਂ ਕੁਦਰਤੀ ਪਿਆਰ ਵਾਲੀ ਅਵਸਥਾ ਨਾਲ।ਮਨਿ–ਮਨ ਵਿਚ।ਵਜੀਆ–ਪ੍ਰਗਟ ਹੋਈਆਂ ਹਨ।ਵਾਧਾਈਆ–ਖੁਸ਼ੀਆਂ।ਰਾਗ ਰਤਨ–ਅਮੋਲਕ ਰਾਗ।ਪਰੀਆ–ਰਾਗਾਂ ਦੀਆਂ ਰਾਗਣੀਆਂ।ਕੇਰਾ–ਦਾ।ਜਿਨੀ–ਜਿਨ੍ਹਾਂ ਨੇ।੧।ਏ ਮਨ ਮੇਰਿਆ–ਹੇ ਮੇਰੇ ਮਨ!।ਵਿਸਾਰਣਾ–ਦੂਰ ਕਰਨ ਵਾਲਾ।ਅੰਗੀਕਾਰੁ–ਪੱਖ; ਸਹਾਇਤਾ।ਕਾਰਜ–ਕੰਮ।ਸਵਾਰਣਾ–ਪੂਰੇ ਕਰ ਦੇਣ ਵਾਲਾ ਹੈ।ਸਮਰਥ–ਕਰਨ ਯੋਗ ਹੈ।ਸੋ–ਉਸ ਨੂੰ।ਮਨਹੁ–ਮਨ ਤੋਂ।ਵਿਸਾਰੇ–ਭੁਲਾਉਂਦਾ ਹੈਂ।੨।

ਸਾਚੇ ਸਾਹਿਬਾ, ਕਿਆ ਨਾਹੀ ਘਰਿ ਤੇਰੈ ॥ ਘਰਿ ਤ ਤੇਰੈ ਸਭੁ ਕਿਛੁ ਹੈ, ਜਿਸੁ ਦੇਹਿ ਸੁ ਪਾਵਏ ॥ ਸਦਾ ਸਿਫਤਿ ਸਲਾਹ ਤੇਰੀ, ਨਾਮੁ ਮਨਿ ਵਸਾਵਏ ॥ ਨਾਮੁ ਜਿਨ ਕੈ ਮਨਿ ਵਸਿਆ, ਵਾਜੇ ਸਬਦ ਘਨੇਰੇ ॥ ਕਹੈ ਨਾਨਕੁ ਸਚੇ ਸਾਹਿਬ, ਕਿਆ ਨਾਹੀ ਘਰਿ ਤੇਰੈ ॥੩॥ ਸਾਚਾ ਨਾਮੁ ਮੇਰਾ ਆਧਾਰੋ ॥ ਸਾਚੁ ਨਾਮੁ ਅਧਾਰੁ ਮੇਰਾ, ਜਿਨਿ ਭੁਖਾ ਸਭਿ ਗਵਾਈਆ ॥ ਕਰਿ ਸਾਂਤਿ ਸੁਖ ਮਨਿ ਆਇ ਵਸਿਆ, ਜਿਨਿ ਇਛਾ ਸਭਿ ਪੁਜਾਈਆ ॥ ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ,ਜਿਸ ਦੀਆ ਏਹਿ ਵਡਿਆਈਆ ॥ ਕਹੈ ਨਾਨਕੁ ਸੁਣਹੁ ਸੰਤਹੁ ,ਸਬਦਿ ਧਰਹੁ ਪਿਆਰੋ ॥ ਸਾਚਾ ਨਾਮੁ ਮੇਰਾ ਆਧਾਰੋ ॥੪॥ (ਇਸ ਤਰ੍ਹਾਂ ਬੇਨਤੀ ਕਰੋ ਕਿ) ਹੇ ਸੱਚੇ ਮਾਲਕ ਪ੍ਰਭੂ! ਤੇਰੇ ਘਰ ਵਿਚ ਕਿਹੜਾ ਪਦਾਰਥ ਨਹੀਂ ਹੈ? ਤੇਰੇ ਘਰ ਵਿਚ ਤਾਂ ਸਭ ਕੁਛ (ਹਰੇਕ ਪਦਾਰਥ) ਹੈ, (ਪਰ ਤੂੰ ਕੋਈ ਪਦਾਰਥ) ਜਿਸ ਮਨੁੱਖ ਨੂੰ ਦੇਂਦਾ ਹੈਂ, ਉਹ ਹੀ (ਤੇਰੇ ਪਾਸੋਂ) ਪ੍ਰਾਪਤ ਕਰਦਾ ਹੈ।(ਫਿਰ ਉਹ ਮਨੁੱਖ) ਸਦਾ ਤੇਰੀ ਸਿਫਤ ਸਲਾਹ ਕਰਦਾ ਰਹਿੰਦਾ ਹੈ ਅਤੇ (ਤੇਰਾ) ਨਾਮ ਅਪਨੇ ਮਨ ਵਿਚ ਵਸਾਉਂਦਾ ਹੈ।(ਤੇਰਾ) ਨਾਮ ਜਿਨ੍ਹਾਂ ਪੁਰਖਾਂ ਦੇ ਮਨ ਵਿਚ ਵਸਿਆ ਹੈ, (ਉਨ੍ਹਾਂ ਦੇ ਹਿਰਦੇ ਅੰਦਰ) ਬੇਅੰਤ ਵਾਜਿਆਂ ਦੀ ਧੁਨ ਵਜਣ ਲਗ ਪੈਂਦੀ ਹੈ (ਪੂਰਨ ਆਤਮਕ ਅਨੰਦ ਪ੍ਰਾਪਤ ਹੋ ਜਾਂਦਾ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸੱਚੇ ਮਾਲਕ ਪ੍ਰਭੂ! ਤੇਰੇ ਘਰ ਵਿਚ ਕਿਹੜਾ ਪਦਾਰਥ ਨਹੀਂ ਹੈ? (ਕਿਸੇ ਚੀਜ ਦੀ ਕਮੀ ਨਹੀਂ ਹੈ)।੩।(ਹੇ ਭਾਈ! ਪ੍ਰਭੂ ਦਾ) ਸੱਚਾ ਨਾਮ ਹੀ ਮੇਰਾ ਆਸਰਾ ਹੈ।(ਪ੍ਰਭੂ ਦਾ) ਸੱਚਾ ਨਾਮ ਮੇਰਾ ਆਸਰਾ ਹੈ, ਜਿਸ (ਨਾਮ) ਨੇ ਮੇਰੀਆਂ ਸਾਰੀਆਂ ਭੁੱਖਾਂ ਦੂਰ ਕਰ ਦਿਤੀਆਂ ਹਨ।(ਪ੍ਰਭੂ ਦਾ ਨਾਮ) ਮੇਰੇ ਮਨ ਵਿਚ ਆ ਵਸਿਆ ਹੈ, ਜਿਸ ਨਾਮ ਨੇ ਸ਼ਾਂਤੀ ਅਤੇ ਸੁਖ ਪੈਦਾ ਕਰਕੇ (ਮੇਰੀਆਂ) ਸਾਰੀਆਂ ਇੱਛਾਵਾਂ ਪੂਰੀਆਂ ਕਰ ਦਿਤੀਆਂ ਹਨ।ਜਿਸ (ਗੁਰੂ) ਦੀਆਂ ਇਹ ਵਡਿਆਈਆਂ, ਮੈਂ (ਆਪਣਾ ਆਪਾ ਉਸ) ਗੁਰੂ ਤੋਂ ਸਦਾ ਲਈ ਕੁਰਬਾਨ ਕਰ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸੰਤ ਜਨੋਂ! ਸੁਣੋ, (ਗੁਰੂ ਦੇ) ਸ਼ਬਦ ਨਾਲ ਪਿਆਰ ਧਾਰਨ ਕਰੋ।(ਗੁਰੂ ਦੀ ਕ੍ਰਿਪਾ ਨਾਲ) ਪ੍ਰਭੂ ਦਾ ਸੱਚਾ ਨਾਮ ਹੀ ਮੇਰਾ ਆਸਰਾ ਹੈ।੪।

ਪਦਾਰਥ = ਸਾਚੇ ਸਾਹਿਬਾ–ਹੇ ਸੱਚੇ ਸਾਹਿਬ!।ਘਰਿ ਤੇਰੈ–ਤੇਰੇ ਘਰ ਵਿਚ।ਤ–ਤਾਂ।ਜਿਸੁ ਦੇਹਿ–ਜਿਸ ਨੂੰ ਤੂੰ ਦੇਂਦਾ ਹੈਂ।ਸੁ–ਉਹ।ਪਾਵਏ–ਪ੍ਰਾਪਤ ਕਰਦਾ ਹੈ।ਮਨਿ–ਮਨ ਵਿਚ।ਵਸਾਵਏ–ਵਸਾਉਂਦਾ ਹੈ।ਜਿਨ ਕੈ–ਜਿਨ੍ਹਾਂ ਦੇ।ਵਾਜੇ–ਵਜਦੇ ਹਨ।ਸਬਦ–ਵਾਜਿਆਂ ਦੀਆਂ ਧੁਨਾਂ (ਸੁਰਾਂ)।ਘਨੇਰੇ–ਬੇਅੰਤ।ਸਚੇ ਸਾਹਿਬ–ਹੇ ਸੱਚੇ ਪ੍ਰਭੂ!।੩।ਆਧਾਰੋ–ਆਸਰਾ।ਜਿਨਿ–ਜਿਸ (ਨਾਮ) ਨੇ।ਭੁਖਾ–ਭੁੱਖ; ਇੱਛਾ; ਰੁਚੀ।ਗਵਾਈਆ–ਦੂਰ ਕਰ ਦਿਤੀਆਂ ਹਨ।ਕਰਿ–(ਪੈਦਾ) ਕਰਕੇ।ਵਿਟਹੁ–ਤੋਂ।੪।

ਵਾਜੇ ਪੰਚ ਸਬਦ, ਤਿਤੁ ਘਰਿ ਸਭਾਗੈ ॥ ਘਰਿ ਸਭਾਗੈ ਸਬਦ ਵਾਜੇ, ਕਲਾ ਜਿਤੁ ਘਰਿ ਧਾਰੀਆ ॥ ਪੰਚ ਦੂਤ ਤੁਧੁ ਵਸਿ ਕੀਤੇ ,ਕਾਲੁ ਕੰਟਕੁ ਮਾਰਿਆ ॥ ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ,ਸਿ ਨਾਮਿ ਹਰਿ ਕੈ ਲਾਗੇ ॥ ਕਹੈ ਨਾਨਕੁ ਤਹ ਸੁਖੁ ਹੋਆ, ਤਿਤੁ ਘਰਿ ਅਨਹਦ ਵਾਜੇ ॥੫॥ ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥ ਦੇਹ ਨਿਮਾਣੀ ਲਿਵੈ ਬਾਝਹੁ ,ਕਿਆ ਕਰੇ ਵੇਚਾਰੀਆ ॥ ਤੁਧੁ ਬਾਝੁ ਸਮਰਥ ਕੋਇ ਨਾਹੀ, ਕ੍ਰਿਪਾ ਕਰਿ ਬਨਵਾਰੀਆ ॥ ਏਸ ਨਉ ਹੋਰੁ ਥਾਉ ਨਾਹੀ ,ਸਬਦਿ ਲਾਗਿ ਸਵਾਰੀਆ ॥ ਕਹੈ ਨਾਨਕੁ ਲਿਵੈ ਬਾਝਹੁ ,ਕਿਆ ਕਰੇ ਵੇਚਾਰੀਆ ॥੬॥ (ਹੇ ਪ੍ਰਭੂ!) ਉਸ ਭਾਗਾਂ ਵਾਲੇ ਹਿਰਦੇ ਵਿਚ ਪੰਜ ਤਰ੍ਹਾਂ ਦੇ ਵਾਜੇ ਦੀਆਂ ਧੁਨਾਂ ਵੱਜਦੀਆਂ ਹਨ (ਆਤਮ ਮੰਡਲ ਦਾ ਸੰਗੀਤ ਐਸਾ ਵੱਜਿਆ ਹੈ, ਜੋ ਪੰਜ ਤਰ੍ਹਾਂ ਦੇ ਨਾਦ ਰਸ ਨੂੰ ਮਾਤ ਪਾਉਂਦਾ ਹੈ।ਉਸ) ਭਾਗਾਂ ਵਾਲੇ ਹਿਰਦੇ ਵਿਚ ਪੰਜ ਤਰ੍ਹਾਂ ਦੇ ਵਾਜੇ ਦੀਆਂ ਧੁਨਾਂ ਵੱਜਦੀਆਂ ਹਨ, ਜਿਸ ਹਿਰਦੇ ਵਿਚ (ਤੂੰ ਅਪਣੀ) ਸ਼ਕਤੀ ਟਿਕਾ ਰੱਖੀ ਹੈ।ਤੂੰ ਪੰਜ ਦੂਤ (ਕਾਮ ਆਦਿਕ ਉਸ ਮਨੁੱਖ ਦੇ) ਵਸਿ ਵਿਚ ਕਰ ਦਿਤੇ ਹਨ ਅਤੇ ਦੁਖਦਾਈ ਕਾਲ ਨੂੰ ਵੀ ਮਾਰ ਦਿਤਾ ਹੈ।ਉਹ ਮਨੁੱਖ ਹਰੀ ਦੇ ਨਾਮ ਵਿਚ ਲੱਗੇ ਹਨ, (ਹੇ ਪ੍ਰਭੂ!) ਜਿਨ੍ਹਾਂ ਦੇ ਭਾਗਾਂ ਵਿਚ ਤੂੰ ਧੁਰ (ਅਪਣੀ ਹਜੂਰੀ) ਤੋਂ ਨਾਮ ਪਾ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਹਿਰਦੇ ਵਿਚ ਸੁਖ ਹੋਇਆ ਹੈ ਅਤੇ ਉਸ ਹਿਰਦੇ ਵਿਚ ਇਕ ਰਸ (ਲਗਾਤਾਰ) ਵਾਜੇ ਵੱਜਦੇ ਹਨ।੫।(ਪ੍ਰਭੂ ਦੀ) ਸੱਚੀ ਪ੍ਰੀਤ ਤੋਂ ਬਿਨਾ (ਇਹ ਮਨੁੱਖਾ) ਸਰੀਰ ਮਾਨ ਸਨਮਾਨ ਤੋਂ ਰਹਿਤ ਹੈ।(ਪ੍ਰਭੂ ਦੀ) ਪ੍ਰੀਤ ਤੋਂ ਬਿਨਾ ਸਰੀਰ ਆਦਰ ਰਹਿਤ ਹੈ, ਵਿਚਾਰੀ (ਸੱਤਾ ਹੀਣ ਦੇਹ ਆਪਣੇ ਆਪ) ਕੀ ਕਰ ਸਕਦੀ ਹੈ? (ਨਿਸਫਲ ਹੈ।ਇਸ ਦੇਹ

ਨੂੰ ਸਨਮਾਨ ਦੇਣ ਵਾਲਾ) ਸਮਰੱਥ ਤੇਰੇ ਬਿਨਾ ਕੋਈ ਨਹੀਂ, (ਇਸ ਲਈ) ਹੇ ਸੰਸਾਰ ਬਨ ਦੇ ਮਾਲਕ ਪ੍ਰਭੂ! (ਇਸ ਦੇਹ ਉਤੇ) ਕ੍ਰਿਪਾ ਕਰ (ਤਾਂ ਕਿ ਇਸ ਨੂੰ ਸਨਮਾਨ ਮਿਲ ਸਕੇ)। ਇਸ ਦੇਹ ਨੂੰ ਤੇਰੇ ਬਿਨਾ ਹੋਰ ਕੋਈ ਥਾਂ ਟਿਕਾਣਾ ਨਹੀਂ, (ਇਹ ਦੇਹ ਗੁਰੂ ਦੇ) ਸ਼ਬਦ ਵਿਚ ਲਗਾ ਕੇ ਸਵਾਰੀ ਜਾ ਸਕਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹਰੀ ਦੀ) ਪ੍ਰੀਤ ਤੋਂ ਬਿਨਾ (ਇਹ ਦੇਹ) ਵਿਚਾਰੀ ਕੀ ਕਰ ਸਕਦੀ ਹੈ?।੬।

ਪਦਾਰਥ = ਵਾਜੇ-(ਵਾਜੇ) ਵੱਜਦੇ ਹਨ। ਪੰਚ ਸਬਦ-ਪੰਜ ਤਰ੍ਹਾਂ (ਤਾਰ, ਚੰਮ, ਧਾਤ, ਘੜਾ ਤੇ ਫੂਕ) ਦੇ ਵਾਜਿਆਂ ਦੀਆਂ ਧੁਨਾਂ। ਤਿਤੁ ਘਰਿ-ਉਸ ਹਿਰਦੇ ਘਰ ਵਿਚ। ਸਭਾਗੈ-ਭਾਗਾਂ ਵਾਲਾ। ਕਲਾ-ਸ਼ਕਤੀ। ਜਿਤੁ-ਜਿਸ। ਧਾਰੀਆ-ਟਿਕਾ ਕੇ ਰੱਖੀ ਹੈ। ਪੰਚ ਦੂਤ-ਪੰਜ ਕਾਮਾਦਿਕ ਵੈਰੀ। ਤੁਧੁ-ਤੂੰ। ਵਸਿ ਕੀਤੇ-ਅਧੀਨ ਕਰ ਦਿਤੇ। ਕਾਲੁ ਕੰਟਕੁ-ਦੁਖ ਦੇਣ ਵਾਲਾ ਕਾਲ; ਵੈਰੀ ਮੌਤ। ਧੁਰਿ-ਧੁਰ ਤੋਂ। ਕਰਮਿ-ਭਾਗਾਂ ਵਿਚ। ਜਿਨ ਕਉ-ਜਿਨ੍ਹਾਂ ਦੇ। ਸਿ-ਉਹ। ਨਾਮਿ-ਨਾਮ ਵਿਚ। ਕੈ-ਦੇ। ਤਹ-ਉਸ (ਹਿਰਦੇ ਵਿਚ)। ਅਨਹਦ-ਇਕ ਰਸ; ਲਗਾਤਾਰ; ਆਤਮ ਮੰਡਲ ਦਾ ਸੰਗੀਤ, ਜੋ ਬਿਨਾ ਵਜਾਇਆਂ ਵਜਦਾ ਹੈ, ਇਹ ਕੰਨਾਂ ਦਾ ਵਿਸ਼ਾ ਨਹੀਂ, ਮਨ ਦੀ ਇਕਾਗਰਤਾ ਵਿਚ ਅਨੁਭਵ ਹੁੰਦਾ ਹੈ; ਆਤਮਕ ਅਨੰਦ ਦੀ ਸੰਗੀਤਕ ਸ਼ਕਲ (ਸ਼ਬਦਾਰਥ)।੫। ਸਾਚੀ ਲਿਵੈ-ਸੱਚੀ ਪ੍ਰੀਤ; ਸੱਚੀ ਲਗਨ। ਦੇਹ-ਸਰੀਰ। ਨਿਮਾਣੀ-ਸਨਮਾਨ ਰਹਿਤ। ਕਿਆ ਕਰੇ-ਕੀ ਕਰ ਸਕਦੀ ਹੈ? ਵੇਚਾਰੀਆ-ਸਹਾਇਤਾ ਰਹਿਤ ;ਪਰਾਏ ਅਧੀਨ। ਤੁਧੁ ਬਾਝੁ-ਤੇਰੇ ਬਿਨਾ। ਸਮਰਥ-ਸ਼ਕਤੀਮਾਨ; ਯੋਗ। ਬਨਵਾਰੀਆ-ਹੇ ਸੰਸਾਰ ਬਨ ਦੇ ਮਾਲਕ ਪ੍ਰਭੂ!। ਏਸ ਨਉ-ਇਸ ਨੂੰ। ਸਬਦਿ ਲਾਗਿ-ਸ਼ਬਦ ਵਿਚ ਲਗਾ ਕੇ। ਸਵਾਰੀਆ-ਸਵਾਰੀ ਜਾ ਸਕਦੀ ਹੈ।੬।

ਵਿਆਖਿਆ = ਪਹਿਲੀਆਂ ਪੰਜ ਪਉੜੀਆਂ ਦਾ ਭਾਵ ਹਰੀ-ਗੁਰੂ ਨਾਲ ਮੇਲ ਦੀ ਖੁਸ਼ੀ ਹੈ, ਜੋ ਨਾਮ ਸਿਮਰਨ ਨਾਲ ਪ੍ਰਾਪਤ ਹੁੰਦੀ ਹੈ। ਇਨ੍ਹਾਂ ਪੰਜ ਪਉੜੀਆਂ ਨੂੰ ੪੦ ਵੀਂ ਪਉੜੀ ਨਾਲ ਮਿਲਾ ਕੇ ਅਨੰਦ ਕਾਰਜ ਅਤੇ ਸਹਿਜ ਪਾਠ ਜਾਂ ਅਖੰਡ ਪਾਠ ਦੇ ਭੋਗ ਸਮੇਂ ਪੜ੍ਹਿਆ ਜਾਂਦਾ ਹੈ। ਪਹਿਲੀ ਪਉੜੀ ਵਿਚ ਸਤਿਗੁਰੂ ਦੇ ਮਿਲਾਪ ਦੀ ਖੁਸ਼ੀ ਹੈ, ਦੂਜੀ ਪਉੜੀ ਵਿਚ ਇਸ ਮੇਲ ਨੂੰ ਕਾਇਮ ਰੱਖਣ ਲਈ ਮਨ ਨੂੰ ਉਪਦੇਸ਼ ਦਿਤਾ ਗਿਆ ਹੈ। ਤੀਜੀ ਪਉੜੀ ਵਿਚ ਹਰੀ ਅੱਗੇ ਅਰਦਾਸ ਹੈ ਕਿ ਮੇਲ ਕਰਾਉਣ ਵਾਲੀ ਸਿਫਤ ਸਲਾਹ ਬਖਸ਼। ਚਉਥੀ ਪਉੜੀ ਵਿਚ ਸੰਤਾਂ ਨੂੰ ਪ੍ਰਭੂ ਦੀ ਸਿਫਤ ਸਲਾਹ ਵਿਚ ਜੁੜੇ ਰਹਿਣ ਦਾ ਉਪਦੇਸ਼ ਹੈ। ਪੰਜਵੀਂ ਪਉੜੀ ਵਿਚ ਦਸਿਆ ਹੈ ਕਿ ਹਰੀ ਦੇ ਨਾਮ ਦੀ ਦਾਤ ਚੱਗੇ ਭਾਗਾਂ ਨਾਲ ਮਿਲਦੀ ਹੈ। ਛੇਵੀਂ ਪਉੜੀ ਵਿਚ ਦਸਿਆ ਹੈ ਕਿ ਨਾਮ ਦੀ ਦਾਤ ਕਿਵੇਂ ਮਿਲਦੀ ਹੈ? ਪਹਿਲਾਂ ਤਾਂ ਮਨੁੱਖ ਦੇ ਹਿਰਦੇ ਅੰਦਰ ਪ੍ਰਭੂ ਨੂੰ ਮਿਲਣ ਲਈ ਸੱਚੀ ਪ੍ਰੀਤ ਹੋਵੇ।

ਆਨੰਦੁ ਆਨੰਦੁ ਸਭੁ ਕੋ ਕਹੈ, ਆਨੰਦੁ ਗੁਰੂ ਤੇ ਜਾਣਿਆ ॥ ਜਾਣਿਆ ਆਨੰਦੁ ਸਦਾ ਗੁਰ ਤੇ, ਕ੍ਰਿਪਾ ਕਰੇ ਪਿਆਰਿਆ ॥ ਕਰਿ ਕਿਰਪਾ ਕਿਲਵਿਖ ਕਟੇ, ਗਿਆਨ ਅੰਜਨੁ ਸਾਰਿਆ ॥ ਅੰਦਰਹੁ ਜਿਨ ਕਾ ਮੋਹੁ ਤੁਟਾ, ਤਿਨ ਕਾ ਸਬਦੁ ਸਚੈ ਸਵਾਰਿਆ ॥ ਕਹੈ ਨਾਨਕੁ ਏਹੁ ਅਨੰਦੁ ਹੈ, ਆਨੰਦੁ ਗੁਰ ਤੇ ਜਾਣਿਆ ॥੭॥ (ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਗੱਲੀਂ ਬਾਤੀਂ) ਸਭ ਕੋਈ ਕਹਿੰਦਾ ਹੈ (ਕਿ ਮੈਨੂੰ) ਅਨੰਦ ਹੀ ਅਨੰਦ ਪ੍ਰਾਪਤ ਹੋਇਆ ਹੈ, (ਪਰ ਅਸਲ) ਅਨੰਦ ਮੈਂ ਗੁਰੂ ਤੋਂ ਜਾਣਿਆ ਹੈ। ਹੇ ਪਿਆਰੇ ਭਾਈ! (ਜਿਸ ਸਿੱਖ ਉਤੇ ਗੁਰੂ) ਕ੍ਰਿਪਾ ਕਰਦਾ ਹੈ, (ਉਸ ਨੇ) ਗੁਰੂ ਤੋਂ ਸਦੀਵੀ ਅਨੰਦ ਜਾਣਿਆ ਹੈ। (ਗੁਰੂ ਨੇ) ਕ੍ਰਿਪਾ ਕਰਕੇ (ਉਸ ਸਿੱਖ ਦੇ) ਸਾਰੇ ਪਾਪ ਕੱਟ ਦਿਤੇ ਹਨ ਅਤੇ (ਉਸ ਦੀਆਂ ਮਨ ਤੇ ਬੁੱਧੀ ਰੂਪ) ਅੱਖਾਂ ਵਿਚ ਗਿਆਨ ਰੂਪ ਸੁਰਮਾ ਪਾਇਆ ਹੈ। ਜਿਨ੍ਹਾਂ ਸਿੱਖਾਂ ਦਾ ਮਨ ਦੇ ਅੰਦਰੋਂ (ਸੰਸਾਰਕ) ਮੋਹ ਟੁਟ ਗਿਆ ਹੈ, ਉਨ੍ਹਾਂ ਦਾ ਬਚਨ ਸੱਚੇ ਪ੍ਰਭੂ ਨੇ ਸਵਾਰ ਦਿਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਅਸਲੀ) ਅਨੰਦ ਇਹ ਹੈ, ਜਿਹੜਾ ਅਨੰਦ ਗੁਰੂ ਤੋਂ ਜਾਣਿਆ ਜਾਂਦਾ ਹੈ।੭।

ਅੰਗ ੯੧੮ = ਬਾਬਾ ਜਿਸੁ ਤੂ ਦੇਹਿ, ਸੋਈ ਜਨੁ ਪਾਵੈ ॥ ਪਾਵੈ ਤ ਸੋ ਜਨੁ ਦੇਹਿ ਜਿਸ ਨੋ, ਹੋਰਿ ਕਿਆ ਕਰਹਿ ਵੇਚਾਰਿਆ ॥ ਇਕਿ ਭਰਮਿ ਭੂਲੇ ਫਿਰਹਿ ਦਹਦਿਸਿ, ਇਕਿ ਨਾਮਿ ਲਾਗਿ ਸਵਾਰਿਆ ॥ ਗੁਰ ਪਰਸਾਦੀ ਮਨੁ ਭਇਆ ਨਿਰਮਲੁ ,ਜਿਨਾ ਭਾਣਾ ਭਾਵਏ ॥ ਕਹੈ ਨਾਨਕੁ ਜਿਸੁ ਦੇਹਿ ਪਿਆਰੇ, ਸੋਈ ਜਨ ਪਾਵਏ ॥੮॥ ਹੇ ਪ੍ਰਭੂ! ਉਹ ਹੀ ਮਨੁੱਖ (ਆਤਮਕ ਅਨੰਦ ਦੀ ਦਾਤ) ਪ੍ਰਾਪਤ ਕਰਦਾ ਹੈ, ਜਿਸ ਨੂੰ ਤੂੰ (ਇਹ ਦਾਤ) ਦੇਂਦਾ ਹੈਂ। ਉਹ ਮਨੁੱਖ ਤਾਂ ਹੀ (ਅਨੰਦ ਦੀ ਦਾਤ) ਪ੍ਰਾਪਤ ਕਰਦਾ ਹੈ, ਜਿਸ ਨੂੰ ਤੂੰ (ਇਹ ਦਾਤ) ਦੇਂਦਾ ਹੈਂ, ਹੋਰ (ਬਾਕੀ ਮਨੁੱਖ) ਵਿਚਾਰੇ ਕੀ ਕਰ ਸਕਦੇ ਹਨ? ਕਈ ਮਨੁੱਖ ਦਸੀਂ ਪਾਸੀਂ ਭਰਮ ਵਿਚ ਭੁੱਲੇ ਫਿਰਦੇ ਹਨ ਤੇ ਕਈ ਮਨੁੱਖਾਂ ਨੂੰ ਤੂੰ ਨਾਮ ਵਿਚ ਲਗਾ ਕੇ (ਉਨ੍ਹਾਂ ਦਾ ਜੀਵਨ) ਸੁਆਰ ਦਿਤਾ ਹੈ। (ਹੇ ਪ੍ਰਭੂ!) ਗੁਰੂ ਦੀ ਕ੍ਰਿਪਾ ਨਾਲ (ਉਨ੍ਹਾਂ ਸਿੱਖਾਂ ਦਾ) ਮਨ ਨਿਰਮਲ ਹੋ ਗਿਆ ਹੈ, ਜਿਨ੍ਹਾਂ ਨੂੰ ਤੇਰਾ ਭਾਣਾ ਚੰਗਾ ਲੱਗਿਆ ਹੈ। ਨਾਨਕ ਗੁਰੂ ਜੀ ਆਖਦੇ

ਹਨ ਕਿ (ਆਤਮਕ ਅਨੰਦ) ਉਹ ਮਨੁੱਖ ਹੀ ਪ੍ਰਾਪਤ ਕਰਦਾ ਹੈ, ਜਿਸ ਨੂੰ ਤੂੰ (ਇਹ ਦਾਤ ਬਖਸ਼) ਦੇਂਦਾ ਹੈਂ।੮।

ਪਦਾਰਥ = ਸਭੁ ਕੋ–ਸਭ ਕੋਈ (ਹਰੇਕ ਮਨੁੱਖ)।ਗੁਰੂ ਤੇ–ਗੁਰੂ ਤੋਂ; ਗੁਰੂ ਪਾਸੋਂ।ਪਿਆਰਿਆ–ਹੇ ਪਿਆਰੇ ਭਾਈ!।ਕਿਲਵਿਖ–ਪਾਪ।ਕਟੇ–ਕੱਟ ਦਿਤੇ।ਅੰਜਨੁ–ਸੁਰਮਾ।ਸਾਰਿਆ–(ਅੱਖਾਂ ਵਿਚ) ਪਾਇਆ।ਅੰਦਰਹੁ–ਮਨ ਦੇ ਅੰਦਰੋਂ।ਜਿਨ ਕਾ–ਜਿਨ੍ਹਾਂ ਦਾ।ਤਿਨ ਕਾ–ਉਨ੍ਹਾਂ ਦਾ।ਸਬਦੁ–ਵਾਕ; ਬਚਨ; ਧਾਰਮਕ ਜੀਵਨ; ਆਚਰਣ (ਸ਼ਬਦਾਰਥ; ਟਕਸਾਲ)।ਸਵਾਰਿਆ–ਸੁਆਰ ਦਿਤਾ। ਸਚੈ–ਸੱਚੇ ਪ੍ਰਭੂ ਨੇ।੭।ਬਾਬਾ–ਹੇ ਪ੍ਰਭੂ!।ਦੇਹਿ–ਦੇਂਦਾ ਹੈਂ।ਸੋਈ ਜਨੁ–ਉਹ ਮਨੁੱਖ ਹੀ।ਪਾਵੈ–ਪ੍ਰਾਪਤ ਕਰਦਾ ਹੈ।ਤ–ਤਾਂ ਹੀ। ਕਿਆ ਕਰਹਿ–ਕੀ ਕਰ ਸਕਦੇ ਹਨ? ਵੇਚਾਰਿਆ–ਸਹਾਇਤਾ ਹੀਣ ਮਨੁੱਖ।ਇਕਿ–ਕਈ ਮਨੁੱਖ।ਭਰਮਿ ਭੁਲੇ–ਭਰਮ ਵਿਚ ਭੁੱਲੇ ਹੋਏ।ਦਹਦਿਸ–ਦਸੀਂ ਪਾਸੀਂ।ਨਾਮਿ ਲਾਗਿ–ਨਾਮ ਵਿਚ ਲਗਾ ਕੇ।ਸਵਾਰਿਆ–ਸੁਆਰ ਦੇਂਦਾ ਹੈਂ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਭਇਆ–ਹੋ ਗਿਆ।ਨਿਰਮਲ–ਪਵਿਤ੍ਰ।ਭਾਵਏ–ਚੰਗਾ ਲਗਦਾ ਹੈ।ਪਾਵਏ–ਪ੍ਰਾਪਤ ਕਰਦਾ ਹੈ।੮।

ਸਾਰੰਸ਼ = ਸੱਤਵੀ ਪਉੜੀ ਦਾ ਭਾਵ ਹੈ ਕਿ ਅਨੰਦ ਵਾਲੀ ਲਗਨ ਗੁਰੂ ਤੋਂ ਮਿਲਦੀ ਹੈ।ਗੁਰੂ ਮਨੁੱਖ ਦੇ ਮਨ ਅੰਦਰੋਂ ਸੰਸਾਰਕ ਮੋਹ ਕੱਟਦਾ ਹੈ ਅਤੇ ਉਸ ਦਾ ਆਚਰਣ ਸਾਫ ਕਰਦਾ ਹੈ।ਅੱਠਵੀ ਪਉੜੀ ਵਿਚ ਦਸਿਆ ਹੈ ਕਿ ਫਿਰ ਮਨੁੱਖ ਉਤੇ ਹਰੀ ਦੀ ਮੇਹਰ ਹੁੰਦੀ ਹੈ ਅਤੇ ਭਾਣਾ ਮਿੱਠਾ ਕਰਕੇ ਮੰਨਣ ਦੀ ਰੁਚੀ ਪੈਦਾ ਹੁੰਦੀ ਹੈ।

ਆਵਹੁ ਸੰਤ ਪਿਆਰਿਹੋ, ਅਕਥ ਕੀ ਕਰਹ ਕਹਾਣੀ ॥ ਕਰਹ ਕਹਾਣੀ ਅਕਥ ਕੇਰੀ, ਕਿਤੁ ਦੁਆਰੈ ਪਾਈਐ ॥ ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ,ਹੁਕਮਿ ਮੰਨਿਐ ਪਾਈਐ ॥ ਹੁਕਮੁ ਮੰਨਿਹੁ ਗੁਰੂ ਕੇਰਾ, ਗਾਵਹੁ ਸਚੀ ਬਾਣੀ ॥ ਕਹੈ ਨਾਨਕੁ ਸੁਣਹੁ ਸੰਤਹੁ ,ਕਥਿਹੁ ਅਕਥ ਕਹਾਣੀ ॥੯॥ ਏ ਮਨ ਚੰਚਲਾ, ਚਤੁਰਾਈ ਨ ਕਿਨੈ ਪਾਇਆ ॥ ਚਤੁਰਾਈ ਨ ਪਾਇਆ ਕਿਨੈ, ਤੂ ਸੁਣਿ ਮੰਨ ਮੇਰਿਆ ॥ ਏਹ ਮਾਇਆ ਮੋਹਣੀ, ਜਿਨਿ ਏਤੁ ਭਰਮਿ ਭੁਲਾਇਆ ॥ ਮਾਇਆ ਤ ਮੋਹਣੀ ਤਿਨੈ ਕੀਤੀ, ਜਿਨਿ ਠਗਉਲੀ ਪਾਈਆ ॥ ਕੁਰਬਾਣੁ ਕੀਤਾ ਤਿਸੈ ਵਿਟਹੁ ,ਜਿਨਿ ਮੋਹੁ ਮੀਠਾ ਲਾਇਆ ॥ ਕਹੈ ਨਾਨਕੁ ਮਨ ਚੰਚਲ, ਚਤੁਰਾਈ ਕਿਨੈ ਨ ਪਾਇਆ ॥੧੦॥ ਹੇ ਪਿਆਰੇ ਸੰਤ ਜਨੋਂ! ਆਓ (ਆਪਾਂ ਮਿਲ ਕੇ) ਅਕੱਥ ਪ੍ਰਭੂ ਦੀ ਸਿਫਤ ਸਲਾਹ ਦੀ ਕਹਾਣੀ ਕਥਨ ਕਰੀਏ। (ਆਪਾਂ ਮਿਲ ਕੇ) ਅਕੱਥ ਪ੍ਰਭੂ ਦੀ ਸਿਫਤ ਸਲਾਹ ਦੀ ਕਹਾਣੀ ਬਿਆਨ ਕਰੀਏ, (ਵਿਚਾਰ ਕਰੀਏ ਕਿ) ਕਿਸ ਸਾਧਨ ਦੁਆਰਾ (ਪ੍ਰਭੂ ਨੂੰ) ਪਾਈਦਾ ਹੈ।(ਸਾਧਨ ਇਹ ਹੈ ਕਿ) ਤਨ, ਮਨ ਤੇ ਧਨ ਸਭ ਕੁਛ ਗੁਰੂ ਨੂੰ ਸੌਂਪ ਦਿਓ ਅਤੇ (ਗੁਰੂ ਦਾ) ਹੁਕਮ ਮੰਨਣ ਨਾਲ (ਪ੍ਰਭੂ ਨੂੰ) ਪਾ ਲਈਦਾ ਹੈ।(ਹੇ ਸੰਤ ਜਨੋ!) ਗੁਰੂ ਦਾ ਹੁਕਮ ਮੰਨਿਆ ਕਰੋ ਅਤੇ ਸੱਚੀ ਬਾਣੀ ਗਾਇਆ ਕਰੋ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸੰਤ ਜਨੋਂ! (ਤੁਸੀਂ ਗੁਰੂ ਦਾ ਉਪਦੇਸ਼) ਸੁਣੋ, ਅਕੱਥ ਪ੍ਰਭੂ ਦੀ ਸਿਫਤ ਸਲਾਹ ਵਾਲੀ ਕਹਾਣੀ ਕਥਨ ਕਰਿਆ ਕਰੋ।੯।(ਹੇ ਸੰਤ ਜਨੋਂ! ਅਪਣੇ ਮਨ ਨੂੰ ਇਸ ਤਰ੍ਹਾਂ ਸਿਖਿਆ ਦਿਓ) ਹੇ ਚੰਚਲ ਮਨਾ! ਚਤਰਾਈ ਕਰਨ ਨਾਲ ਕਿਸੇ (ਮਨੁੱਖ) ਨੇ ਵੀ ਪ੍ਰਭੂ ਨੂੰ ਨਹੀਂ ਪਾਇਆ।ਹੇ ਮੇਰੇ ਮਨ! ਤੂੰ ਸੁਣ, ਚਤਰਾਈ ਨਾਲ ਕਿਸੇ ਮਨੁੱਖ ਨੇ ਵੀ ਪ੍ਰਭੂ ਨੂੰ ਨਹੀਂ ਪਾਇਆ। ਏਹ ਮਾਇਆ (ਸਾਰੇ ਜੀਵਾਂ ਨੂੰ) ਮੋਹ ਲੈਣ ਵਾਲੀ ਹੈ, ਜਿਸ ਨੇ ਇਸ ਜੀਵ ਨੂੰ ਭਰਮ ਵਿਚ ਭੁਲਾਇਆ ਹੋਇਆ ਹੈ।ਮੋਹ ਲੈਣ ਵਾਲੀ ਮਾਇਆ ਵੀ ਤਾਂ (ਹਰੇਕ ਜੀਵ ਨੂੰ ਪਰਖਣ ਵਾਸਤੇ) ਉਸ ਪ੍ਰਭੂ ਨੇ ਹੀ ਪੈਦਾ ਕੀਤੀ ਹੈ, ਜਿਸ ਪ੍ਰਭੂ ਨੇ (ਜੀਵਾਂ ਦੇ ਅੰਦਰ ਮਾਇਆ ਦੇ ਮੋਹ ਦੀ) ਠਗ ਬੂਟੀ ਪਾਈ ਹੈ।ਮੈਂ ਉਸ ਪ੍ਰਭੂ ਤੋਂ (ਅਪਣੇ ਆਪ ਨੂੰ) ਕੁਰਬਾਨ ਕੀਤਾ ਹੈ, ਜਿਸ ਨੇ (ਜੀਵਾਂ ਦੇ ਅੰਦਰ ਮਾਇਆ ਦਾ) ਮਿੱਠਾ ਮੋਹ ਲਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਚੰਚਲ ਮਨ! ਕਿਸੇ ਮਨੁੱਖ ਨੇ ਵੀ ਚਤਰਾਈ ਨਾਲ ਪ੍ਰਭੂ ਨੂੰ ਨਹੀਂ ਪਾਇਆ।੧੦।ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ।(੩੯੬)

ਪਦਾਰਥ = ਅਕਥ (ਅਕੱਥ ਪੜ੍ਹੋ)–ਪੂਰੀ ਤਰ੍ਹਾਂ ਬਿਆਨ ਨਾ ਹੋਣ ਵਾਲਾ ਪ੍ਰਭੂ।ਕਰਹ–ਆਪਾਂ ਕਰੀਏ।ਕਹਾਣੀ–ਕਥਾ; ਗੱਲਾਂ ਬਾਤਾਂ।ਕੇਰੀ–ਦੀ।ਕਿਤੁ ਦੁਆਰੈ–ਕਿਸ ਸਾਧਨ (ਵਸੀਲੇ) ਨਾਲ।ਤਨੁ–ਸਰੀਰ।ਸਉਪਿ–ਅਰਪਨ ਕਰ ਦਿਓ।ਮੰਨਿਐ–ਮੰਨਣ ਨਾਲ।ਮੰਨਿਹੁ–ਮੰਨਿਆ ਕਰੋ।ਕਥਿਹੁ–ਕਥਨ ਕਰਿਆ ਕਰੋ।੯।ਏ ਮਨ–ਹੇ ਮਨ!।ਕਿਨੈ–ਕਿਸੇ ਨੇ ਵੀ।ਮੰਨ ਮੇਰਿਆ–ਹੇ ਮੇਰੇ ਮਨ!।ਮੋਹਣੀ–(ਮਨ ਨੂੰ) ਮੋਹ ਲੈਣ ਵਾਲੀ।ਜਿਨਿ–ਜਿਸ ਨੇ।ਏਤੁ–ਇਸ (ਜੀਵ) ਨੂੰ।ਭਰਮਿ–ਭਰਮ ਵਿਚ।ਤ–ਤਾਂ।ਤਿਨੈ ਕੀਤੀ –ਉਸ ਪ੍ਰਭੂ ਨੇ ਪੈਦਾ ਕੀਤੀ ਹੈ।ਠਗਉਲੀ–ਠਗ ਬੂਟੀ।ਤਿਸੈ ਵਿਟਹੁ–ਉਸ ਤੋਂ।੧੦।

ਏ ਮਨ ਪਿਆਰਿਆ, ਤੂ ਸਦਾ ਸਚੁ ਸਮਾਲੇ ॥ ਏਹੁ ਕੁਟੰਬੁ ਤੂ ਜਿ ਦੇਖਦਾ, ਚਲੈ ਨਾਹੀ ਤੇਰੈ ਨਾਲੇ ॥ ਸਾਥਿ ਤੇਰੈ ਚਲੈ ਨਾਹੀ, ਤਿਸੁ ਨਾਲਿ ਕਿਉ ਚਿਤੁ ਲਾਈਐ ॥ ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ ॥ ਸਤਿਗੁਰੂ ਕਾ ਉਪਦੇਸੁ ਸੁਣਿ ਤੂੰ ,

ਹੋਵੈ ਤੇਰੈ ਨਾਲੇ ॥ ਕਹੈ ਨਾਨਕੁ ਮਨ ਪਿਆਰੇ, ਤੂ ਸਦਾ ਸਚੁ ਸਮਾਲੇ ॥੧੧॥ ਅਗਮ ਅਗੋਚਰਾ, ਤੇਰਾ ਅੰਤੁ ਨ ਪਾਇਆ ॥ ਅੰਤੋ ਨ ਪਾਇਆ ਕਿਨੈ ਤੇਰਾ, ਆਪਣਾ ਆਪੁ ਤੂ ਜਾਣਹੇ ॥ ਜੀਅ ਜੰਤ ਸਭਿ ਖੇਲੁ ਤੇਰਾ, ਕਿਆ ਕੋ ਆਖਿ ਵਖਾਣਏ ॥ ਆਖਹਿ ਤ ਵੇਖਹਿ ਸਭੁ ਤੂ ਹੈ, ਜਿਨਿ ਜਗਤੁ ਉਪਾਇਆ ॥ ਕਹੈ ਨਾਨਕ ਤੂ ਸਦਾ ਅਗੰਮੁ ਹੈ, ਤੇਰਾ ਅੰਤੁ ਨ ਪਾਇਆ ॥੧੨॥ ਹੇ ਪਿਅਰੇ ਮਨ! ਤੂੰ ਸਦਾ ਸੱਚੇ ਪ੍ਰਭੂ ਨੂੰ ਯਾਦ ਕਰਿਆ ਕਰ। ਏਹ ਪ੍ਰਵਾਰ ਜਿਹੜਾ ਤੂੰ ਦੇਖ ਰਿਹਾ ਹੈਂ, (ਇਨ੍ਹਾਂ ਵਿਚੋਂ ਕੋਈ ਵੀ ਅੰਤ ਸਮੇਂ) ਤੇਰੇ ਨਾਲ ਨਹੀਂ ਚਲੇਗਾ। (ਜਦੋਂ ਇਹ ਪ੍ਰਵਾਰ) ਤੇਰੇ ਨਾਲ ਚੱਲੇਗਾ ਹੀ ਨਹੀਂ, ਤਾਂ ਉਸ ਨਾਲ ਤੂੰ ਚਿਤ ਕਿਉਂ ਲਾਉਂਦਾ ਹੈਂ? ਏਹੋ ਜਿਹਾ ਕੰਮ ਬਿਲਕੁਲ ਨਹੀਂ ਕਰਨਾ ਚਾਹੀਦਾ, ਜਿਸ ਦੇ ਕੀਤਿਆਂ ਅੰਤ ਨੂੰ ਪਛਤਾਉਣਾ ਪਵੇ। (ਹੇ ਮਨ! ਪ੍ਰਵਾਰ ਦਾ ਮੋਹ ਛਡ ਕੇ) ਤੂੰ ਸਤਿਗੁਰੂ ਦਾ ਉਪਦੇਸ਼ ਸੁਣ, (ਜਿਹੜਾ ਅੰਤ ਵੇਲੇ) ਤੇਰੇ ਨਾਲ ਸਹਾਈ ਹੋਵੇਗਾ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪਿਆਰੇ ਮਨ! ਤੂੰ ਸਦਾ ਸੱਚੇ ਪ੍ਰਭੂ ਨੂੰ ਯਾਦ ਕਰਿਆ ਕਰ।੧੧। ਹੇ ਅਗਮ ਤੇ ਅਗੋਚਰ ਪ੍ਰਭੂ! (ਹੁਣ ਤਕ ਕਿਸੇ ਨੇ ਵੀ) ਤੇਰਾ ਅੰਤ ਨਹੀਂ ਪਾਇਆ। ਕਿਸੇ ਨੇ ਵੀ ਤੇਰਾ ਅੰਤ ਨਹੀਂ ਪਾਇਆ, ਅਪਣੇ ਆਪ ਨੂੰ ਤੂੰ ਆਪ ਹੀ ਜਾਣਦਾ ਹੈਂ। ਛੋਟੇ ਵੱਡੇ ਜੀਵ ਜੰਤ ਸਾਰੀ ਰਚਨਾ ਤੇਰਾ ਖੇਲ ਰਚਿਆ ਹੋਇਆ ਹੈ, (ਇਸ ਖੇਲ ਬਾਰੇ) ਕੋਈ ਮਨੁੱਖ ਬੋਲ ਕੇ ਕੀ ਦਸ ਸਕਦਾ ਹੈ? ਭਾਵ ਕੁਛ ਨਹੀਂ ਦਸ ਸਕਦਾ। ਸਾਰੇ ਜੀਵਾਂ ਦੇ ਅੰਦਰ ਬੈਠਾ) ਤੂੰ ਹੀ ਤਾਂ ਬੋਲ ਰਿਹਾ ਹੈ ਅਤੇ ਤੂੰ ਹੀ ਦੇਖ ਰਿਹਾ ਹੈਂ, (ਸਭ ਕੁਛ ਤੂੰ ਆਪ ਹੀ ਹੈਂ) ਜਿਸ ਨੇ ਜਗਤ ਨੂੰ ਪੈਦਾ ਕੀਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! ਤੂੰ ਸਦਾ ਹੀ ਮਨ ਦੀ ਪਹੁੰਚ ਤੋਂ ਪਰੇ ਹੈਂ, (ਅੱਜ ਤਕ ਕਿਸੇ ਨੇ) ਤੇਰਾ ਅੰਤ ਨਹੀਂ ਪਾਇਆ।੧੨।

ਪਦਾਰਥ = ਏ ਮਨ–ਹੇ ਮਨ!। ਸਚੁ–ਸੱਚੇ ਪ੍ਰਭੂ ਨੂੰ। ਸਮਾਲੇ–ਯਾਦ ਕਰ; (ਹਿਰਦੇ ਵਿਚ) ਸੰਭਾਲ ਰੱਖ। ਕੁਟੰਬੁ–ਪ੍ਰਵਾਰ। ਜਿ–ਜਿਹੜਾ। ਨਾਲੇ–ਨਾਲ; ਸਾਥ। ਸਾਥਿ–ਨਾਲ। ਮੂਲੇ–ਬਿਲਕੁਲ; ਕਦੇ ਵੀ ਨਹੀਂ। ਨ ਕੀਚੈ–ਨਹੀਂ ਕਰਨਾ ਚਾਹੀਦਾ। ਜਿਤੁ–ਜਿਸ ਦੇ ਕੀਤਿਆਂ। ਅੰਤਿ–ਅੰਤ ਨੂੰ।੧੧। ਅਗਮ–ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ!। ਅਗੋਚਰਾ–ਹੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ!। ਕਿਨੈ–ਕਿਸੇ ਨੇ ਵੀ। ਜਾਣਹੇ–ਤੂੰ ਜਾਣਦਾ ਹੈਂ। ਜੀਅ ਜੰਤ–ਛੋਟੇ ਵੱਡੇ ਜੀਵ ਜੰਤ। ਆਖਿ ਵਖਾਣਏ–ਬੋਲ ਕੇ ਦਸ ਸਕੇ। ਕੋ –ਕੋਈ (ਮਨੁੱਖ)। ਆਖਹਿ–ਤੂੰ ਬੋਲਦਾ ਹੈਂ। ਜਿਨਿ–ਜਿਸ ਨੇ। ਉਪਾਇਆ–ਪੈਦਾ ਕੀਤਾ।੧੨।

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ, ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ, ਸਚਾ ਮਨਿ ਵਸਾਇਆ ॥ ਜੀਅ ਜੰਤ ਸਭਿ ਤੁਧੁ ਉਪਾਏ, ਇਕਿ ਵੇਖਿ ਪਰਸਣਿ ਆਇਆ ॥ ਲਬੁ ਲੋਭੁ ਅਹੰਕਾਰੁ ਚੂਕਾ, ਸਤਿਗੁਰੂ ਭਲਾ ਭਾਇਆ ॥ ਕਹੈ ਨਾਨਕੁ ਜਿਸ ਨੋ ਆਪਿ ਤੁਠਾ, ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥ ਭਗਤਾ ਕੀ ਚਾਲ ਨਿਰਾਲੀ ॥ ਚਾਲਾ ਨਿਰਾਲੀ ਭਗਤਾਹ ਕੇਰੀ, ਬਿਖਮ ਮਾਰਗਿ ਚਲਣਾ ॥ ਲਬੁ ਲੋਭ ਅਹੰਕਾਰੁ ਤਜਿ ਤ੍ਰਿਸਨਾ, ਬਹੁਤੁ ਨਾਹੀ ਬੋਲਣਾ ॥ ਖੰਨਿਅਹੁ ਤਿਖੀ ਵਾਲਹੁ ਨਿਕੀ, ਏਤੁ ਮਾਰਗਿ ਜਾਣਾ ॥ ਗੁਰ ਪਰਸਾਦੀ ਜਿਨੀ ਆਪੁ ਤਜਿਆ, ਹਰਿ ਵਾਸਨਾ ਸਮਾਣੀ ॥ ਕਹੈ ਨਾਨਕੁ ਚਾਲ ਭਗਤਾ, ਜੁਗਹੁ ਜੁਗੁ ਨਿਰਾਲੀ ॥੧੪॥ (ਹੇ ਭਾਈ! ਜਿਸ) ਅੰਮ੍ਰਿਤ ਨੂੰ ਦੈਵੀ ਪੁਰਖ ਅਤੇ ਮੁਨੀ ਲੋਕ ਲੱਭਦੇ ਫਿਰਦੇ ਹਨ, ਉਹ ਅੰਮ੍ਰਿਤ ਮੈਂ ਗੁਰੂ ਪਾਸੋਂ ਪ੍ਰਾਪਤ ਕਰ ਲਿਆ ਹੈ। (ਇਹ) ਕ੍ਰਿਪਾ ਗੁਰੂ ਨੇ ਕੀਤੀ, ਜੋ ਮੈਂ ਅੰਮ੍ਰਿਤ ਪ੍ਰਾਪਤ ਕੀਤਾ ਹੈ ਅਤੇ ਪ੍ਰਭੂ ਦਾ ਸੱਚਾ ਨਾਮ ਮਨ ਵਿਚ ਵਸਾਇਆ ਹੈ। (ਹੇ ਪ੍ਰਭੂ!) ਸਾਰੇ ਜੀਵ ਜੰਤ ਤੈਂ ਪੈਦਾ ਕੀਤੇ ਹਨ, (ਪਰ ਉਨ੍ਹਾਂ ਜੀਵਾਂ ਵਿਚੋਂ ਕੋਈ ਵਿਰਲਾ) ਇਕ ਹੀ ਮਨੁੱਖ ਗੁਰੂ ਨੂੰ ਦੇਖ (ਦਰਸ਼ਨ ਕਰ) ਕੇ (ਗੁਰੂ ਦੇ ਚਰਨ) ਪਰਸਣ ਆਇਆ ਹੈ। (ਉਸ ਮਨੁੱਖ ਦਾ) ਲੋਭ ਲਾਲਚ ਤੇ ਹੰਕਾਰ ਦੂਰ ਹੋ ਗਿਆ ਹੈ ਅਤੇ (ਉਸ ਮਨੁੱਖ ਨੂੰ) ਸਤਿਗੁਰੂ ਦਾ ਭਾਣਾ ਚੰਗਾ ਲੱਗਾ ਹੈ; (ਉਸ ਸਿੱਖ) ਸਤਿਗੁਰੂ ਨੂੰ ਪਿਆਰਾ ਲੱਗਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ (ਮਨੁੱਖ) ਉਤੇ ਪ੍ਰਭੂ ਆਪ ਪ੍ਰਸੰਨ ਹੋਇਆ ਹੈ, ਉਸ ਨੇ ਗੁਰੂ ਪਾਸੋਂ ਅੰਮ੍ਰਿਤ ਪ੍ਰਾਪਤ ਕਰ ਲਿਆ ਹੈ।੧੩। (ਹੇ ਭਾਈ! ਪ੍ਰਭੂ ਦੇ) ਭਗਤਾਂ ਦੀ ਜੀਵਨ ਮਰਿਆਦਾ (ਦੁਨੀਆਂ ਦੇ ਲੋਕਾਂ ਨਾਲੋਂ) ਵੱਖਰੀ ਹੁੰਦੀ ਹੈ। (ਪ੍ਰਭੂ ਦੇ) ਭਗਤਾਂ ਦੀ ਜੀਵਨ ਮਰਿਆਦਾ ਵੱਖਰੀ ਹੁੰਦੀ ਹੈ, (ਉਨ੍ਹਾਂ ਦਾ ਜੀਵਨ ਦੇ) ਰਸਤੇ ਤੇ ਚਲਣਾ ਔਖਾ ਹੁੰਦਾ ਹੈ। (ਉਹ) ਲੋਭ ਲਾਲਚ, ਹੰਕਾਰ ਤੇ ਤ੍ਰਿਸ਼ਨਾ ਨੂੰ ਛਡ ਕੇ ਬਹੁਤਾ ਬੋਲਣਾ ਚੰਗਾ ਨਹੀਂ ਸਮਝਦੇ। (ਭਗਤੀ) ਖੰਡਿਓਂ ਤਿੱਖੀ ਤੇ ਵਾਲ ਤੋਂ ਵੀ ਬਰੀਕ ਹੈ, ਇਸ ਰਸਤੇ ਉਤੇ (ਭਗਤਾਂ ਨੂੰ) ਚੱਲਣਾ ਪੈਂਦਾ ਹੈ। ਜਿਨ੍ਹਾਂ ਪੁਰਖਾਂ ਨੇ ਆਪਾ ਭਾਵ ਛਡ ਦਿਤਾ ਹੈ, (ਉਨ੍ਹਾਂ ਦੇ ਹਿਰਦੇ ਅੰਦਰ) ਹਰੀ ਦੀ ਸ਼ਰਧਾ ਸਮਾ ਜਾਂਦੀ ਹੈ; ਹਰੀ ਨਾਲ ਜੁੜੇ ਹੋਣ ਕਰਕੇ ਮਾਇਕ ਵਾਸ਼ਨਾ ਮੁੱਕ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਭਗਤਾਂ ਦੀ ਜੀਵਨ ਮਰਿਆਦਾ ਜੁਗਾਂ ਜੁਗਾਂ ਤੋਂ ਵੱਖਰੀ (ਚਲੀ ਆ ਰਹੀ) ਹੈ।੧੪।

ਪਦਾਰਥ = ਸੁਰਿ ਨਰ-ਦੈਵੀ ਗੁਣਾਂ ਵਾਲੇ ਮਨੁੱਖ। ਮੁਨਿ ਜਨ-ਮੁਨੀ ਲੋਕ; ਸਾਧੂ ਲੋਕ। ਅੰਮ੍ਰਿਤੁ-ਅਮਰ ਕਰ ਦੇਣ ਵਾਲਾ ਨਾਮ। ਸੁ-ਉਹ। ਗੁਰ ਤੇ-ਗੁਰੂ ਤੋਂ (ਪਾਸੋਂ)। ਗੁਰਿ-ਗੁਰੂ ਨੇ। ਕੀਨੀ-ਕੀਤੀ। ਮਨਿ-ਮਨ ਵਿਚ। ਜੀਅ ਜੰਤ-ਛੋਟੇ ਵੱਡੇ ਜੀਵ। ਤੁਧੁ-ਤੈਂ। ਉਪਾਏ-ਪੈਦਾ ਕੀਤੇ ਹਨ। ਇਕਿ-ਕੋਈ ਇਕ ਵਿਰਲਾ ਮਨੁੱਖ। ਪਰਸਣਿ-(ਚਰਨ) ਪਰਸਣ ਵਾਸਤੇ। ਲਬੁ-ਖਾਣ ਪੀਣ ਦਾ ਲਾਲਚ। ਲੋਭੁ-ਧਨ ਦਾ ਲਾਲਚ। ਚੂਕਾ-ਦੂਰ ਹੋ ਗਿਆ। ਭਲਾ ਭਾਇਆ-ਚੰਗਾ ਲੱਗਾ ਹੈ। ਤੁਠਾ-ਪ੍ਰਸੰਨ ਹੋਇਆ। ਤਿਨਿ-ਉਸ ਨੇ।੧੩। ਚਾਲ-ਜੀਵਨ ਮਰਿਆਦਾ; ਜੀਵਨ ਜਿਉਣ ਦਾ ਤਰੀਕਾ। ਨਿਰਾਲੀ-ਵੱਖਰੀ। ਭਗਤਾਹ ਕੇਰੀ-ਭਗਤਾਂ ਦੀ। ਬਿਖਮ ਮਾਰਗਿ-ਔਖੇ ਰਸਤੇ ਉਤੇ। ਚਲਣਾ-ਤੁਰਨਾ। ਤਜਿ-ਛਡ ਕੇ। ਬੋਲਣਾ-ਗੱਲ ਬਾਤ; ਵਾਦ ਵਿਵਾਦ; ਬਹਿਸ ਬਾਜੀ। ਖੰਨਿਅਹੁ-ਖੰਡੇ ਨਾਲੋਂ। ਤਿਖੀ-ਤੇਜ ਧਾਰ। ਵਾਲਹੁ ਨਿਕੀ-ਵਾਲ ਤੋਂ ਬਰੀਕ। ਏਤੁ-ਇਸ। ਜਿਨੀ-ਜਿਨ੍ਹਾਂ ਨੇ। ਆਪੁ-ਆਪਾ ਭਾਵ (ਅਪਣੱਤ)। ਤਜਿਆ-ਛਡ ਦਿਤਾ। ਵਾਸਨਾ-ਇੱਛਾ; ਸ਼ਰਧਾ। ਸਮਾਣੀ-ਸਮਾ ਗਈ; ਮੁੱਕ ਗਈ। ਜੁਗਹੁ ਜੁਗ-ਜੁਗਾਂ ਜੁਗਾਂ ਤੋਂ; ਸਦਾ।੧੪।

ਅੰਗ ੯੧੯ = ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ, ਹੋਰੁ ਕਿਆ ਜਾਣਾ ਗੁਣ ਤੇਰੇ ॥ ਜਿਵ ਤੂ ਚਲਾਇਹਿ ਤਿਵੈ ਚਲਹ, ਜਿਨਾ ਮਾਰਗਿ ਪਾਵਹੇ ॥ ਕਰਿ ਕਿਰਪਾ ਜਿਨ ਨਾਮਿ ਲਾਇਹਿ, ਸਿ ਹਰਿ ਹਰਿ ਸਦਾ ਧਿਆਵਹੇ ॥ ਜਿਸ ਨੋ ਕਥਾ ਸੁਣਾਇਹਿ ਆਪਣੀ, ਸਿ ਗੁਰਦੁਆਰੈ ਸੁਖੁ ਪਾਵਹੇ ॥ ਕਹੈ ਨਾਨਕੁ ਸਚੇ ਸਾਹਿਬ, ਜਿਉ ਭਾਵੈ ਤਿਵੈ ਚਲਾਵਹੇ ॥੧੫॥ ਏਹੋ ਸੋਹਿਲਾ ਸਬਦੁ ਸੁਹਾਵਾ ॥ ਸਬਦੋ ਸੁਹਾਵਾ ਸਦਾ ਸੋਹਿਲਾ, ਸਤਿਗੁਰੂ ਸੁਣਾਇਆ ॥ ਏਹੁ ਤਿਨ ਕੈ ਮੰਨਿ ਵਸਿਆ, ਜਿਨ ਧੁਰਹੁ ਲਿਖਿਆ ਆਇਆ ॥ ਇਕਿ ਫਿਰਹਿ ਘਨੇਰੇ ਕਰਹਿ ਗਲਾ, ਗਲੀ ਕਿਨੈ ਨ ਪਾਇਆ ॥ ਕਹੈ ਨਾਨਕੁ ਸਬਦੁ ਸੋਹਿਲਾ, ਸਤਿਗੁਰੂ ਸੁਣਾਇਆ ॥੧੬॥

ਹੇ ਸੁਆਮੀ! ਜਿਵੇਂ ਤੂੰ (ਸਾਨੂੰ ਸਭ ਨੂੰ) ਚਲਾਉਂਦਾ ਹੈਂ, ਅਸੀਂ ਉਸੇ ਤਰ੍ਹਾਂ ਚਲਦੇ ਹਨ, ਹੋਰ ਤੇਰੇ ਗੁਣ ਅਸੀਂ ਕੀ ਜਾਣ ਸਕਦੇ ਹਾਂ? ਜਿਵੇਂ ਤੂੰ (ਸਾਨੂੰ) ਚਲਾਉਂਦਾ ਹੈਂ, ਅਸੀਂ ਉਸੇ ਤਰ੍ਹਾਂ ਚਲਦੇ ਹਾਂ, ਜਿਨ੍ਹਾਂ ਨੂੰ ਤੂੰ (ਗੁਰਮਤ ਦੇ) ਰਸਤੇ ਤੇ ਪਾਉਂਦਾ ਹੈਂ, (ਉਹ ਇਸ ਰਸਤੇ ਪੈਂਦੇ ਹਨ। ਹੇ ਪ੍ਰਭੂ!) ਜਿਨ੍ਹਾਂ ਪੁਰਖਾਂ ਨੂੰ ਤੂੰ ਕ੍ਰਿਪਾ ਕਰਕੇ ਨਾਮ ਨਾਲ ਜੋੜ ਦਿੰਦਾ ਹੈਂ, ਉਹ ਸਦਾ ਤੇਰਾ ਹਰਿ ਹਰਿ ਨਾਮ ਧਿਆਉਂਦੇ ਹਨ। ਜਿਸ ਪੁਰਖ ਨੂੰ ਤੂੰ ਅਪਣੀ ਕਥਾ ਸੁਣਾਉਂਦਾ ਹੈਂ, ਉਹ ਗੁਰੂ ਦੁਆਰਾ (ਕਥਾ ਸੁਣ ਕੇ ਆਤਮਕ) ਸੁਖ ਪ੍ਰਾਪਤ ਕਰ ਲੈਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸੱਚੇ ਸਾਹਿਬ! ਜਿਵੇਂ ਤੈਨੂੰ ਚੰਗਾ ਲਗਦਾ ਹੈ, ਉਸੇ ਤਰ੍ਹਾਂ ਤੂੰ (ਸਾਰੇ ਜੀਵਾਂ ਨੂੰ) ਚਲਾਉਂਦਾ ਹੈਂ।੧੫। (ਸਤਿਗੁਰੂ ਦਾ) ਇਹ ਸੁੰਦਰ ਸ਼ਬਦ (ਬਾਣੀ ਆਤਮਕ) ਅਨੰਦ ਦੇਣ ਵਾਲਾ ਗੀਤ ਹੈ। ਸਤਿਗੁਰੂ ਦਾ ਸੁਣਾਇਆ ਸੁੰਦਰ ਸ਼ਬਦ ਸਦਾ ਹੀ ਅਨੰਦ ਦੇਣ ਵਾਲਾ ਹੈ। ਇਹ ਸ਼ਬਦ ਉਨ੍ਹਾਂ ਸਿੱਖਾਂ ਦੇ ਮਨ ਵਿਚ ਵਸਿਆ ਹੈ, ਜਿਨ੍ਹਾਂ ਦੇ (ਮੱਥੇ ਤੇ) ਧੁਰ ਤੋਂ ਹੀ ਲੇਖ ਲਿਖਿਆ ਆਇਆ ਹੈ। ਕਈ (ਪਖੰਡੀ ਮਨੁੱਖ ਗਿਆਨ ਦੀਆਂ) ਬਹੁਤ ਗੱਲਾਂ ਕਰਦੇ ਫਿਰਦੇ ਹਨ, (ਪਰ ਨਿਰੀਆਂ) ਗੱਲਾਂ ਕਰਨ ਨਾਲ ਕਿਸੇ ਨੇ ਵੀ (ਆਤਮਕ ਅਨੰਦ) ਪ੍ਰਾਪਤ ਨਹੀਂ ਕੀਤਾ। ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਦਾ ਸੁਣਾਇਆ ਹੋਇਆ ਸ਼ਬਦ ਅਨੰਦ ਦੇਣ ਵਾਲਾ ਗੀਤ ਹੈ।੧੬।

ਪਦਾਰਥ =ਚਲਾਇਹਿ-ਚਲਾਉਂਦਾ ਹੈਂ। ਤਿਵ-ਉਸੇ ਤਰ੍ਹਾਂ। ਚਲਹ-ਅਸੀਂ ਚਲਦੇ ਹਾਂ। ਸੁਆਮੀ-ਹੇ ਮਾਲਕ ਪ੍ਰਭੂ!। ਕਿਆ ਜਾਣਾ-ਕੀ ਜਾਣਦੇ ਹਾਂ? ਮਾਰਗਿ-ਰਸਤੇ ਉਤੇ। ਪਾਵਹੇ-ਤੂੰ ਪਾਉਂਦਾ ਹੈਂ। ਜਿਨ-ਜਿਨ੍ਹਾਂ ਨੂੰ। ਨਾਮਿ ਲਾਇਹਿ-ਨਾਮ ਵਿਚ ਲਾਉਂਦਾ ਹੈਂ। ਸਿ-ਉਹ (ਮਨੁੱਖ)। ਧਿਆਵਹੇ-ਧਿਆਉਂਦੇ ਹਨ। ਸੁਣਾਇਹਿ-ਸੁਣਾਉਂਦਾ ਹੈਂ। ਗੁਰ ਦੁਆਰੈ-ਗੁਰੂ ਦੁਆਰਾ। ਪਾਵਹੇ-ਪਾਉਂਦੇ ਹਨ। ਸਚੇ ਸਾਹਿਬ-ਹੇ ਸੱਚੇ ਮਾਲਕ ਪ੍ਰਭੂ!। ਭਾਵੈ-ਚੰਗਾ ਲਗਦਾ ਹੈ। ਤਿਵੈ-ਉਸੇ ਤਰ੍ਹਾਂ। ਚਲਾਵਹੇ-ਚਲਾਉਂਦਾ ਹੈਂ।੧੫। ਸੋਹਿਲਾ-ਹਰੀ ਦਾ ਜਸ; ਆਤਮਕ ਅਨੰਦ ਦੇਣ ਵਾਲਾ ਗੀਤ। ਸੁਹਾਵਾ-ਸੁੰਦਰ। ਤਿਨ ਕੈ-ਉਨ੍ਹਾਂ ਦੇ। ਮੰਨਿ-ਮਨ ਵਿਚ। ਜਿਨ-ਜਿਨ੍ਹਾਂ ਦੇ। ਧੁਰਹੁ-ਧੁਰ ਹਰੀ ਦੀ ਹਜੂਰੀ ਤੋਂ। ਇਕਿ-ਕਈ ਮਨੁੱਖ। ਫਿਰਹਿ ਘਨੇਰੇ-ਬਹੁਤ ਤੁਰੇ ਫਿਰਦੇ ਹਨ। ਕਰਹਿ ਗਲਾ-ਗੱਲਾਂ ਕਰਦੇ ਹਨ। ਗਲੀ-ਗੱਲਾਂ ਕਰਨ ਨਾਲ। ਕਿਨੈ-ਕਿਸੇ ਨੇ। ਨ ਪਾਇਆ-ਪ੍ਰਾਪਤ ਨਹੀਂ ਕੀਤਾ।੧੬।

ਪਵਿਤੁ ਹੋਏ ਸੇ ਜਨਾ, ਜਿਨੀ ਹਰਿ ਧਿਆਇਆ ॥ ਹਰਿ ਧਿਆਇਆ ਪਵਿਤੁ ਹੋਏ, ਗੁਰਮੁਖਿ ਜਿਨੀ ਧਿਆਇਆ ॥ ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ,ਪਵਿਤੁ ਸੰਗਤਿ ਸਬਾਈਆ ॥ ਕਹਦੇ ਪਵਿਤੁ ਸੁਣਦੇ ਪਵਿਤੁ ,ਸੇ ਪਵਿਤੁ ਜਿਨੀ ਮੰਨਿ ਵਸਾਇਆ ॥ ਕਹੈ ਨਾਨਕੁ ਸੇ ਪਵਿਤੁ ,ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥ ਕਰਮੀ ਸਹਜੁ ਨ ਊਪਜੈ, ਵਿਣੁ ਸਹਜੈ ਸਹਸਾ ਨ ਜਾਇ ॥ ਨਹ ਜਾਇ ਸਹਸਾ ਕਿਤੈ ਸੰਜਮਿ, ਰਹੇ ਕਰਮ ਕਮਾਏ ॥ ਸਹਸੈ ਜੀਉ ਮਲੀਣੁ ਹੈ, ਕਿਤੁ ਸੰਜਮਿ ਧੋਤਾ ਜਾਇ ॥ ਮੰਨੁ ਧੋਵਹੁ ਸਬਦਿ ਲਾਗਹੁ ,ਹਰਿ ਸਿਉ ਰਹਹੁ ਚਿਤੁ ਲਾਇ ॥ ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ, ਇਹੁ ਸਹਸਾ ਇਵ

ਜਾਇ ॥੧੮॥ (ਹੇ ਭਾਈ!) ਉਹ ਪੁਰਖ ਪਵਿਤ੍ਰ ਹੋਏ ਹਨ, ਜਿਨ੍ਹਾਂ ਨੇ ਹਰੀ ਨੂੰ ਧਿਆਇਆ ਹੈ। ਜਿਨ੍ਹਾਂ ਨੇ ਹਰੀ ਨੂੰ ਧਿਆਇਆ ਹੈ ਅਤੇ ਜਿਨ੍ਹਾਂ ਨੇ (ਵਰਤਮਾਨ ਸਮੇਂ ਵਿਚ ਵੀ) ਗੁਰੂ ਦੁਆਰਾ ਹਰੀ ਨੂੰ ਧਿਆਇਆ ਹੈ, (ਉਹ ਪੁਰਖ) ਪਵਿਤ੍ਰ ਹੋਏ ਹਨ। (ਉਨ੍ਹਾਂ ਦੇ) ਮਾਤਾ, ਪਿਤਾ, ਪ੍ਰਵਾਰ ਅਤੇ ਸੁਹਿਰਦਾਂ ਸਮੇਤ ਸਭ ਪਵਿਤ੍ਰ ਹਨ, (ਉਨ੍ਹਾਂ ਦੀ) ਸਾਰੀ ਸੰਗਤ ਹੀ ਪਵਿਤ੍ਰ ਹੋਈ ਹੈ। (ਪ੍ਰਭੂ ਦਾ ਨਾਮ) ਜਪਣ ਵਾਲੇ ਮਨੁੱਖ ਪਵਿਤ੍ਰ ਹਨ, ਸੁਣਨ ਵਾਲੇ ਮਨੁੱਖ ਵੀ ਪਵਿਤ੍ਰ ਹਨ, ਜਿਨ੍ਹਾਂ ਨੇ (ਹਰੀ ਦੇ ਨਾਮ ਨੂੰ ਅਪਣੇ) ਮਨ ਵਿਚ ਵਸਾਇਆ ਹੈ, ਉਹ ਵੀ ਪਵਿਤ੍ਰ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਪਵਿਤ੍ਰ ਹਨ, ਜਿਨ੍ਹਾਂ ਨੇ ਗੁਰੂ ਦੁਆਰਾ ਹਰੀ ਦਾ ਨਾਮ ਧਿਆਇਆ ਹੈ।੧੭। (ਹੇ ਭਾਈ! ਸ਼ਾਸਤ੍ਰਾਂ ਦੇ ਦੱਸੇ) ਕਰਮ ਕਰਨ ਨਾਲ ਆਤਮਕ ਗਿਆਨ ਪੈਦਾ ਨਹੀਂ ਹੁੰਦਾ ਅਤੇ ਗਿਆਨ ਤੋਂ ਬਿਨਾ ਮਨ ਦਾ ਸੰਸਾ ਦੂਰ ਨਹੀਂ ਹੁੰਦਾ। ਕਿਸੇ ਤਰੀਕੇ ਨਾਲ ਵੀ (ਮਨ ਦਾ) ਸੰਸਾ ਦੂਰ ਨਹੀਂ ਹੁੰਦਾ, (ਭਾਵੇਂ ਕੋਈ ਮਨੁੱਖ ਜਿੰਨੇ ਮਰਜੀ) ਕਰਮ ਕਮਾਉਂਦਾ ਰਹੇ; (ਬੇਅੰਤ ਲੋਕ ਅਜੇਹੇ) ਕਰਮ ਕਰਕੇ ਥੱਕ ਗਏ ਹਨ। ਸੰਸੇ ਕਰਕੇ ਹੀ (ਮਨੁੱਖ ਦਾ) ਮਨ ਮੈਲਾ ਹੁੰਦਾ ਹੈ, (ਫਿਰ ਦੱਸੋ) ਕਿਸ ਤਰੀਕੇ ਨਾਲ (ਇਸ ਨੂੰ) ਧੋਤਾ ਜਾਵੇ? (ਉਤਰ – ਗੁਰੂ ਦੇ) ਸ਼ਬਦ ਵਿਚ ਲਗ (ਜੁੜ) ਜਾਓ ਅਤੇ ਹਰੀ ਨਾਲ ਚਿਤ ਲਾ ਕੇ ਜੁੜੇ ਰਹੋ, (ਇਸ ਤਰੀਕੇ ਨਾਲ ਅਪਣੇ) ਮਨ ਨੂੰ ਧੋ ਲਵੋ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਕਿਰਪਾ ਨਾਲ ਆਤਮਕ ਗਿਆਨ ਪੈਦਾ ਹੁੰਦਾ ਹੈ, ਇਸ ਤਰ੍ਹਾਂ ਇਹ ਸੰਸਾ ਦੂਰ ਹੋ ਜਾਂਦਾ ਹੈ।੧੮।

ਪਦਾਰਥ = ਪਵਿਤੁ–ਪਵਿਤ੍ਰ ਜੀਵਨ ਵਾਲੇ। ਸੇ ਜਨਾ–ਉਹ ਮਨੁੱਖ। ਜਿਨੀ–ਜਿਨ੍ਹਾਂ ਨੇ। ਗੁਰਮੁਖਿ–ਗੁਰੂ ਰਾਹੀਂ। ਕੁਟੰਬ–ਪ੍ਰਵਾਰ। ਸਹਿਤ–ਸੁਹਿਰਦ; ਹਿਤਕਾਰੀ। ਸਿਉ–ਸਮੇਤ। ਸਬਾਈਆ–ਸਾਰੀ ਹੀ। ਮੰਨਿ–ਮਨ ਵਿਚ।੧੭। ਕਰਮੀ–(ਸ਼ਾਸਤ੍ਰਾਂ ਦੇ ਦੱਸੇ) ਕਰਮ ਕਰਨ ਨਾਲ। ਸਹਜੁ–ਗਿਆਨ; ਅਨੰਦ। ਸਹਸਾ–ਸੰਸਾ; ਭਰਮ। ਕਿਤੈ–ਕਿਸੇ ਵੀ। ਸੰਜਮਿ–ਜਤਨ ਨਾਲ; ਤਰੀਕੇ ਨਾਲ। ਰਹੇ–ਥੱਕ ਗਏ। ਜੀਉ–ਮਨ। ਮਲੀਣੁ–ਮੈਲਾ। ਕਿਤੁ–ਕਿਸ; ਕਿਹੜਾ। ਮੰਨੁ–ਮਨ। ਸਬਦਿ ਲਾਗਹੁ–ਗੁਰੂ ਦੇ ਸ਼ਬਦ ਵਿਚ ਜੁੜੋ। ਸਿਉ–ਨਾਲ। ਲਾਇ–ਲਾ ਕੇ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਉਪਜੈ–ਪੈਦਾ ਹੁੰਦਾ ਹੈ। ਇਵ–ਇਸ ਤਰ੍ਹਾਂ।੧੮।

ਜੀਅਹੁ ਮੈਲੇ ਬਾਹਰਹੁ ਨਿਰਮਲ ॥ ਬਾਹਰਹੁ ਨਿਰਮਲ ਜੀਅਹੁ ਤ ਮੈਲੇ, ਤਿਨੀ ਜਨਮੁ ਜੂਐ ਹਾਰਿਆ ॥ ਏਹ ਤਿਸਨਾ ਵਡਾ ਰੋਗੁ ਲਗਾ, ਮਰਣੁ ਮਨਹੁ ਵਿਸਾਰਿਆ ॥ ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ, ਫਿਰਹਿ ਜਿਉ ਬੇਤਾਲਿਆ ॥ ਕਹੈ ਨਾਨਕੁ ਜਿਨ ਸਚੁ ਤਜਿਆ, ਕੂੜੇ ਲਾਗੇ, ਤਿਨੀ ਜਨਮੁ ਜੂਐ ਹਾਰਿਆ ॥੧੯॥ ਜੀਅਹੁ ਨਿਰਮਲ ਬਾਹਰਹੁ ਨਿਰਮਲ ॥ ਬਾਹਰਹੁ ਤ ਨਿਰਮਲ ਜੀਅਹੁ ਨਿਰਮਲ, ਸਤਿਗੁਰ ਤੇ ਕਰਣੀ ਕਮਾਣੀ ॥ ਕੂੜ ਕੀ ਸੋਇ ਪਹੁਚੈ ਨਾਹੀ, ਮਨਸਾ ਸਚਿ ਸਮਾਣੀ ॥ ਜਨਮੁ ਰਤਨੁ ਜਿਨੀ ਖਟਿਆ, ਭਲੇ ਸੇ ਵਣਜਾਰੇ ॥ ਕਹੈ ਨਾਨਕੁ ਜਿਨ ਮੰਨੁ ਨਿਰਮਲੁ ,ਸਦਾ ਰਹਹਿ ਗੁਰ ਨਾਲੇ ॥੨੦॥ (ਜਿਹੜੇ ਕਰਮਕਾਂਡੀ ਮਨੁੱਖ) ਬਾਹਰੋਂ ਤਾਂ ਬੜੇ ਸਾਫ ਸੁਥਰੇ ਦਿਸਦੇ ਹਨ, (ਪਰ) ਮਨ ਤੋਂ ਮੈਲੇ ਹਨ। ਬਾਹਰੋਂ ਸਾਫ ਸੁਥਰੇ ਦਿਸਦੇ ਹਨ, (ਪਰ) ਮਨ ਵਿਚੋਂ ਤਾਂ ਮੈਲੇ ਹਨ, ਉਨ੍ਹਾਂ ਨੇ (ਅਪਣਾ ਮਨੁੱਖਾ) ਜਨਮ ਜੂਏ ਵਿਚ ਹਾਰ ਦਿਤਾ ਹੈ। (ਉਨ੍ਹਾਂ ਨੂੰ ਮਾਇਆ ਦੀ) ਤ੍ਰਿਸ਼ਨਾ ਦਾ ਵੱਡਾ ਰੋਗ ਲੱਗਾ ਹੋਇਆ ਹੈ, (ਮਾਇਆ ਦੇ ਲਾਲਚ ਵਿਚ ਉਨ੍ਹਾਂ ਨੇ) ਮੌਤ ਨੂੰ ਮਨ ਤੋਂ ਭੁਲਾ ਦਿਤਾ ਹੈ। ਵੇਦਾਂ ਵਿਚ (ਹੋਰ ਕਰਮ ਕਾਂਡ ਨਾਲੋਂ ਪ੍ਰਭੂ ਦੇ) ਨਾਮ ਨੂੰ ਉਤਮ ਦਸਿਆ ਹੋਇਆ ਹੈ, ਉਹ ਤਾਂ (ਇਹ ਕਰਮਕਾਂਡੀ ਲੋਕ) ਸੁਣਦੇ ਨਹੀਂ (ਬਾਹਰਲੀ ਰਹਿਣੀ ਤੇ ਜਿਆਦਾ ਜੋਰ ਦਿੰਦੇ ਰਹਿੰਦੇ ਹਨ, ਅਜੇਹੇ ਲੋਕ) ਭੂਤਨਿਆਂ ਵਾਂਗ ਭਟਕਦੇ ਫਿਰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਸੱਚੇ ਨਾਮ ਨੂੰ ਜਪਣਾ ਛੱਡਿਆ ਹੋਇਆ ਹੈ ਅਤੇ ਝੂਠੇ (ਪਖੰਡ) ਵਿਚ ਲੱਗੇ ਹੋਏ ਹਨ, ਉਨ੍ਹਾਂ ਨੇ (ਅਪਣਾ ਅਮੋਲਕ ਮਨੁੱਖਾ) ਜਨਮ ਜੂਏ ਵਿਚ ਹਾਰ ਦਿਤਾ ਹੈ।੧੯। (ਅੰਨਵੇ ਅੱਖਰ। ਜਿਨ੍ਹਾਂ ਪੁਰਖਾਂ ਨੇ) ਸਤਿਗੁਰੂ ਪਾਸੋਂ (ਨਾਮ ਬਾਣੀ ਦੀ) ਕਮਾਈ ਕਰਨੀ ਸਿੱਖੀ ਹੈ। (ਉਹ ਮਨੁੱਖ) ਮਨ ਤੋਂ ਪਵਿਤ੍ਰ ਅਤੇ ਬਾਹਰੋਂ ਵੀ ਪਵਿਤ੍ਰ ਹਨ। (ਉਹ ਮਨੁੱਖ) ਬਾਹਰੋਂ ਤਾਂ ਪਵਿਤ੍ਰ ਹਨ ਹੀ, ਮਨ ਤੋਂ ਵੀ ਪਵਿਤ੍ਰ ਹਨ। ਝੂਠ ਦੀ ਖਬਰ (ਉਨ੍ਹਾਂ ਤਕ) ਨਹੀਂ ਪਹੁੰਚਦੀ ਅਤੇ (ਉਨ੍ਹਾਂ ਦੀ) ਵਾਸ਼ਨਾ ਵੀ ਸੱਚੇ ਨਾਮ ਰਾਹੀਂ ਸਮਾ ਗਈ ਹੈ। ਜਿਨ੍ਹਾਂ ਨੇ ਹੀਰੇ ਵਰਗਾ ਅਮੋਲਕ ਮਨੁੱਖਾ ਜਨਮ ਖੱਟ ਲਿਆ ਹੈ (ਨਾਮ ਜਪ ਕੇ ਸਫਲ ਕਰ ਲਿਆ ਹੈ), ਉਹ ਚੰਗੇ ਵਪਾਰੀ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਪੁਰਖਾਂ ਦੇ ਮਨ ਪਵਿਤ੍ਰ ਹਨ, (ਉਹ) ਸਦਾ ਗੁਰੂ ਦੇ ਨਾਲ ਜੁੜੇ ਰਹਿੰਦੇ ਹਨ।੨੦।

ਪਦਾਰਥ = ਜੀਅਹੁ–ਮਨ ਤੋਂ; ਮਨ ਵਿਚੋਂ। ਬਾਹਰਹੁ–ਬਾਹਰ ਤੋਂ। ਨਿਰਮਲ–ਪਵਿਤ੍ਰ (ਸਾਫ ਸੁਥਰੇ)। ਤ–ਤਾਂ। ਤਿਨੀ–ਉਨ੍ਹਾਂ ਨੇ। ਜੂਐ–ਵਿਸ਼ੇ ਵਿਕਾਰਾਂ ਰੂਪ ਜੂਏ ਵਿਚ। ਮਰਣੁ–ਮੌਤ। ਮਨਹੁ–ਮਨ ਵਿਚੋਂ। ਵਿਸਾਰਿਆ–ਭੁਲਾ ਦਿਤਾ ਹੈ। ਵੇਦਾ ਮਹਿ–ਵੇਦਾਂ ਵਿਚ। ਸੋ–ਉਹ। ਜਿਉ ਬੇਤਾਲਿਆ–ਭੂਤਨਿਆਂ ਵਾਂਗ। ਜਿਨ–ਜਿਨ੍ਹਾਂ ਨੇ। ਤਜਿਆ–ਛਡ ਦਿਤਾ ਹੈ। ਕੂੜੇ ਲਾਗੇ–ਝੂਠ ਵਿਚ ਲੱਗੇ ਹੋਏ ਹਨ

।੧੯।ਸਤਿਗੁਰ ਤੇ-ਗੁਰੂ ਪਾਸੋਂ।ਕਰਣੀ-ਕਰਨ ਯੋਗ ਕਰਮ।ਕੂੜ ਕੀ-ਝੂਠ ਦੀ।ਸੋਇ-(ਕਨਸੋਇ) ਖਬਰ।ਮਨਸਾ-ਵਾਸ਼ਨਾ। ਸਚਿ-ਸੱਚੇ ਨਾਮ ਰਾਹੀਂ ਵਿਚ।ਸਮਾਣੀ-ਸਮਾ (ਮੁੱਕ) ਗਈ।ਜਿਨੀ-ਜਿਨ੍ਹਾਂ ਨੇ।ਖਟਿਆ-ਲਾਭ ਲਿਆ; ਸਫਲ ਕਰ ਲਿਆ।ਭਲੇ -ਚੰਗੇ।ਸੇ-ਉਹ।ਵਣਜਾਰੇ-(ਨਾਮ ਦੇ) ਵਪਾਰੀ।ਮੰਨੁ-ਮਨ।ਗੁਰ ਨਾਲੇ-ਗੁਰੂ ਦੇ ਨਾਲ (ਅੰਗ ਸੰਗ)।੨੦।

ਜੇ ਕੋ ਸਿਖੁ ,ਗੁਰੂ ਸੇਤੀ ਸਨਮੁਖੁ ਹੋਵੈ ॥ ਹੋਵੈ ਤ ਸਨਮੁਖੁ ਸਿਖੁ ਕੋਈ, ਜੀਅਹੁ ਰਹੈ ਗੁਰ ਨਾਲੇ ॥ ਗੁਰ ਕੇ ਚਰਨ ਹਿਰਦੈ ਧਿਆਏ, ਅੰਤਰ ਆਤਮੈ ਸਮਾਲੇ ॥ ਆਪੁ ਛਡਿ ਸਦਾ ਰਹੈ ਪਰਣੈ, ਗੁਰ ਬਿਨੁ ਅਵਰੁ ਨ ਜਾਣੈ ਕੋਏ ॥ ਕਹੈ ਨਾਨਕੁ ਸੁਣਹੁ ਸੰਤਹੁ ,ਸੋ ਸਿਖੁ ਸਨਮੁਖੁ ਹੋਏ ॥੨੧॥ (ਹੇ ਭਾਈ!) ਜੇ ਕੋਈ ਸਿੱਖ ਗੁਰੂ ਦੇ ਨਾਲ ਸਨਮੁਖ ਹੋਵੇ।ਕੋਈ ਸਿਖ ਤਾਂ ਹੀ (ਗੁਰੂ ਦੇ) ਸਨਮੁਖ ਹੋ ਸਕਦਾ ਹੈ, (ਜੇ ਉਹ) ਦਿਲੋਂ ਗੁਰੂ ਦੇ ਨਾਲ ਰਹਿੰਦਾ ਹੈ।ਗੁਰੂ ਦੇ ਚਰਨਾਂ ਦਾ ਹਿਰਦੇ ਵਿਚ ਧਿਆਨ ਕਰੇ ਅਤੇ ਆਤਮਾ ਦੇ ਅੰਦਰ (ਪ੍ਰਭੂ ਨੂੰ) ਯਾਦ ਕਰੇ।ਆਪਾ ਭਾਵ ਛਡ ਕੇ ਸਦਾ ਗੁਰੂ ਦੀ ਆਸਰੇ ਰਹੇ ਅਤੇ ਗੁਰੂ ਤੋਂ ਬਿਨਾ ਹੋਰ ਕੋਈ ਅਪਣਾ ਆਸਰਾ ਨਾ ਜਾਣੇ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸੰਤ ਜਨੋਂ! ਸੁਣੋ, ਉਹ ਸਿੱਖ ਗੁਰੂ ਦੇ ਸਨਮੁਖ ਹੁੰਦਾ ਹੈ।੨੧।

ਅੰਗ ੯੨੦ = ਜੇ ਕੋ ਗੁਰ ਤੇ ਵੇਮੁਖੁ ਹੋਵੈ, ਬਿਨੁ ਸਤਿਗੁਰ ਮੁਕਤਿ ਨ ਪਾਵੈ ॥ ਪਾਵੈ ਮੁਕਤਿ ਨ ਹੋਰ ਥੈ ਕੋਈ, ਪੁਛਹੁ ਬਿਬੇਕੀਆ ਜਾਇ ॥ ਅਨੇਕ ਜੂਨੀ ਭਰਮਿ ਆਵੈ, ਵਿਣੁ ਸਤਿਗੁਰ ਮੁਕਤਿ ਨ ਪਾਏ ॥ ਫਿਰਿ ਮੁਕਤਿ ਪਾਏ ਲਾਗਿ ਚਰਣੀ, ਸਤਿਗੁਰੂ ਸਬਦੁ ਸੁਣਾਏ ॥ ਕਹੈ ਨਾਨਕੁ ਵੀਚਾਰਿ ਦੇਖਹੁ ,ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥ (ਹੇ ਭਾਈ!) ਜੇ ਕੋਈ ਮਨੁੱਖ ਗੁਰੂ ਤੋਂ ਬੇਮੁਖ ਹੋਵੇ, (ਤਾਂ ਉਹ) ਸਤਿਗੁਰੂ ਦੀ ਸ਼ਰਣ ਵਿਚ ਆਏ ਤੋਂ ਬਿਨਾ (ਹੋਰ ਕਿਸੇ ਥਾਂ ਤੋਂ) ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।(ਉਹ) ਕਿਸੇ ਹੋਰ ਥਾਂ ਤੋਂ ਵੀ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ, (ਇਸ ਬਾਰੇ ਬੇਸ਼ੱਕ) ਗਿਆਨਵਾਨ ਪੁਰਖਾਂ ਕੋਲੋਂ ਜਾ ਕੇ ਪੁੱਛ ਲਵੋ।(ਬੇਮੁਖ ਬੇਸ਼ੱਕ) ਅਨੇਕਾਂ ਜੋਨੀਆਂ ਵਿਚ ਭੌਂ ਕੇ ਆਵੇ, (ਫਿਰ ਵੀ) ਸਤਿਗੁਰੂ ਦੀ ਸ਼ਰਣ ਵਿਚ ਆਏ ਤੋਂ ਬਿਨਾ (ਉਹ) ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।ਜੇ (ਉਹ ਸਤਿਗੁਰੂ ਦੇ) ਚਰਣੀਂ ਆ ਕੇ ਲੱਗੇ ਅਤੇ ਸਤਿਗੁਰੂ (ਉਸ ਨੂੰ) ਗੁਰ ਮੰਤ੍ਰ ਸੁਣਾਵੇ, ਫਿਰ (ਉਹ) ਮੁਕਤੀ ਪ੍ਰਾਪਤ ਕਰ ਸਕਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਗੁਰਮੁਖੋ!) ਵਿਚਾਰ ਕਰਕੇ ਦੇਖ ਲਵੋ, ਸਤਿਗੁਰੂ ਤੋਂ ਬਿਨਾ (ਕੋਈ ਮਨੁੱਖ) ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।੨੨।

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ।ਗਿਆਨੀ ਧਿਆਨੀ ਪੁਛਹੁ ਕੋਈ।(੧੦੬੩)

ਪਦਾਰਥ = ਕੋ-ਕੋਈ।ਸੇਤੀ-ਨਾਲ।ਸਨਮੁਖੁ-ਗੁਰੂ ਦੀ ਆਗਿਆ ਦਾ ਪਾਲਣ ਕਰਨ ਵਾਲਾ ਸਿੱਖ।ਤ-ਤਾਂ।ਜੀਅਹੁ-ਮਨੋਂ; ਦਿਲੋਂ ।ਨਾਲੇ-ਨਾਲ।ਧਿਆਏ-ਧਿਆਨ ਕਰੇ।ਅੰਤਰ ਆਤਮੇ-ਆਤਮਾ ਦੇ ਅੰਦਰ।ਸਮਾਲੇ-ਯਾਦ ਕਰੇ; ਸੰਭਾਲ ਰਖੇ।ਆਪੁ-ਆਪਾ ਭਾਵ।ਪਰਣੈ-ਆਸਰੇ।ਅਵਰੁ-ਹੋਰ।ਸੋ-ਉਹ।੨੨।ਵੇਮੁਖੁ-ਗੁਰੂ ਤੋਂ ਮੂੰਹ ਮੋੜ ਲੈਣ ਵਾਲਾ ਮਨੁੱਖ।ਮੁਕਤਿ-ਜਨਮ ਮਰਣ ਤੋਂ ਛੁਟਕਾਰਾ।ਹੋਰ ਥੈ-ਕਿਸੇ ਹੋਰ ਥਾਂ ਤੋਂ।ਬਿਬੇਕੀਆ-ਗਿਆਨਵਾਨ; ਵਿਚਾਰਵਾਨ।ਜਾਇ-ਜਾ ਕੇ।ਭਰਮਿ ਆਵੈ-ਭਟਕਦਾ ਆਵੇ ।ਵਿਣੁ-ਬਿਨਾ।ਨ ਪਾਏ-ਪ੍ਰਾਪਤ ਨਹੀਂ ਕਰ ਸਕਦਾ।ਸਬਦੁ-ਉਪਦੇਸ਼; ਗੁਰਮੰਤ੍ਰ।ਵੀਚਾਰਿ ਦੇਖਹੁ-ਵਿਚਾਰ ਕੇ ਦੇਖ ਲਵੋ।੨੨।

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ, ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ, ਜਪਿਹੁ ਸਾਰਿਗਪਾਣੀ ॥ ਕਹੈ ਨਾਨਕੁ ਸਦਾ ਗਾਵਹੁ ,ਏਹ ਸਚੀ ਬਾਣੀ ॥੨੩॥ ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ,ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ, ਕਚੀਂ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ, ਕਹਿਆ ਕਛੂ ਨ ਜਾਣੀ ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ, ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ,ਹੋਰ ਕਚੀ ਬਾਣੀ ॥੨੪॥ ਹੇ ਸਤਿਗੁਰੂ ਦੇ ਪਿਆਰੇ ਸਿੱਖੋ! ਆਓ, (ਆ ਕੇ ਸਤਿਗੁਰੂ ਦੀ) ਸੱਚੀ ਬਾਣੀ ਗਾਓ (ਕੀਰਤਨ ਕਰੋ)।ਬਾਣੀ ਤਾਂ ਗੁਰੂ ਦੀ ਹੀ ਗਾਓ, (ਜਿਹੜੀ ਸਭ) ਬਾਣੀਆਂ ਵਿਚੋਂ ਸ਼੍ਰੋਮਣੀ ਬਾਣੀ ਹੈ।ਜਿਨ੍ਹਾਂ (ਗੁਰਮੁਖਾਂ) ਉਤੇ ਮੇਹਰ ਦੀ ਨਜਰ ਕਰਨ ਵਾਲੇ ਪ੍ਰਭੂ ਦੀ ਬਖਸ਼ਿਸ਼ ਹੋਵੇ, ਉਹਨ੍ਹਾਂ ਦੇ ਹਿਰਦੇ ਵਿਚ (ਇਹ ਬਾਣੀ) ਵਸ ਜਾਂਦੀ ਹੈ।(ਤੁਸੀਂ ਬਾਣੀ ਰੂਪ) ਅੰਮ੍ਰਿਤ ਨੂੰ ਪੀਵੋ, ਸਦਾ ਹਰੀ ਦੇ ਪਿਆਰ ਵਿਚ ਰਹੋ ਅਤੇ ਹਰੀ ਨੂੰ ਜਪਦੇ ਰਹੋ।ਨਾਨਕ ਗੁਰੂ ਜੀ ਆਖਦੇ ਹਨ ਕਿ ਇਹ ਸਚੀ ਬਾਣੀ ਹੈ, (ਇਸ ਨੂੰ) ਸਦਾ ਗਾਉਂਦੇ ਰਹੋ। ੨੩।(ਹੇ ਗੁਰਸਿੱਖੋ!) ਸਤਿਗੁਰੂ ਦੀ ਬਾਣੀ ਤੋਂ ਬਿਨਾ ਹੋਰ (ਨਕਲੀ ਗੁਰੂਆਂ ਦੀ ਲਿਖੀ) ਬਾਣੀ ਕੱਚੀ ਹੈ।ਸਤਿਗੁਰੂ (ਦੀ ਉਚਾਰੀ ਬਾਣੀ) ਤੋਂ ਬਿਨਾ (ਨਕਲੀ ਗੁਰੂਆਂ ਦੀ ਲਿਖੀ) ਬਾਣੀ ਤਾਂ ਕੱਚੀ ਹੈ, (ਨਿਸਚੇ ਹੀ ਸਤਿਗੁਰੂ ਦੀ ਬਾਣੀ ਤੋਂ ਬਿਨਾ) ਹੋਰ ਬਾਣੀ

ਕੱਚੀ ਹੈ।(ਕੱਚੀ ਬਾਣੀ ਨੂੰ) ਪੜ੍ਹਨ ਵਾਲੇ ਮਨੁੱਖ ਕੱਚੇ ਹਨ ਅਤੇ ਸੁਣਨ ਵਾਲੇ ਮਨੁੱਖ ਵੀ ਕੱਚੇ ਹਨ, (ਕਿਉਂਕਿ ਉਹ ਬਾਣੀ) ਕੱਚੇ ਲੋਕਾਂ ਨੇ ਬੋਲ ਕੇ ਉਚਾਰਨ ਕੀਤੀ ਹੈ।(ਉਹ ਕੱਚੇ ਮਨੁੱਖ) ਜੀਭ ਨਾਲ ਨਿਤ ਹਰਿ ਹਰਿ ਤਾਂ ਉਚਾਰਨ ਕਰਦੇ ਹਨ, (ਪਰ ਉਹ ਅਪਣਾ) ਕਿਹਾ ਹੋਇਆ ਕੁਛ ਨਹੀਂ ਜਾਣਦੇ ।ਜਿਨ੍ਹਾਂ ਮਨੁੱਖਾਂ ਦਾ ਚਿਤ ਮਾਇਆ ਨੇ ਠੱਗ ਲਿਆ ਹੈ, (ਉਹ ਉਤੋਂ ਉਤੋਂ) ਬੇਰੋਕ ਬੋਲਦੇ ਪਏ ਹਨ (ਬਾਣੀ ਦਿਲੋਂ ਨਹੀਂ ਪੜ੍ਹਦੇ)।ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ (ਦੀ ਬਾਣੀ) ਤੋਂ ਬਿਨਾ ਹੋਰ ਬਾਣੀ ਕਚੀ ਹੈ।੨੪। ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ। (੩੦੪)

ਬੋਲਨਿ ਪਏ ਰਵਾਣੀ = ਬੇ ਰੋਕ ਪੜ੍ਹਨਾ; ਬਿਅਰਥ ਬੋਲਣਾ; ਮੂਹੋਂ ਪੜ੍ਹੀ ਜਾਣਾ, ਪਰ ਸਮਝਣਾ ਨਾ (ਗੁ.ਗ੍ਰੰ.ਕੋਸ਼); ਰਵਾਨਗੀ ਨਾਲ ਪਏ ਬੋਲਦੇ ਹਨ (ਮ.ਕੋ.); ਬੇ ਧਿਆਨ ਹੋ ਕੇ ਜਬਾਨੀ ਬੋਲਦੇ ਪਏ ਹਨ।

ਪਦਾਰਥ = ਅਵਹੁ-ਆਓ।ਗਾਵਹੁ-ਗਾਓ।ਤ-ਤਾਂ।ਕੇਰੀ-ਦੀ।ਸਿਰਿ-ਸ਼੍ਰੋਮਣੀ।ਜਿਨ ਕਉ-ਜਿਨ੍ਹਾਂ ਉਤੇ।ਨਦਰਿ ਕਰਮੁ-ਮੇਹਰ ਦੀ ਨਜਰ ਕਰਨ ਵਾਲੇ ਪ੍ਰਭੂ ਦੀ ਬਖਸ਼ਿਸ਼।ਹਿਰਦੈ-ਹਿਰਦੇ ਵਿਚ।ਤਿਨਾ-ਉਨ੍ਹਾਂ ਦੇ।ਸਮਾਣੀ-ਵਸ ਜਾਂਦੀ ਹੈ।ਹਰਿ ਰੰਗਿ-ਹਰੀ ਦੇ ਪਿਆਰ ਵਿਚ।ਸਾਰਿਗਪਾਣੀ-ਸਭ ਦੀ ਪਾਲਣਾ ਕਰਨ ਵਾਲਾ ਪ੍ਰਭੂ।੨੩।ਕਚੀ ਬਾਣੀ-ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਤੋਂ ਵਿਰੁੱਧ ਬਾਣੀ (ਮ.ਕੋ.)।ਕਹਦੇ-ਪੜ੍ਹਨ ਵਾਲੇ ਮਨੁੱਖ।ਸੁਣਦੇ-ਸੁਣਨ ਵਾਲੇ ਮਨੁੱਖ।ਕਚੇ-ਬੇ ਸਿਦਕੇ (ਸ਼ਰਧਾ ਹੀਣ) ਮਨੁੱਖ; ਪ੍ਰਮਾਰਥ ਵਿਚ ਲਗ ਕੇ ਛੇਤੀ ਟੁੱਟ ਜਾਣ ਵਾਲੇ ਮਨੁੱਖ (ਗੁ.ਗ੍ਰੰ.ਕੋਸ਼)।ਕਚੀਂ-ਕਚੇ ਮਨੁੱਖਾਂ ਨੇ।ਆਖਿ ਵਖਾਣੀ-ਬੋਲ ਕੇ ਉਚਾਰੀ ਹੈ।ਨਿਤ ਕਰਹਿ-ਹਰ ਰੋਜ ਉਚਾਰਨ ਕਰਦੇ ਹਨ।ਰਸਨਾ-ਜੀਭ ਨਾਲ।ਕਹਿਆ-ਅਪਣਾ ਕਿਹਾ ਹੋਇਆ।ਨ ਜਾਣੀ-ਨਹੀਂ ਜਾਣਦੇ (ਸਮਝਦੇ)।ਜਿਨ ਕਾ-ਜਿਨ੍ਹਾਂ ਦਾ।ਹਿਰਿ ਲਇਆ-ਚੁਰਾ (ਠੱਗ) ਲਿਆ।੨੪।

ਸਾਰੰਸ਼ = ਕੱਚੇ ਲੋਕ ਬਿਨਾ ਸੋਚੇ ਵਿਚਾਰੇ ਕਾਹਲੀ ਕਾਹਲੀ ਹਰੀ ਹਰੀ ਜਪੀ ਜਾਂਦੇ ਹਨ, ਪਰ ਉਨ੍ਹਾਂ ਨੂੰ ਹਰੀ ਦਾ ਗਿਆਨ ਨਹੀਂ। ਉਹ ਅਪਣਾ ਕਿਹਾ ਹੋਇਆ ਵਿਚਾਰਦੇ ਵੀ ਨਹੀਂ ਅਤੇ ਨਾ ਹੀ ਉਨ੍ਹਾਂ ਉਤੇ ਸੱਚੇ ਗੁਰੂ ਦੇ ਉਪਦੇਸ਼ ਦਾ ਕੋਈ ਅਸਰ ਹੁੰਦਾ ਹੈ।

ਗੁਰ ਕਾ ਸਬਦੁ ਰਤੰਨੁ ਹੈ, ਹੀਰੇ ਜਿਤੁ ਜੜਾਉ ॥ ਸਬਦੁ ਰਤਨੁ ਜਿਤੁ ਮੰਨੁ ਲਾਗਾ, ਏਹੁ ਹੋਆ ਸਮਾਉ ॥ ਸਬਦ ਸੇਤੀ ਮਨੁ ਮਿਲਿਆ, ਸਚੈ ਲਾਇਆ ਭਾਉ ॥ ਆਪੇ ਹੀਰਾ ਰਤਨੁ ਆਪੇ, ਜਿਸ ਨੋ ਦੇਇ ਬੁਝਾਇ ॥ ਕਹੈ ਨਾਨਕੁ ਸਬਦੁ ਰਤਨੁ ਹੈ, ਹੀਰਾ ਜਿਤੁ ਜੜਾਉ ॥੨੫॥ ਸਿਵ ਸਕਤਿ ਆਪਿ ਉਪਾਇ ਕੈ ਕਰਤਾ, ਆਪੇ ਹੁਕਮੁ ਵਰਤਾਏ ॥ ਹੁਕਮੁ ਵਰਤੈ ਆਪਿ ਵੇਖੈ, ਗੁਰਮੁਖਿ ਕਿਸੈ ਬੁਝਾਏ ॥ ਤੋੜੇ ਬੰਧਨ ਹੋਵੈ ਮੁਕਤੁ ,ਸਬਦੁ ਮੰਨਿ ਵਸਾਏ ॥ ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ, ਏਕਸ ਸਿਉ ਲਿਵ ਲਾਏ ॥ ਕਹੈ ਨਾਨਕੁ ਆਪਿ ਕਰਤਾ, ਆਪੇ ਹੁਕਮੁ ਬੁਝਾਏ ॥੨੬॥ (ਹੇ ਗੁਰਸਿੱਖੋ!) ਗੁਰੂ ਦਾ ਸ਼ਬਦ ਅਮੋਲਕ ਰਤਨ ਹੈ, ਜਿਸ ਵਿਚ ਗਿਆਨ ਅਤੇ ਸ਼ੁੱਭ ਗੁਣ ਆਦਿਕ ਹੀਰੇ ਪੰਨੇ ਜੜੇ ਹੋਏ ਹਨ।ਜਿਸ ਗੁਰਮੁਖ ਦੇ ਮਨ ਨੂੰ ਸ਼ਬਦ ਰੂਪ ਰਤਨ ਲੱਗ ਗਿਆ ਹੈ (ਸ਼ਬਦ ਰੂਪ ਰਤਨ ਮਨ ਨੂੰ ਜੜ ਲਿਆ ਹੈ, ਉਸ ਨੂੰ) ਇਹ ਅਨੰਦ ਪ੍ਰਾਪਤ ਹੋਇਆ ਹੈ।(ਉਸ ਗੁਰਮੁਖ ਦਾ) ਮਨ ਸ਼ਬਦ ਨਾਲ ਮਿਲ ਗਿਆ ਹੈ ਅਤੇ (ਉਸ ਨੇ) ਸੱਚੇ ਪ੍ਰਭੂ ਵਿਚ ਪ੍ਰੇਮ ਲਗਾ ਲਿਆ ਹੈ।ਜਿਸ ਗੁਰਮੁਖ ਨੂੰ ਪ੍ਰਭੂ (ਸ਼ਬਦ ਦਾ ਭਾਵ) ਸਮਝਾ ਦੇਂਦਾ ਹੈ, (ਉਹ ਜਾਣ ਲੈਂਦਾ ਹੈ ਕਿ) ਪ੍ਰਭੂ ਆਪ ਹੀ ਹੀਰਾ ਹੈ, ਆਪ ਹੀ ਰਤਨ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਗੁਰੂ ਦਾ) ਸ਼ਬਦ ਅਮੋਲਕ ਰਤਨ ਹੈ, ਜਿਸ ਵਿਚ ਗਿਆਨ ਅਤੇ ਸ਼ੁੱਭ ਗੁਣ ਹੀਰੇ ਪੰਨੇ ਜੜੇ ਹੋਏ ਹਨ।੨੫।ਕਰਤਾਰ ਆਪ ਹੀ ਚੇਤਨ ਸੱਤਾ ਅਤੇ ਮਾਇਆ; ਸ਼ਿਵ ਜੀ ਅਤੇ ਪਾਰਬਤੀ ਨੂੰ ਪੈਦਾ ਕਰਕੇ ਆਪ ਹੀ (ਉਨ੍ਹਾਂ ਉਤੇ) ਹੁਕਮ ਵਰਤਾ ਰਿਹਾ ਹੈ।(ਪ੍ਰਭੂ ਇਹ ਗਿਆਨ) ਗੁਰੂ ਦੁਆਰਾ ਕਿਸੇ ਵਿਰਲੇ ਮਨੁੱਖ ਨੂੰ ਸਮਝਾਉਂਦਾ ਹੈ ਕਿ ਪ੍ਰਭੂ (ਸਿਵ ਸਕਤੀ ਉਤੇ ਅਪਣਾ) ਹੁਕਮ ਵਰਤਾ ਰਿਹਾ ਹੈ ਅਤੇ ਆਪ ਹੀ (ਉਨ੍ਹਾਂ ਦੇ ਕੰਮਾਂ ਨੂੰ) ਦੇਖਦਾ ਹੈ।(ਜੋ ਗੁਰਮੁਖ ਗੁਰੂ ਦੇ) ਸ਼ਬਦ ਨੂੰ ਅਪਣੇ ਮਨ ਵਿਚ ਵਸਾਉਂਦਾ ਹੈ, ਉਹ (ਮਾਇਆ ਦੇ) ਬੰਧਨ ਤੋੜ ਕੇ (ਜਨਮ ਮਰਨ ਤੋਂ) ਮੁਕਤ ਹੋ ਜਾਂਦਾ ਹੈ।ਉਹ ਮਨੁੱਖ ਗੁਰਮੁਖ ਹੁੰਦਾ ਹੈ, ਜਿਸ ਨੂੰ ਪ੍ਰਭੂ ਆਪ (ਗੁਰਮੁਖ) ਬਣਾਉਂਦਾ ਹੈ, (ਫਿਰ ਉਹ) ਇਕ ਪ੍ਰਭੂ ਨਾਲ ਲਿਵ ਲਾਈ ਰਖਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਸਾਰੀ ਸ੍ਰਿਸਟੀ ਦਾ) ਕਰਤਾ ਪ੍ਰਭੂ ਆਪ ਹੀ ਹੈ ਅਤੇ ਆਪ ਹੀ (ਕਿਸੇ ਵਿਰਲੇ ਜੀਵ ਨੂੰ) ਹੁਕਮ ਮੰਨਣ ਦੀ ਸਮਝ ਬਖਸ਼ਦਾ ਹੈ।੨੬।

ਪਦਾਰਥ = ਰਤੰਨੁ-ਅਮੋਲਕ ਮਾਣਕ।ਜੜਾਉ-ਜੜੇ ਹੋਏ ਹਨ।ਜਿਤੁ-ਜਿਸ (ਸ਼ਬਦ) ਵਿਚ।ਮੰਨੁ-ਮਨ।ਸਮਾਉ-ਲੀਨਤਾ; ਅਨੰਦ।ਸੇਤੀ-ਨਾਲ।ਸਚੈ-ਸੱਚੇ ਪ੍ਰਭੂ ਵਿਚ।ਭਾਉ-ਪ੍ਰੇਮ।ਦੇਇ ਬੁਝਾਇ-ਸਮਝਾ ਦੇਂਦਾ ਹੈ।ਆਪੇ-(ਪ੍ਰਭੂ) ਆਪ ਹੀ।੨੫।ਸਿਵ ਸਕਤਿ-ਆਤਮਾ ਤੇ ਅਵਿਦਿਆ; ਸ਼ਾਂਤੀ ਤੇ ਤ੍ਰਿਸ਼ਨਾ (ਮ.ਕੋ.); ਚੇਤਨ ਸੱਤਾ ਤੇ ਮਾਇਆ।ਉਪਾਇ ਕੈ-ਪੈਦਾ ਕਰਕੇ।ਕਰਤਾ-

ਕਰਤਾਰ। ਗੁਰਮੁਖਿ–ਗੁਰੂ ਦੁਆਰਾ; ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਕਿਸੈ–ਕਿਸੇ ਨੂੰ। ਬੁਝਾਏ–ਸਮਝਾਉਂਦਾ ਹੈ। ਮੰਨਿ–ਮਨ ਵਿਚ। ਕਰੇ–ਕਰਦਾ (ਬਣਾਉਂਦਾ) ਹੈ। ਸੁ–ਉਹ। ਏਕਸ ਸਿਉ–ਇਕ ਪ੍ਰਭੂ ਨਾਲ। ਲਿਵ ਲਾਏ–ਸੁਰਤ ਜੋੜਦਾ ਹੈ।੨੬।

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ ॥ ਤਤੈ ਸਾਰ ਨ ਜਾਣੀ ਗੁਰੂ ਬਾਝਹੁ ,ਤਤੈ ਸਾਰ ਨ ਜਾਣੀ ॥ ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ, ਸੁਤਿਆ ਰੈਣਿ ਵਿਹਾਣੀ ॥ ਗੁਰ ਕਿਰਪਾ ਤੇ ਸੇ ਜਨ ਜਾਗੇ, ਜਿਨਾ ਹਰਿ ਮਨਿ ਵਸਿਆ, ਬੋਲਹਿ ਅੰਮ੍ਰਿਤ ਬਾਣੀ ॥ ਕਹੈ ਨਾਨਕੁ ਸੋ ਤਤੁ ਪਾਏ, ਜਿਸ ਨੋ ਅਨਦਿਨੁ ਹਰਿ ਲਿਵ ਲਾਗੈ, ਜਾਗਤ ਰੈਣਿ ਵਿਹਾਣੀ ॥੨੭॥ ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ, ਸੋ ਕਿਉ ਮਨਹੁ ਵਿਸਾਰੀਐ ॥ ਮਨਹੁ ਕਿਉ ਵਿਸਾਰੀਐ ਏਵਡੁ ਦਾਤਾ, ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥ ਓਸ ਨੋ ਕਿਹੁ ਪੋਹਿ ਨ ਸਕੀ, ਜਿਸ ਨਉ ਆਪਣੀ ਲਿਵ ਲਾਵਏ ॥ ਆਪਣੀ ਲਿਵ ਆਪੇ ਲਾਏ, ਗੁਰਮੁਖਿ ਸਦਾ ਸਮਾਲੀਐ ॥ ਕਹੈ ਨਾਨਕੁ ਏਵਡੁ ਦਾਤਾ, ਸੋ ਕਿਉ ਮਨਹੁ ਵਿਸਾਰੀਐ ॥੨੮॥ ਸਤਾਈ ਸਿਮ੍ਰਤੀਆਂ ਅਤੇ ਛੇ ਸ਼ਾਸ਼ਤ੍ਰ (ਪੜ੍ਹਨ ਵਾਲੇ ਪੰਡਤ) ਪੁੰਨ ਪਾਪ ਕਰਮਾਂ (ਦੇ ਫਲ) ਦੀ ਵਿਚਾਰ ਕਰਦੇ ਹਨ, (ਪਰ ਉਨ੍ਹਾਂ ਨੇ) ਪ੍ਰਭੂ ਦੀ ਖਬਰ ਨਹੀਂ ਜਾਣੀ। (ਉਨ੍ਹਾਂ ਪੰਡਤਾਂ ਨੇ) ਗੁਰੂ ਤੋਂ ਬਿਨਾ ਪ੍ਰਭੂ ਦੀ ਖਬਰ ਨਹੀਂ ਜਾਣੀ, ਪ੍ਰਭੂ ਦੀ ਖਬਰ (ਬਿਲਕੁਲ) ਨਹੀਂ ਜਾਣੀ। ਤਿੰਨ (ਰਜੋ, ਸਤੋ ਤੇ ਤਮੋ) ਗੁਣਾਂ ਦੇ ਭਰਮ ਵਿਚ ਸਾਰਾ ਸੰਸਾਰ ਸੱਤਾ ਪਿਆ ਹੈ, (ਸੰਸਾਰੀ ਜੀਵਾਂ ਦੀ ਜੀਵਨ ਰੂਪ) ਰਾਤ ਸੁੱਤੇ ਪਿਆਂ ਹੀ ਬੀਤ ਗਈ ਹੈ। ਗੁਰੂ ਦੀ ਕ੍ਰਿਪਾ ਨਾਲ ਉਹ ਮਨੁੱਖ (ਤਿੰਨ ਗੁਣਾਂ ਦੀ ਨੀਂਦ ਵਿਚੋਂ) ਜਾਗ ਪਏ ਹਨ, ਜਿਨ੍ਹਾਂ ਦੇ ਮਨ ਵਿਚ ਹਰੀ ਵਸਿਆ ਹੈ ਅਤੇ (ਗੁਰੂ ਦੀ) ਅੰਮ੍ਰਿਤ ਬਾਣੀ ਬੋਲਦੇ (ਪਾਠ ਕਰਦੇ) ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਪ੍ਰਭੂ ਨੂੰ ਪ੍ਰਾਪਤ ਕਰਦਾ ਹੈ, ਜਿਸ ਨੂੰ ਦਿਨ ਰਾਤ ਹਰੀ ਨਾਲ ਲਿਵ ਲੱਗੀ ਰਹਿੰਦੀ ਹੈ ਤੇ (ਜਿਸ ਦੀ ਜੀਵਨ ਰੂਪ) ਰਾਤ (ਮੋਹ ਮਾਇਆ ਦੀ ਨੀਂਦ ਵਿਚੋਂ) ਜਾਗਦਿਆਂ ਬੀਤਦੀ ਹੈ।੨੭। (ਜਿਹੜਾ ਪ੍ਰਭੂ) ਮਾਤਾ ਦੇ ਪੇਟ ਵਿਚ ਪਾਲਣਾ ਕਰਦਾ ਹੈ, ਉਸ ਨੂੰ ਮਨ ਵਿਚੋਂ ਕਿਉਂ ਭੁਲਾਈਏ? ਇਤਨੇ ਵੱਡੇ ਦਾਤੇ ਪ੍ਰਭੂ ਨੂੰ ਮਨ ਵਿਚੋਂ ਕਿਉਂ ਭੁਲਾਈਏ? ਜਿਹੜਾ (ਮਾਂ ਦੇ ਪੇਟ ਦੀ) ਅੱਗ ਵਿਚ ਖੁਰਾਕ ਪਹੁੰਚਾਉਂਦਾ ਹੈ। ਉਸ ਜੀਵ ਨੂੰ (ਮਾਂ ਦੇ ਪੇਟ ਦੀ ਅੱਗ) ਕੁਛ ਪੋਹ ਨਹੀਂ ਸਕਦੀ, ਜਿਸ ਨੂੰ ਪ੍ਰਭੂ ਅਪਣੀ ਲਿਵ ਲਾ ਦਿੰਦਾ ਹੈ। ਪ੍ਰਭੂ ਅਪਣੀ ਲਿਵ ਆਪ ਹੀ ਲਾਉਂਦਾ ਹੈ, (ਇਸ ਲਈ ਪ੍ਰਭੂ ਨੂੰ) ਗੁਰੂ ਰਾਹੀਂ ਸਦਾ ਯਾਦ ਕਰਨਾ ਚਾਹੀਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜਾ ਇਤਨਾ ਵੱਡਾ ਦਾਤਾ ਹੈ, ਉਸ ਨੂੰ ਮਨ ਵਿਚੋਂ ਕਿਉਂ ਭੁਲਾਈਏ? (ਭੁਲਾਉਣਾ ਨਹੀਂ ਚਾਹੀਦਾ)।੨੮।

ਪਦਾਰਥ = ਸਿਮ੍ਰਿਤਿ ਸਾਸਤ੍ਰ–ਹਿੰਦੂ ਮੱਤ ਦੇ ਧਾਰਮਕ ਗ੍ਰੰਥ। ਤਤੈ ਸਾਰ–ਪ੍ਰਭੂ ਦੀ ਖਬਰ; ਅਸਲੀਅਤ ਦੀ ਸਮਝ। ਬਾਝਹੁ–ਬਿਨਾ। ਤਿਹੀ ਗੁਣੀ–ਮਾਇਆ ਦੇ ਤਿੰਨ (ਰਜੋ, ਸਤੋ ਤੇ ਤਮੋ) ਗੁਣ। ਭ੍ਰਮਿ–ਭਰਮ ਵਿਚ। ਰੈਣਿ–ਜੀਵਨ ਦੀ ਰਾਤ। ਵਿਹਾਣੀ–ਬੀਤ ਗਈ। ਤੇ–ਤੋਂ; ਨਾਲ। ਸੇ ਜਨ–ਉਹ ਮਨੁੱਖ। ਜਿਨਾ ਮਨਿ–ਜਿਨ੍ਹਾਂ ਦੇ ਮਨ ਵਿਚ। ਬੋਲਹਿ–ਬੋਲਦੇ (ਪਾਠ ਕਰਦੇ) ਹਨ। ਸੋ–ਉਹ (ਮਨੁੱਖ)। ਪਾਏ–ਪ੍ਰਾਪਤ ਕਰਦਾ ਹੈ। ਅਨਦਿਨੁ–ਹਰ ਰੋਜ। ਜਾਗਤ–ਜਾਗਦਿਆਂ।੨੭। ਕੇ–ਦੇ। ਉਦਰ ਮਹਿ–ਪੇਟ ਵਿਚ। ਸੋ–ਉਹ; ਉਸ ਨੂੰ। ਮਨਹੁ–ਮਨ ਵਿਚੋਂ। ਵਿਸਾਰੀਐ–ਭੁਲਾਈਏ। ਏਵਡੁ–ਇਤਨਾ ਵੱਡਾ। ਜਿ–ਜਿਹੜਾ। ਅਗਨਿ–(ਮਾਂ ਦੇ ਪੇਟ ਦੀ) ਅੱਗ। ਆਹਾਰੁ–ਖੁਰਾਕ। ਓਸ ਨੋ–ਉਸ ਨੂੰ। ਕਿਹੁ–ਕੁਛ। ਪੋਹਿ ਨ ਸਕੀ–ਪੋਹ ਨਹੀਂ ਸਕਦਾ। ਜਿਸ ਨਉ–ਜਿਸ ਨੂੰ। ਲਿਵ–ਪ੍ਰੀਤ; ਲਗਨ; ਬਿਰਤੀ। ਲਾਵਏ–ਲਾਉਂਦਾ ਹੈ। ਗੁਰਮੁਖਿ–ਗੁਰੂ ਦੁਆਰਾ। ਸਮਾਲੀਐ–ਯਾਦ ਕਰਨਾ ਚਾਹੀਦਾ ਹੈ।੨੮।

ਅੰਗ ੯੨੧ = ਜੈਸੀ ਅਗਨਿ ਉਦਰ ਮਹਿ, ਤੈਸੀ ਬਾਹਰਿ ਮਾਇਆ ॥ ਮਾਇਆ ਅਗਨਿ ਸਭ ਇਕੋ ਜੇਹੀ, ਕਰਤੈ ਖੇਲੁ ਰਚਾਇਆ ॥ ਜਾ ਤਿਸੁ ਭਾਣਾ ਤਾ ਜੰਮਿਆ, ਪਰਵਾਰਿ ਭਲਾ ਭਾਇਆ ॥ ਲਿਵ ਛੁੜਕੀ ਲਗੀ ਤ੍ਰਿਸਨਾ, ਮਾਇਆ ਅਮਰੁ ਵਰਤਾਇਆ ॥ ਏਹ ਮਾਇਆ ਜਿਤੁ ਹਰਿ ਵਿਸਰੈ, ਮੋਹੁ ਉਪਜੈ ਭਾਉ ਦੂਜਾ ਲਾਇਆ ॥ ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ, ਤਿਨੀ ਵਿਚੇ ਮਾਇਆ ਪਾਇਆ ॥੨੯॥ ਹਰਿ ਆਪਿ ਅਮੁਲਕੁ ਹੈ, ਮੁਲਿ ਨ ਪਾਇਆ ਜਾਇ ॥ ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ,ਰਹੇ ਲੋਕ ਵਿਲਲਾਇ ॥ ਐਸਾ ਸਤਿਗੁਰੁ ਜੇ ਮਿਲੈ, ਤਿਸ ਨੋ ਸਿਰੁ ਸਉਪੀਐ, ਵਿਚਹੁ ਆਪੁ ਜਾਇ ॥ ਜਿਸ ਦਾ ਜੀਉ ਤਿਸੁ ਮਿਲਿ ਰਹੈ, ਹਰਿ ਵਸੈ ਮਨਿ ਆਇ ॥ ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ, ਜਿਨ ਹਰਿ ਪਲੈ ਪਾਇ ॥੩੦॥ (ਹੇ ਭਾਈ!) ਮਾਤਾ ਦੇ ਪੇਟ ਵਿਚ ਜਿਸ ਤਰ੍ਹਾਂ ਦੀ ਅੱਗ ਹੈ, ਉਸੇ ਤਰ੍ਹਾਂ ਦੀ ਬਾਹਰ (ਸੰਸਾਰ ਵਿਚ) ਮਾਇਆ ਦੀ ਅੱਗ ਹੈ। ਮਾਇਆ ਤੇ (ਮਾਂ ਦੇ ਪੇਟ ਦੀ) ਅੱਗ ਸਭ ਇਕੋ ਜਿਹੀਆਂ (ਦੋਵੇਂ ਦੁਖਦਾਈ) ਹਨ, ਕਰਤਾਰ ਨੇ (ਇਹ ਸਾਰਾ) ਖੇਲ ਰਚਾਇਆ ਹੋਇਆ ਹੈ। ਜਦੋਂ ਉਸ ਪ੍ਰਭੂ ਨੂੰ ਚੰਗਾ ਲੱਗਿਆ, ਤਾਂ (ਜੀਵ ਦਾ ਸੰਸਾਰ ਵਿਚ) ਜਨਮ ਹੋਇਆ, ਪ੍ਰਵਾਰ ਵਿਚ (ਜੀਵ

ਦਾ ਜਨਮ ਲੈਣਾ) ਚੰਗਾ ਲੱਗਿਆ (ਸਭ ਨੇ ਖੁਸ਼ੀ ਮਨਾਈਆਂ।ਮਾਂ ਦੇ ਪੇਟ ਵਿਚ) ਪ੍ਰਭੂ ਨਾਲ ਜੋ ਲਿਵ ਲੱਗੀ ਹੋਈ ਸੀ, (ਉਹ ਜਨਮ ਲੈਂਦਿਆਂ) ਟੁੱਟ ਗਈ, (ਕਿਉਂਕਿ ਜੀਵ ਉਤੇ) ਮਾਇਆ ਦਾ ਹੁਕਮ ਵਰਤ ਗਿਆ, (ਜੀਵ ਮਾਇਆ ਦੇ ਅਧੀਨ ਹੋ ਗਿਆ, ਜਿਸ ਕਰਕੇ ਇਸ ਨੂੰ ਪਦਾਰਥਾਂ ਦੀ) ਤ੍ਰਿਸ਼ਨਾ ਲਗ (ਚਿੰਬੜ) ਗਈ। ਇਹ ਮਾਇਆ ਹੀ ਹੈ, ਜਿਸ ਵਿਚ ਲਗ ਕੇ ਹਰੀ ਭੁੱਲ ਜਾਂਦਾ ਹੈ, (ਮਾਇਆ ਦਾ) ਮੋਹ ਪੈਦਾ ਹੋ ਜਾਂਦਾ ਹੈ, (ਇਸ ਮੋਹ ਨੇ ਜੀਵ ਨੂੰ) ਦੂਜਾ ਪ੍ਰੇਮ ਲਗਾ ਦਿਤਾ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਜਿਨ੍ਹਾਂ ਪੁਰਖਾਂ ਦੀ ਹਰੀ ਨਾਲ ਲਿਵ ਲਗ ਜਾਂਦੀ ਹੈ, ਉਨ੍ਹਾਂ ਨੇ ਮਾਇਆ ਵਿਚ ਰਹਿੰਦਿਆਂ ਹੀ ਹਰੀ ਨੂੰ ਪਾ ਲਿਆ ਹੈ।੨੯।(ਹੇ ਭਾਈ!) ਹਰੀ ਆਪ ਅਮੋਲਕ ਹੈ, (ਉਹ ਕਿਸੇ ਧਨ ਪਦਾਰਥ ਦੇ) ਮੁੱਲ ਨਾਲ ਪਾਇਆ ਨਹੀਂ ਜਾ ਸਕਦਾ।(ਹਰੀ) ਕਿਸੇ ਤੋਂ ਮੁਲ ਨਾਲ ਪਾਇਆ ਨਹੀਂ ਜਾ ਸਕਦਾ, (ਅਨੇਕਾਂ) ਲੋਕ ਬਿਰਲਾਪ (ਜਤਨ) ਕਰਦੇ ਰਹੇ ਹਨ; ਥੱਕ ਹਾਰ ਗਏ ਹਨ। ਜੇ ਇਹੋ ਜਿਹਾ (ਗੁਰੂ ਨਾਨਕ ਦੇਵ ਜੀ ਵਰਗਾ) ਸਤਿਗੁਰੂ ਮਿਲ ਪਵੇ, ਤਾਂ ਉਸ ਨੂੰ ਅਪਣਾ ਸਿਰ ਸੌਂਪ ਦੇਈਏ, (ਸਤਿਗੁਰੂ ਦੀ ਸੰਗਤ ਕਰਕੇ) ਮਨ ਵਿਚੋਂ ਆਪਾ ਭਾਵ ਦੂਰ ਹੋ ਜਾਵੇ।(ਫਿਰ) ਜਿਸ ਪ੍ਰਭੂ ਦਾ ਪੈਦਾ ਕੀਤਾ ਇਹ ਜੀਵ ਹੈ, ਉਸ ਨੂੰ ਮਿਲ ਪਵੇਗਾ ਅਤੇ ਹਰੀ ਮਨ ਵਿਚ ਆ ਕੇ ਵਸ ਜਾਏਗਾ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਆਪ ਅਮੋਲਕ ਹੈ, ਉਨ੍ਹਾਂ (ਗੁਰਸਿੱਖਾਂ) ਦੇ ਵੱਡੇ ਭਾਗ ਹਨ, (ਸਤਿਗੁਰੂ) ਜਿਨ੍ਹਾਂ ਦੇ (ਹਿਰਦੇ ਰੂਪ) ਪੱਲੇ ਵਿਚ ਹਰੀ ਦਾ ਨਾਮ ਪਾ ਦੇਂਦਾ ਹੈ।੩੦।

ਪਦਾਰਥ = ਉਦਰ ਮਹਿ–ਮਾਂ ਦੇ ਪੇਟ ਵਿਚ। ਤੈਸੀ–ਉਹੋ ਜਿਹੀ। ਬਾਹਰਿ–ਬਾਹਰ ਸੰਸਾਰ ਵਿਚ। ਕਰਤੈ–ਕਰਤਾਰ ਨੇ। ਜਾ–ਜਦੋਂ। ਤਿਸੁ ਭਾਣਾ–ਉਸ (ਪ੍ਰਭੂ) ਨੂੰ ਚੰਗਾ ਲੱਗਾ। ਪਰਵਾਰਿ–ਪ੍ਰਵਾਰ ਵਿਚ। ਭਲਾ ਭਾਇਆ–ਚੰਗਾ ਲੱਗਾ (ਖੁਸੀ ਮਨਾਈ)। ਲਿਵ–ਸੁਰਤ। ਛੁੜਕੀ–ਟੱਟ ਗਈ। ਅਮਰੁ–ਹੁਕਮ। ਜਿਤੁ–ਜਿਸ ਤੋਂ। ਵਿਸਰੈ–ਭੁੱਲ ਜਾਂਦਾ ਹੈ। ਉਪਜੈ–ਪੈਦਾ ਹੁੰਦਾ ਹੈ। ਭਾਉ ਦੂਜਾ–(ਹਰੀ ਤੋਂ ਬਿਨਾ ਕਿਸੇ) ਦੂਜੇ ਦਾ ਪ੍ਰੇਮ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਤਿਨੀ–ਉਨ੍ਹਾਂ ਨੇ।੨੯। ਅਮੁਲਕੁ–ਅਮੋਲਕ; ਮੁੱਲ ਰਹਿਤ। ਮੁਲਿ–ਮੁੱਲ ਨਾਲ। ਕਿਸੈ ਵਿਟਹੁ–ਕਿਸ (ਵੀ ਮਨੁੱਖ) ਤੋਂ। ਰਹੇ–ਰਹਿ ਗਏ; ਥੱਕ ਹਾਰ ਗਏ। ਵਿਲਲਾਇ–ਵਿਰਲਾਪ ਕਰਦੇ; ਖਪ ਖਪ ਕੇ। ਤਿਸ ਨੋ–ਉਸ (ਪ੍ਰਭੂ) ਨੂੰ। ਸਉਪੀਐ–ਭੇਟਾ ਕਰ ਦੇਈਏ। ਵਿਚਹੁ–ਮਨ ਵਿਚੋਂ। ਆਪੁ–ਆਪਣੱਤ; ਹੰਕਾਰ। ਜੀਉ–ਜੀਵ। ਮਨਿ–ਮਨ ਵਿਚ। ਤਿਨਾ ਕੇ–ਉਨ੍ਹਾਂ (ਸਿੱਖਾਂ) ਦੇ। ਜਿਨ–ਜਿਨ੍ਹਾਂ ਦੇ। ਪਲੈ ਪਾਇ–ਪੱਲੇ ਵਿਚ (ਨਾਮ) ਪਾਉਂਦਾ ਹੈ।੩੦।

ਸਾਰੰਸ਼ = ਜਿਵੇਂ ਜੀਵ ਨੂੰ ਮਾਂ ਦੇ ਪੇਟ ਦੇ ਅੰਦਰ ਦੀ ਅੱਗ ਤੋਂ ਹਰੀ ਬਚਾ ਕੇ ਰਖਦਾ ਹੈ, ਤਿਵੇਂ ਉਹ ਬਾਹਰ ਸੰਸਾਰ ਵਿਚ ਵੀ ਮਾਇਆ ਦੀ ਅੱਗ ਤੋਂ ਵੀ ਬਚਾਉਂਦਾ ਹੈ। ਹਰੀ ਅਪਣੀ ਲਿਵ ਨਾਲ ਜੋੜ ਕੇ ਜੀਵ ਦੇ ਮਨ ਨੂੰ ਇਸ ਤਰ੍ਹਾਂ ਪੱਕਾ ਕਰ ਦੇਂਦਾ ਹੈ ਕਿ ਉਹ ਸੰਸਾਰ ਵਿਚ ਰਹਿੰਦਾ ਹੋਇਆ ਵੀ ਮਾਇਆ ਦੇ ਅਸਰ ਤੋਂ ਬਚਿਆ ਰਹਿੰਦਾ ਹੈ। ਮਾਇਆ ਮਨੁੱਖ ਦੇ ਮਨ ਵਿਚੋਂ ਹਰੀ ਨੂੰ ਭੁਲਾ ਦੇਣ ਵਾਲੀ ਹੈ, ਜੇ ਮਨੁੱਖ ਦੇ ਮਨ ਵਿਚ ਹਰੀ ਦੀ ਲਗਨ ਹੋਵੇ, ਤਾਂ ਮਾਇਆ ਦਾ ਅਸਰ ਨਹੀਂ ਹੁੰਦਾ।(ਸ਼ਬਦਾਰਥ)

ਹਰਿ ਰਾਸਿ ਮੇਰੀ, ਮਨੁ ਵਣਜਾਰਾ ॥ ਹਰਿ ਰਾਸਿ ਮੇਰੀ ਮਨੁ ਵਣਜਾਰਾ, ਸਤਿਗੁਰ ਤੇ ਰਾਸਿ ਜਾਣੀ ॥ ਹਰਿ ਹਰਿ ਨਿਤ ਜਪਿਹੁ ਜੀਅਹੁ ,ਲਾਹਾ ਖਟਿਹੁ ਦਿਹਾੜੀ ॥ ਏਹੁ ਧਨੁ ਤਿਨਾ ਮਿਲਿਆ, ਜਿਨ ਹਰਿ ਆਪੇ ਭਾਣਾ ॥ ਕਹੈ ਨਾਨਕੁ ਹਰਿ ਰਾਸਿ ਮੇਰੀ, ਮਨੁ ਹੋਆ ਵਣਜਾਰਾ ॥੩੧॥ ਏ ਰਸਨਾ ਤੂ ਅਨ ਰਸਿ ਰਾਚਿ ਰਹੀ, ਤੇਰੀ ਪਿਆਸ ਨ ਜਾਇ ॥ ਪਿਆਸ ਨ ਜਾਇ ਹੋਰਤੁ ਕਿਤੈ, ਜਿਚਰੁ ਹਰਿ ਰਸੁ ਪਲੈ ਨ ਪਾਇ ॥ ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ,ਬਹੁੜਿ ਨ ਤ੍ਰਿਸਨਾ ਲਾਗੈ ਆਇ ॥ ਏਹੁ ਹਰਿ ਰਸੁ ਕਰਮੀ ਪਾਈਐ, ਸਤਿਗੁਰੁ ਮਿਲੈ ਜਿਸੁ ਆਇ ॥ ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ, ਜਾ ਹਰਿ ਵਸੈ ਮਨਿ ਆਇ ॥੩੨॥

(ਹੇ ਭਾਈ!) ਹਰੀ ਦਾ ਨਾਮ ਮੇਰੀ ਪੂੰਜੀ ਹੈ ਅਤੇ ਮੇਰਾ ਮਨ (ਉਸ ਦਾ) ਵਪਾਰੀ ਹੈ। ਹਰੀ ਦਾ ਨਾਮ ਹੀ ਮੇਰੀ ਪੂੰਜੀ ਹੈ ਅਤੇ ਮੇਰਾ ਮਨ (ਉਸ ਦਾ) ਵਪਾਰੀ ਹੈ, (ਇਸ) ਪੂੰਜੀ ਦੀ ਪ੍ਰਾਪਤੀ ਮੈਂ ਸਤਿਗੁਰੂ ਪਾਸੋਂ ਜਾਣੀ ਹੈ।(ਸਤਿਗੁਰੂ ਨੇ ਸਿੱਖਿਆ ਦਿਤੀ ਹੈ ਕਿ ਹੇ ਗੁਰ ਸਿੱਖੋ!) ਹਰੀ ਦਾ ਨਾਮ ਹਰ ਰੋਜ ਦਿਲੋਂ ਜਪਿਆ ਕਰੋ, (ਇਉਂ ਜੀਵਨ ਦਾ) ਹਰ ਰੋਜ ਲਾਹਾ ਖੱਟ ਲਵੋ। ਏਹ ਨਾਮ ਧਨ ਉਨ੍ਹਾਂ ਗੁਰਮੁਖਾਂ ਨੂੰ ਮਿਲਿਆ ਹੈ, ਜਿਨ੍ਹਾਂ ਨੂੰ ਹਰੀ ਆਪ ਦੇਣਾ ਚਾਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਨਾਮ ਮੇਰੀ ਪੂੰਜੀ ਹੈ ਅਤੇ ਮੇਰਾ ਮਨ (ਉਸ ਨਾਮ ਦਾ) ਵਪਾਰੀ ਹੋਇਆ ਹੈ।੩੧। ਹੇ ਰਸਨਾ! ਤੂੰ ਹੋਰ (ਵਿਸ਼ਿਆਂ ਦੇ) ਰਸਾਂ ਵਿਚ ਰਚ ਰਹੀ ਹੈਂ, (ਰਸਾਂ ਦੀ) ਤੇਰੀ ਪਿਆਸ ਨਹੀਂ ਜਾਂਦੀ। ਹੋਰ ਕਿਸੇ ਤਰੀਕੇ ਨਾਲ ਤੇਰੀ ਪਿਆਸ ਨਹੀਂ ਜਾ ਸਕਦੀ, ਜਿੰਨਾ ਚਿਰ ਤਕ ਤੂੰ ਹਰੀ ਦੇ ਨਾਮ ਦਾ ਰਸ ਅਪਣੇ ਹਿਰਦੇ ਰੂਪ ਪੱਲੇ ਵਿਚ ਨਹੀਂ ਪਾ ਲੈਂਦੀ। ਹਰੀ ਦਾ ਨਾਮ ਰਸ (ਜੇ ਅਪਣੇ) ਹਿਰਦੇ ਰੂਪ ਪੱਲੇ ਵਿਚ ਪਾ ਲਵੇਂ ਅਤੇ ਹਰੀ ਦੇ ਨਾਮ ਰਸ ਨੂੰ ਪੀਵੇਂ, ਤਾਂ ਮੁੜ ਕੇ (ਹੋਰ ਦੂਜੇ ਰਸਾਂ ਦੀ) ਤ੍ਰਿਸ਼ਨਾ ਆ ਕੇ ਨਹੀਂ ਲਗਦੀ। ਹਰੀ ਦਾ

ਇਹ ਨਾਮ ਰਸ ਭਾਗਾਂ ਨਾਲ (ਉਸ ਮਨੁੱਖ ਨੂੰ) ਪ੍ਰਾਪਤ ਹੁੰਦਾ ਹੈ, ਜਿਸ ਨੂੰ ਸਤਿਗੁਰੂ ਆ ਮਿਲਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਦੋਂ ਹਰੀ ਆ ਕੇ ਮਨ ਵਿਚ ਵਸ ਜਾਵੇ, ਤਾਂ ਹੋਰ ਦੂਜੇ ਸਾਰੇ ਰਸ ਭੁੱਲ ਜਾਂਦੇ ਹਨ।੩੨।

ਪਦਾਰਥ = ਰਾਸਿ-ਵਪਾਰ ਕਰਨ ਵਾਸਤੇ ਧਨ ਦੀ ਪੂੰਜੀ।ਵਣਜਾਰਾ-ਵਪਾਰੀ (ਖ਼ੀਦਦਾਰ)।ਤੇ-ਤੋਂ; ਪਾਸੋਂ।ਜਾਣੀ-ਜਾਣੀ ਹੈ; ਸਮਝ ਆਈ ਹੈ।ਨਿਤ-ਹਰ ਰੋਜ।ਜਪਿਹੁ-ਜਪਿਆ ਕਰੋ।ਜੀਅਹੁ-ਦਿਲ ਤੋਂ (ਮਨ ਲਾ ਕੇ); ਹੇ ਜੀਵ!।ਲਾਹਾ-ਲਾਭ।ਖਟਿਹੁ-ਕਮਾ ਲਵੋ।ਦਿਹਾੜੀ-ਹਰ ਰੋਜ।ਤਿਨਾ-ਉਨ੍ਹਾਂ ਨੂੰ।ਜਿਨ-ਜਿਨ੍ਹਾਂ ਨੂੰ।ਭਾਣਾ-ਚੰਗਾ ਲੱਗਾ; ਚਾਹੁੰਦਾ ਹੈ।੩੧।ਏ ਰਸਨਾ-ਹੇ ਜੀਭ! ।ਅਨ ਰਸਿ-ਹੋਰ ਰਸਾਂ ਵਿਚ।ਰਾਚਿ ਰਹੀ-ਮਸਤ ਹੋ ਰਹੀ ਹੈਂ।ਪਿਆਸ-ਰੁਚੀ; ਚਸਕਾ।ਹੋਰਤੁ ਕਿਤੈ-ਕਿਸੇ ਹੋਰ ਤਰੀਕੇ ਨਾਲ। ਜਿਚਰੁ-ਜਿੰਨਾ ਚਿਰ ਤਕ; ਜਦ ਤਕ।ਪਾਇ ਪਲੈ-ਹਿਰਦੇ ਰੂਪ ਪੱਲੇ ਵਿਚ ਪਾ ਲਵੇਂ।ਪੀਐ-ਪੀਵੇਂ।ਬਹੁੜਿ-ਮੁੜ ਕੇ।ਕਰਮੀ-ਭਾਗਾਂ ਨਾਲ; ਪ੍ਰਭੂ ਦੀ ਮੇਹਰ ਨਾਲ।ਵੀਸਰੇ-ਭੁੱਲ ਜਾਂਦੇ ਹਨ।ਜਾ-ਜਦੋਂ।ਮਨਿ-ਮਨ ਵਿਚ।੩੨।

ਏ ਸਰੀਰਾ ਮੇਰਿਆ, ਹਰਿ ਤੁਮ ਮਹਿ ਜੋਤਿ ਰਖੀ, ਤਾ ਤੂ ਜਗ ਮਹਿ ਆਇਆ ॥ ਹਰਿ ਜੋਤਿ ਰਖੀ ਤੁਧੁ ਵਿਚਿ, ਤਾ ਤੂ ਜਗ ਮਹਿ ਆਇਆ ॥ ਹਰਿ ਆਪੇ ਮਾਤਾ ਆਪੇ ਪਿਤਾ, ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥ ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ, ਚਲਤੁ ਨਦਰੀ ਆਇਆ ॥ ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ, ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥ ਮਨਿ ਚਾਉ ਭਇਆ, ਪ੍ਰਭ ਆਗਮੁ ਸੁਣਿਆ ॥ ਹਰਿ ਮੰਗਲੁ ਗਾਉ ਸਖੀ, ਗ੍ਰਿਹੁ ਮੰਦਰੁ ਬਣਿਆ ॥ ਹਰਿ ਗਾਉ ਮੰਗਲੁ ਨਿਤ ਸਖੀਏ, ਸੋਗੁ ਦੂਖੁ ਨ ਵਿਆਪਏ ॥ ਗੁਰ ਚਰਨ ਲਾਗੇ ਦਿਨ ਸਭਾਗੇ, ਆਪਨਾ ਪਿਰੁ ਜਾਪਏ ॥ ਅਨਹਤ ਬਾਣੀ ਗੁਰ ਸਬਦਿ ਜਾਣੀ, ਹਰਿ ਨਾਮੁ ਹਰਿ ਰਸੁ ਭੋਗੋ ॥ ਕਹੈ ਨਾਨਕੁ ਪ੍ਰਭੁ ਆਪਿ ਮਿਲਿਆ, ਕਰਣ ਕਾਰਣ ਜੋਗੋ ॥੩੪॥ ਹੇ ਮੇਰੇ ਸਰੀਰਾ! ਹਰੀ ਨੇ ਤੇਰੇ ਵਿਚ (ਜਦ ਅਪਣੀ) ਜੋਤ ਰਖੀ, ਤਾਂ ਤੂੰ ਜਗਤ ਵਿਚ ਆਇਆ ਹੈਂ।(ਚੰਗੀ ਤਰ੍ਹਾਂ ਸਮਝ ਲੈ ਕਿ) ਹਰੀ ਨੇ ਤੇਰੇ ਵਿਚ (ਅਪਣੀ) ਜੋਤ ਰੱਖੀ ਹੈ, ਤਾਂ ਤੂੰ ਜਗਤ ਵਿਚ ਆਇਆ ਹੈਂ।ਜਿਸ ਪ੍ਰਭੂ ਨੇ (ਤੇਰੇ ਸਰੀਰ ਵਿਚ) ਜੀਵਾਤਮਾ ਨੂੰ ਪੈਦਾ ਕਰਕੇ (ਤੈਨੂੰ) ਜਗਤ ਦਿਖਾਇਆ ਹੈ, (ਉਹ ਤੇਰਾ) ਆਪ ਹੀ ਮਾਤਾ ਹੈ ਅਤੇ ਆਪ ਹੀ ਪਿਤਾ ਹੈ।(ਇਹ ਜੋ ਪ੍ਰਭੂ ਦੀ) ਖੇਡ ਰੂਪ ਜਗਤ ਪੈਦਾ ਹੋਇਆ ਹੈ, (ਜੋ ਸੱਚਾ ਪ੍ਰਤੀਤ ਹੁੰਦਾ ਸੀ, ਜਦੋਂ ਇਸ ਨੂੰ) ਗੁਰੂ ਦੀ ਕ੍ਰਿਪਾ ਨਾਲ ਸਮਝਿਆ, ਤਾਂ ਜਗਤ (ਪ੍ਰਭੂ ਦੀ ਇਕ) ਖੇਡ ਹੀ ਨਜਰ ਆਇਆ ਹੈ (ਜਗਤ ਸਦਾ ਰਹਿਣ ਵਾਲਾ ਨਹੀਂ)।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਮੇਰੇ ਸਰੀਰਾ! ਪ੍ਰਭੂ ਨੇ ਆਪ ਹੀ) ਸ੍ਰਿਸਟੀ ਦਾ ਮੁੱਢ ਰਚਿਆ (ਜਗਤ ਦੀ ਨੀਂਹ ਰੱਖੀ) ਹੈ, ਤੇਰੇ ਵਿਚ ਪ੍ਰਭੂ ਨੇ (ਅਪਣੀ) ਜੋਤ ਰਖੀ ਤਾਂ ਤੂੰ ਜਗਤ ਵਿਚ ਆਇਆ ਹੈਂ।੩੩।(ਜਦੋਂ ਮੈਂ ਅਪਣੇ ਮਨ ਵਿਚ) ਪ੍ਰਭੂ ਦਾ ਆਗਮਨ ਸੁਣਿਆ, ਤਾਂ (ਮੇਰੇ) ਮਨ ਵਿਚ ਚਾਉ ਪੈਦਾ ਹੋਇਆ (ਖੁਸ਼ੀ ਹੋਈ।ਮੈਂ ਅਪਣੀਆਂ ਸਖੀਆਂ ਨੂੰ ਕਿਹਾ) ਹੇ ਸਖੀਓ! (ਤੁਸੀਂ) ਹਰੀ ਦਾ ਜਸ ਰੂਪ ਗੀਤ ਗਾਓ (ਕੀਰਤਨ ਕਰੋ, ਕਿਉਂਕਿ ਮੇਰਾ) ਹਿਰਦਾ ਘਰ (ਹਰੀ ਦਾ) ਮੰਦਰ ਬਣ ਗਿਆ ਹੈ।ਹੇ ਸਖੀਓ! ਤੁਸੀਂ ਹਰ ਰੋਜ ਹਰੀ ਦਾ ਜਸ ਰੂਪ ਗੀਤ ਗਾਓ, (ਫਿਰ ਤੁਹਾਨੂੰ ਕੋਈ) ਚਿੰਤਾ ਤੇ ਦੁਖ ਨਹੀਂ ਲੱਗੇਗਾ।(ਉਹ) ਦਿਨ ਭਾਗਾਂ ਵਾਲੇ ਸਨ, (ਜਦੋਂ) ਮੈਂ ਗੁਰੂ ਦੇ ਚਰਨੀਂ ਲੱਗਿਆ ਤਾਂ ਅਪਣਾ ਪਿਆਰੇ ਪ੍ਰਭੂ ਨੂੰ ਜਾਣ ਲਿਆ ਹੈ; ਅਪਣੇ ਪ੍ਰਭੂ ਨੂੰ ਜਪਦਾ ਹਾਂ।ਮੈਂ ਗੁਰੂ ਦੇ ਸ਼ਬਦ ਵਿਚ ਜੁੜ ਕੇ ਇਕ ਰਸ ਬਾਣੀ ਨੂੰ ਜਾਣ ਲਿਆ ਹੈ ਅਤੇ ਹਰੀ ਦਾ ਨਾਮ ਜਪ ਕੇ ਹਰੀ ਦੇ ਰਸ ਨੂੰ ਭੋਗ (ਅਨੰਦ ਮਾਣ) ਰਿਹਾ ਹਾਂ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਨੂੰ ਹਰੀ ਆਪ ਮਿਲਿਆ, ਜੋ ਸਾਰੇ ਕਾਰਣ ਕਰਨ ਦੇ ਜੋਗ ਹੈ।੩੪।

ਸਾਰੰਸ਼ = ਇਸ ਪਉੜੀ ਵਿਚ ਪ੍ਰਭੂ ਦਾ ਗੁਰੂ ਦੇ ਰੂਪ ਵਿਚ ਆਉਣ ਦਾ ਜਾਂ ਹਿਰਦੇ ਵਿਚ ਪ੍ਰਭੂ ਦੇ ਮਿਲਾਪ ਦਾ ਵਰਨਣ ਹੈ।

ਪਦਾਰਥ = ਏ ਸਰੀਰਾ-ਹੇ ਸਰੀਰ!।ਤੁਮ ਮਹਿ-ਤੇਰੇ ਵਿਚ।ਜੋਤਿ-ਚੇਤਨ ਸੱਤਾ।ਤਾ-ਤਾਂ।ਜਿਨਿ-ਜਿਸ (ਪ੍ਰਭੂ) ਨੇ।ਜੀਉ-ਜੀਵਾਤਮਾ ਨੂੰ।ਉਪਾਇ-ਪੈਦਾ ਕਰਕੇ।ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ।ਬੁਝਿਆ-ਸਮਝਿਆ।ਚਲਤੁ-ਕੌਤਕ; ਖੇਡ।ਮੂਲੁ ਰਚਿਆ-ਮੁੱਢ ਰਚਿਆ (ਨੀਂਹ ਰੱਖੀ)।੩੩।ਚਾਉ-ਉਤਸ਼ਾਹ; ਅਨੰਦ ਦੀ ਲਹਿਰ।ਭਇਆ-ਹੋਇਆ।ਪ੍ਰਭ ਆਗਮੁ-ਪ੍ਰਭੂ ਦਾ ਆਉਣਾ।ਮੰਗਲੁ-ਖੁਸ਼ੀ ਦਾ ਗੀਤ; ਸਿਫਤ ਸਲਾਹ ਦਾ ਗੀਤ।ਸਖੀ-ਹੇ ਸਹੇਲੀਏ!।ਗ੍ਰਿਹੁ-ਹਿਰਦਾ ਘਰ।ਮੰਦਰੁ-ਪ੍ਰਭੂ ਦੇ ਰਹਿਣ ਦਾ ਘਰ।ਨਿਤ-ਹਰ ਰੋਜ; ਸਦਾ।ਨ ਵਿਆਪਏ-ਨਹੀਂ ਲਗਦੇ।ਸਭਾਗੇ-ਭਾਗਾਂ ਵਾਲੇ।ਪਿਰੁ-ਪਿਆਰਾ ਪ੍ਰਭੂ।ਜਾਪਏ-ਜਾਣ ਲਿਆ ;ਜਪਦਾ ਹਾਂ।ਅਨਹਤ ਬਾਣੀ-ਇਸ ਰਸ ਬਾਣੀ; ਆਤਮ ਮੰਡਲ ਦਾ ਸੰਗੀਤ।ਸਬਦਿ-ਸ਼ਬਦ ਵਿਚ ਜੁੜ ਕੇ।ਭੋਗੋ-ਭੋਗਦਾ (ਮਾਣਦਾ) ਹਾਂ।ਕਰਣ ਕਾਰਣ-ਸਾਰੇ ਕਾਰਨਾਂ ਦੇ ਕਰਨ ਵਾਲਾ।ਜੋਗੋ-ਜੋਗ; ਸਮਰੱਥ।੩੪।

ਅੰਗ ੯੨੨ = ਏ ਸਰੀਰਾ ਮੇਰਿਆ, ਇਸੁ ਜਗ ਮਹਿ ਆਇ ਕੈ, ਕਿਆ ਤੁਧੁ ਕਰਮ ਕਮਾਇਆ ॥ ਕਿ ਕਰਮ ਕਮਾਇਆ ਤੁਧੁ ਸਰੀਰਾ, ਜਾ ਤੂ ਜਗ ਮਹਿ ਆਇਆ ॥ ਜਿਨਿ ਹਰਿ ਤੇਰਾ ਰਚਨੁ ਰਚਿਆ, ਸੋ ਹਰਿ ਮਨਿ ਨ ਵਸਾਇਆ ॥ ਗੁਰ ਪਰਸਾਦੀ ਹਰਿ ਮੰਨਿ ਵਸਿਆ, ਪੂਰਬਿ ਲਿਖਿਆ ਪਾਇਆ ॥ ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ, ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥ ਏ ਨੇਤ੍ਰਹੁ ਮੇਰਿਹੋ, ਹਰਿ ਤੁਮ ਮਹਿ ਜੋਤਿ ਧਰੀ, ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ ਹਰਿ ਬਿਨੁ ਅਵਰੁ ਨ ਦੇਖਹੁ ਕੋਈ, ਨਦਰੀ ਹਰਿ ਨਿਹਾਲਿਆ ॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ ॥ ਗੁਰ ਪਰਸਾਦੀ ਬੁਝਿਆ, ਜਾ ਵੇਖਾ ਹਰਿ ਇਕੁ ਹੈ, ਹਰਿ ਬਿਨੁ ਅਵਰੁ ਨ ਕੋਈ ॥ ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ, ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥ ਹੇ ਮੇਰੇ ਸਰੀਰਾ! ਇਸ ਜਗਤ ਵਿਚ ਆ ਕੇ ਤੈਂ ਕਿਹੜਾ ਚੰਗਾ ਕੰਮ ਕੀਤਾ ਹੈ? ਹੇ ਮੇਰੇ ਸਰੀਰਾ! ਜਦੋਂ ਤੋਂ ਤੂੰ ਜਗਤ ਵਿਚ ਆਇਆ ਹੈਂ, ਤੈਂ ਕਿਹੜਾ ਚੰਗਾ ਕੰਮ ਕੀਤਾ ਹੈ? ਜਿਸ ਹਰੀ ਨੇ ਤੇਰੀ ਰਚਨਾ ਰਚੀ ਹੈ, ਉਸ ਹਰੀ ਨੂੰ ਤੈਂ ਮਨ ਵਿਚ ਨਹੀਂ ਵਸਾਇਆ। ਗੁਰੂ ਦੀ ਕ੍ਰਿਪਾ ਨਾਲ (ਜਿਸ ਮਨੁੱਖ ਦੇ) ਮਨ ਵਿਚ ਹਰੀ ਵਸਿਆ ਹੈ, (ਉਸ ਨੇ) ਪਹਿਲੇ ਜਨਮਾਂ ਦੇ ਕੀਤੇ ਕਰਮਾਂ ਦੇ ਲਿਖੇ ਲੇਖ ਅਨੁਸਾਰ ਹੀ (ਹਰੀ ਨੂੰ) ਪਾਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਮਨੁੱਖ ਦਾ) ਇਹ ਸਰੀਰ ਪ੍ਰਵਾਨ ਹੋਇਆ ਹੈ, ਜਿਸ ਨੇ ਸਤਿਗੁਰੂ ਨਾਲ ਚਿਤ ਲਾਇਆ ਹੈ।੩੫। ਹੇ ਮੇਰੇ ਨੇਤ੍ਰੋ! ਤੁਹਾਡੇ ਵਿਚ ਹਰੀ ਨੇ ਅਪਣੀ ਦੇਖਣ ਦੀ ਰੋਸ਼ਨੀ ਧਰੀ ਹੈ, ਤੁਸੀਂ ਹਰੀ ਤੋਂ ਬਿਨਾ ਕੋਈ ਹੋਰ ਨਾ ਦੇਖੋ (ਸਾਰੇ ਜੀਵਾਂ ਵਿਚ ਹਰੀ ਨੂੰ ਹੀ ਵਸਦਾ ਜਾਣੋ)। ਹਰੀ ਤੋਂ ਬਿਨਾ ਕੋਈ ਹੋਰ ਨਾ ਦੇਖੋ, (ਗੁਰਮੁਖਾਂ ਨੇ) ਨਜਰ ਨਾਲ ਹਰੀ ਨੂੰ ਹੀ ਦੇਖਿਆ ਹੈ। ਇਹ ਸਾਰਾ ਸੰਸਾਰ; ਜਹਿਰ ਰੂਪ ਸੰਸਾਰ ਜੋ ਤੁਸੀਂ ਦੇਖਦੇ ਹੋ, ਇਹ ਹਰੀ ਦਾ ਰੂਪ ਹੈ, (ਗੁਰਮੁਖਾਂ ਨੂੰ ਇਹ ਸੰਸਾਰ) ਹਰੀ ਦਾ ਰੂਪ ਨਜਰ ਆਇਆ ਹੈ। (ਗੁਰੂ ਜੀ ਆਖਦੇ ਹਨ ਕਿ) ਗੁਰੂ ਦੀ ਕਿਰਪਾ ਨਾਲ ਮੈਂ ਸਮਝਿਆ ਹੈ ਅਤੇ ਹੁਣ ਜਦੋਂ ਮੈਂ ਦੇਖਦਾ ਹਾਂ, (ਤਾਂ ਮੈਨੂੰ) ਇਕ ਹਰੀ ਹੀ ਦਿਸਦਾ ਹੈ, ਹਰੀ ਤੋਂ ਬਿਨਾ ਹੋਰ ਕੋਈ ਨਹੀਂ ਦਿਸਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਇਹ ਅੱਖਾਂ (ਪਹਿਲਾਂ ਅਗਿਆਨ ਕਰ ਕੇ) ਅੰਨ੍ਹੀਆਂ ਸਨ, (ਪਰ ਹੁਣ ਇਨ੍ਹਾਂ ਅੱਖਾਂ ਵਿਚ) ਸਤਿਗੁਰੂ ਦੇ ਮਿਲਣ ਨਾਲ ਗਿਆਨ ਵਾਲੀ ਨਜਰ ਪ੍ਰਾਪਤ ਹੋ ਗਈ ਹੈ।੩੬।

ਪਦਾਰਥ = ਜਗ ਮਹਿ–ਜਗਤ ਵਿਚ। ਕਰਮ–ਚੰਗਾ ਕੰਮ। ਜਾ–ਜਦੋਂ। ਜਿਨਿ ਹਰਿ–ਜਿਸ ਹਰੀ ਨੇ। ਰਚਨੁ ਰਚਿਆ–ਸਰੀਰ ਦੀ ਬਨਾਵਟ ਬਣਾਈ ਹੈ। ਸੋ–ਉਹ; ਉਸ ਨੂੰ। ਮਨਿ–ਮਨ ਵਿਚ। ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ। ਮੰਨਿ–ਮਨ ਵਿਚ। ਪੂਰਬਿ–ਪਹਿਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ। ਸਿਉ–ਨਾਲ।੩੫। ਏ ਨੇਤ੍ਰੋ–ਹੇ ਅਖੀਓ!। ਜੋਤਿ ਧਰੀ–ਦੇਖਣ ਵਾਲੀ ਰੋਸ਼ਨੀ ਟਿਕਾਈ ਹੈ। ਅਵਰੁ–ਹੋਰ। ਨਦਰੀ–ਨਜਰ ਨਾਲ। ਨਿਹਾਲਿਆ–ਦੇਖਿਆ। ਵਿਸੁ–ਵਿਸ਼ਵ; ਸਾਰਾ; ਜਹਿਰ ਰੂਪ। ਅੰਧ–ਅਗਿਆਨ ਕਰਕੇ ਅੰਨ੍ਹੇ। ਸੇ–ਸਨ। ਦਿਬ ਦ੍ਰਿਸਟਿ–ਗਿਆਨ ਵਾਲੀ ਨਜਰ; ਹਰੀ ਨੂੰ ਅਨੁਭਵ ਕਰਨ ਵਾਲੀ ਅੰਦਰਲੀ ਸ਼ਕਤੀ।੩੬।

ਏ ਸ੍ਰਵਣਹੁ ਮੇਰਿਹੋ, ਸਾਚੈ ਸੁਨਣੈ ਨੋ ਪਠਾਏ ॥ ਸਾਚੈ ਸੁਨਣੈ ਨੋ ਪਠਾਏ, ਸਰੀਰਿ ਲਾਏ, ਸੁਣਹੁ ਸਤਿ ਬਾਣੀ ॥ ਜਿਤੁ ਸੁਣੀ ਮਨੁ ਤਨੁ ਹਰਿਆ ਹੋਆ, ਰਸਨਾ ਰਸਿ ਸਮਾਣੀ ॥ ਸਚੁ ਅਲਖ ਵਿਡਾਣੀ, ਤਾ ਕੀ ਗਤਿ ਕਹੀ ਨ ਜਾਏ ॥ ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ,ਸਾਚੈ ਸੁਣਨੈ ਨੋ ਪਠਾਏ ॥੩੭॥ ਹਰਿ ਜੀਉ ਗੁਫਾ ਅੰਦਰਿ ਰਖ ਕੈ, ਵਾਜਾ ਪਵਣੁ ਵਜਾਇਆ ॥ ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ, ਦਸਵਾ ਗੁਪਤੁ ਰਖਾਇਆ ॥ ਗੁਰਦੁਆਰੈ ਲਾਇ ਭਾਵਨੀ, ਇਕਨਾ ਦਸਵਾ ਦੁਆਰੁ ਦਿਖਾਇਆ ॥ ਤਹ ਅਨੇਕ ਰੂਪ ਨਾਉ ਨਵਨਿਧਿ, ਤਿਸ ਦਾ ਅੰਤੁ ਨ ਜਾਈ ਪਾਇਆ ॥ ਕਹੈ ਨਾਨਕੁ ਹਰਿ ਪਿਆਰੈ, ਜੀਉ ਗੁਫਾ ਅੰਦਰਿ ਰਖਿ ਕੈ, ਵਾਜਾ ਪਵਣੁ ਵਜਾਇਆ ॥੩੮॥ ਹੇ ਮੇਰੇ ਕੰਨੋਂ! ਸੱਚੇ ਪ੍ਰਭੂ ਨੇ (ਤੁਹਾਨੂੰ ਨਾਮ) ਸੁਣਨ ਵਾਸਤੇ ਭੇਜਿਆ ਹੈ। ਸੱਚੇ ਪ੍ਰਭੂ ਨੇ (ਤੁਹਾਨੂੰ) ਸਰੀਰ ਨਾਲ ਲਾ ਕੇ (ਨਾਮ) ਸੁਣਨ ਵਾਸਤੇ ਭੇਜਿਆ ਹੈ, (ਇਸ ਕਰਕੇ ਤੁਸੀਂ) ਸੱਚੀ ਬਾਣੀ ਨੂੰ ਸੁਣੋ । ਜਿਸ ਬਾਣੀ ਦੇ ਸੁਣਨ ਨਾਲ (ਗੁਰਮੁਖਾਂ ਦਾ) ਮਨ ਤੇ ਸਰੀਰ ਹਰਾ ਭਰਾ ਹੋਇਆ ਹੈ ਅਤੇ (ਗੁਰਮੁਖਾਂ ਦੀ) ਜੀਭ ਅਨੰਦ ਵਿਚ ਮਗਨ ਹੋ ਗਈ ਹੈ। ਸੱਚਾ ਪ੍ਰਭੂ ਅਲੱਖ ਅਤੇ ਅਸਚਰਜ ਰੂਪ ਹੈ, ਉਸ ਦੀ ਹਾਲਤ ਕਹੀ ਨਹੀਂ ਜਾ ਸਕਦੀ (ਕਿ ਉਹ ਕਿਹੋ ਜਿਹਾ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਕੰਨੋਂ! ਤੁਸੀਂ) ਨਾਮ ਅੰਮ੍ਰਿਤ ਨੂੰ ਸੁਣੋ ਅਤੇ ਪਵਿਤ੍ਰ ਹੋ ਜਾਓ, (ਕਿਉਂਕਿ) ਸੱਚੇ ਪ੍ਰਭੂ ਨੇ ਤੁਹਾਨੂੰ ਨਾਮ ਸੁਣਨ ਵਾਸਤੇ ਭੇਜਿਆ ਹੈ।੩੭। ਹਰੀ ਨੇ ਜੀਵਾਤਮਾ ਨੂੰ ਸਰੀਰ (ਜਾਂ ਮਾਤਾ ਦੇ ਪੇਟ) ਰੂਪ ਗੁਫਾ ਅੰਦਰ ਰਖ ਕੇ ਸੁਆਸ ਰੂਪ ਵਾਜਾ ਵਜਾਇਆ (ਪ੍ਰਾਣ ਚਲਣ ਲਗਾ ਦਿਤੇ। ਹਰੀ ਨੇ) ਸੁਆਸਾਂ ਰੂਪ ਵਾਜਾ ਵਜਾਇਆ ਤੇ ਨੌਂ ਦਰਵਾਜੇ ਪ੍ਰਗਟ ਕੀਤੇ ਹਨ ਅਤੇ ਦਸਵਾਂ ਦੁਆਰ ਗੁਪਤ ਰੱਖਿਆ ਹੈ। ਕਈਆਂ ਮਨੁੱਖਾਂ ਨੂੰ ਗੁਰੂ ਦੁਆਰਾ ਸ਼ਰਧਾ ਲਾ ਕੇ ਦਸਵਾਂ ਦੁਆਰ ਪ੍ਰਤੱਖ

ਦਿਖਾ ਦਿਤਾ ਹੈ। ਉਥੇ (ਦਸਮ ਦੁਆਰ ਵਿਚ) ਅਨੇਕਾਂ ਰੂਪਾਂ ਵਾਲਾ ਵਿਆਪਕ ਪ੍ਰਭੂ ਅਤੇ ਨੌਂ ਨਿਧੀਆਂ ਵਾਲਾ ਨਾਮ ਪ੍ਰਾਪਤ ਹੋ ਜਾਂਦਾ ਹੈ, ਉਸ (ਦਸਮ ਦੁਆਰ) ਦਾ ਅੰਤ ਨਹੀਂ ਪਾਇਆ ਜਾ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਪਿਆਰੇ ਹਰੀ ਨੇ ਜੀਵਾਤਮਾ ਨੂੰ ਸਰੀਰ ਰੂਪ ਗੁਫਾ ਵਿਚ ਰੱਖ ਕੇ ਸੁਆਸ ਰੂਪ ਵਾਜਾ ਵਜਾਇਆ ਹੈ।੩੮।

ਪਦਾਰਥ = ਏ ਸ੍ਰਵਣਹੁ–ਹੇ ਕੰਨੋਂ!। ਸਾਚੈ–ਸੱਚੇ ਪ੍ਰਭੂ ਨੇ। ਪਠਾਏ–ਭੇਜੇ ਹਨ। ਨੋ–ਨੂੰ; ਵਾਸਤੇ। ਸਰੀਰਿ–ਸਰੀਰ ਨਾਲ। ਸਤਿ ਬਾਣੀ–ਸੱਚੀ ਬਾਣੀ। ਜਿਤੁ ਸੁਣੀ–ਜਿਸ ਦੇ ਸੁਣਨ ਨਾਲ। ਤਨੁ–ਸਰੀਰ। ਹਰਿਆ ਹੋਆ–ਹਰਾ ਭਰਾ ਹੋ ਗਿਆ। ਰਸਨਾ–ਜੀਭ। ਰਸਿ ਸਮਾਣੀ–ਅਨੰਦ ਵਿਚ ਜਾਂ ਨਾਮ ਰਸ ਵਿਚ ਮਗਨ ਹੋ ਗਈ। ਅਲਖੁ (ਅਲੱਖ ਪੜ੍ਹੋ) ਅਦ੍ਰਿਸ਼ਟ; ਮਨੁੱਖੀ ਸਮਝ ਤੋਂ ਪਰੇ। ਵਿਡਾਣੀ–ਅਸਚਰਜ ਰੂਪ। ਤਾ ਕੀ–ਉਸ ਦੀ। ਗਤਿ–ਹਾਲਤ; ਖੇਡ।੩੭। ਜੀਉ–ਜੀਵਾਤਮਾ। ਗੁਫਾ–ਸਰੀਰ ਜਾਂ ਮਾਤਾ ਦਾ ਪੇਟ। ਵਾਜਾ ਪਵਣੁ–ਸੁਆਸ ਰੂਪ ਵਾਜਾ। ਪਉਣ–ਸੁਆਸ। ਨਉ ਦੁਆਰੇ–(ਸਰੀਰ ਦੇ) ਨੌਂ ਦਰਵਾਜੇ (ਦੋ ਕੰਨ, ਦੋ ਅੱਖਾਂ, ਦੋ ਨਾਸਾਂ, ਮੂੰਹ, ਗੁਦਾ ਤੇ ਲਿੰਗ)। ਗੁਰ ਦੁਆਰੈ–ਗੁਰੂ ਰਾਹੀਂ। ਭਾਵਨੀ–ਸ਼ਰਧਾ; ਪ੍ਰੇਮ। ਇਕਨਾ–ਕਈ ਮਨੁੱਖਾਂ ਨੂੰ। ਦਸਵਾ ਦੁਆਰੁ = ਪੂਰਨ ਟਿਕਾਉ ਵਾਲੀ ਅਨੁਭਵੀ ਅਵਸਥਾ, ਜਿਥੇ ਜੀਵਾਤਮਾ ਦਾ ਨਿਵਾਸ ਹੈ। ਇਥੇ {ਸੇਜ ਏਕ ਏਕੋ ਪ੍ਰਭੁ ਠਾਕੁਰੁ ੫੬੦} ਵਾਲੀ ਅਵਸਥਾ ਹੈ। ਅੰਤਰ ਮੁਖੀ ਅਵਸਥਾ ਬਾਹਰਲੇ ਇੰਦ੍ਰਿਆਂ ਤੋਂ ਬਿਰਤੀ ਨੂੰ ਅੰਤਰ ਮੁਖੀ ਕਰਨ ਨਾਲ ਦਸਮ ਦੁਆਰ ਦਾ ਅਨੁਭਵ ਹੁੰਦਾ ਹੈ। ਜੋਗੀਆਂ ਅਨੁਸਾਰ ਇਥੇ ਇੜਾ ਪਿੰਗਲਾ ਤੇ ਸੁਖਮਨਾ ਦਾ ਸੰਗਮ ਹੈ, ਜਿਥੇ ਮਨ ਮੱਜਨ ਕਰਦਾ ਹੈ। ਤਹ–ਉਥੇ। ਅਨੇਕ ਰੂਪ–ਅਨੇਕਾਂ ਰੂਪਾਂ ਵਾਲਾ ਵਿਆਪਕ ਪ੍ਰਭੂ। ਨਵ ਨਿਧਿ–ਨੌਂ ਖਜਾਨੇ। ਹਰਿ ਪਿਆਰੈ–ਪਿਆਰੇ ਹਰੀ ਨੇ।੩੮।

ਏਹੁ ਸਾਚਾ ਸੋਹਿਲਾ, ਸਾਚੈ ਘਰਿ ਗਾਵਹੁ ॥ ਗਾਵਹੁ ਤ ਸੋਹਿਲਾ ਘਰਿ ਸਾਚੈ, ਜਿਥੈ ਸਦਾ ਸਚੁ ਧਿਆਵਹੇ ॥ ਸਚੋ ਧਿਆਵਹਿ ਜਾ ਤੁਧੁ ਭਾਵਹਿ, ਗੁਰਮੁਖਿ ਜਿਨਾ ਬੁਝਾਵਹੇ ॥ ਇਹੁ ਸਚੁ ਸਭਨਾ ਕਾ ਖਸਮੁ ਹੈ, ਜਿਸੁ ਬਖਸੇ ਸੋ ਜਨੁ ਪਾਵਹੇ ॥ ਕਹੈ ਨਾਨਕੁ ਸਚੁ ਸੋਹਿਲਾ, ਸਚੈ ਘਰਿ ਗਾਵਹੇ ॥੩੯॥ ਅਨਦੁ ਸੁਣਹੁ ਵਡਭਾਗੀਹੋ, ਸਗਲ ਮਨੋਰਥ ਪੂਰੇ ॥ ਪਾਰਬ੍ਰਹਮੁ ਪ੍ਰਭੁ ਪਾਇਆ, ਉਤਰੇ ਸਗਲ ਵਿਸੂਰੇ ॥ ਦੂਖ ਰੋਗ ਸੰਤਾਪ ਉਤਰੇ, ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸੇ, ਪੂਰੇ ਗੁਰ ਤੇ ਜਾਣੀ ॥ ਸੁਣਤੇ ਪੁਨੀਤ ਕਹਤੇ ਪਵਿਤੁ ,ਸਤਿਗੁਰੁ ਰਹਿਆ ਭਰਪੂਰੇ ॥ ਬਿਨਵੰਤਿ ਨਾਨਕੁ ਗੁਰ ਚਰਣ ਲਾਗੇ, ਵਾਜੇ ਅਨਹਦ ਤੂਰੇ ॥੪੦॥੧॥

(ਹੇ ਭਾਈ!) ਪ੍ਰਭੂ ਦੀ ਸਿਫਤ ਸਲਾਹ ਦੀ ਇਹ ਸੱਚੀ ਬਾਣੀ (ਅਨੰਦ ਸਾਹਿਬ) ਸਾਧ ਸੰਗਤ ਵਿਚ ਬੈਠ ਕੇ ਗਾਇਆ ਕਰੋ। ਪ੍ਰਭੂ ਦੀ ਸਿਫਤ ਸਲਾਹ ਦੀ ਇਹ ਬਾਣੀ (ਉਸ) ਸੱਚੇ ਘਰ (ਸਤਸੰਗਤ) ਵਿਚ ਬੈਠ ਕੇ ਗਾਵੋ, ਜਿਥੇ (ਗੁਰਮੁਖ ਪਿਆਰੇ) ਸੱਚੇ ਪ੍ਰਭੂ ਨੂੰ ਸਦਾ ਧਿਆਉਂਦੇ ਹਨ। (ਹੇ ਪ੍ਰਭੂ!) ਜਿਨ੍ਹਾਂ ਪੁਰਖਾਂ ਨੂੰ ਤੂੰ ਗੁਰੂ ਦੁਆਰਾ ਸਮਝਾ ਦੇਂਦਾ ਹੈ, (ਉਹ ਉਦੋਂ ਤੇਰੇ) ਸੱਚੇ ਸਰੂਪ ਨੂੰ ਧਿਆਉਂਦੇ ਹਨ, ਜਦੋਂ ਤੈਨੂੰ ਚੰਗੇ ਲਗਦੇ ਹਨ। (ਹੇ ਭਾਈ!) ਇਹ ਸੱਚਾ ਪ੍ਰਭੂ ਸਾਰੇ ਜੀਵਾਂ ਦਾ ਮਾਲਕ ਹੈ, ਉਹ ਮਨੁੱਖ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ, ਜਿਸ ਉਤੇ (ਉਹ) ਬਖਸ਼ਿਸ਼ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਗੁਰਸਿੱਖ) ਪ੍ਰਭੂ ਦੀ ਸਿਫਤ ਸਲਾਹ ਦੇ ਸੱਚੇ ਗੀਤ (ਅਨੰਦ ਸਾਹਿਬ) ਨੂੰ ਸਤਸੰਗਤ ਵਿਚ ਬੈਠ ਕੇ ਗਾਉਂਦੇ ਹਨ।੩੯। ਹੇ ਵੱਡੇ ਭਾਗਾਂ ਵਾਲੇ ਪੁਰਖੋ! ਅਨੰਦ ਸਾਹਿਬ ਬਾਣੀ ਨੂੰ ਸੁਣੋ, (ਜਿਸ ਨੇ ਇਸ ਨੂੰ ਸੁਣਿਆ ਹੈ, ਉਸ ਦੇ) ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ। (ਉਸ ਨੇ) ਪ੍ਰਭੂ ਨੂੰ ਪਾ ਲਿਆ ਹੈ ਅਤੇ (ਉਸ ਦੇ) ਸਾਰੇ ਝੋਰੇ ਵੀ ਉਤਰ ਗਏ ਹਨ। (ਜਿਸ ਨੇ ਇਹ) ਸੱਚੀ ਬਾਣੀ ਸੁਣੀ ਹੈ, (ਉਸ ਦੇ) ਦੁੱਖ, ਰੋਗ ਤੇ ਸੰਤਾਪ ਵੀ ਉਤਰ ਗਏ ਹਨ। (ਉਹ) ਸੰਤ ਸਜਨ (ਇਹ ਬਾਣੀ ਸੁਣ ਕੇ) ਪ੍ਰਸੰਨ ਹੋ ਗਏ ਹਨ, (ਜਿਨ੍ਹਾਂ ਨੇ ਇਸ ਬਾਣੀ ਦੀ ਮਹਿਮਾਂ) ਪੂਰੇ ਗੁਰੂ ਤੋਂ ਜਾਣੀ ਹੈ। (ਇਸ ਬਾਣੀ ਨੂੰ) ਸੁਣਨ ਵਾਲੇ ਪਵਿਤ੍ਰ ਹਨ ਤੇ ਪੜ੍ਹਨ ਵਾਲੇ ਵੀ ਪਵਿਤ੍ਰ ਹੋ ਗਏ ਹਨ, (ਉਨ੍ਹਾਂ ਨੂੰ ਇਸ ਬਾਣੀ ਵਿਚ) ਸਤਿਗੁਰੂ ਭਰਪੂਰ ਹੋ ਰਿਹਾ ਦਿਸਦਾ ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਜਿਹੜੇ ਸਿੱਖ) ਗੁਰੂ ਦੇ ਚਰਨੀਂ ਲੱਗੇ ਹਨ, (ਉਨ੍ਹਾਂ ਦੇ ਅੰਦਰ ਨਾਮ ਸਿਮਰਨ ਦੇ) ਇਕ ਰਸ ਵਾਜੇ ਵਜਦੇ ਹਨ।੪੦।੧।

ਪਦਾਰਥ = ਸੋਹਿਲਾ–ਖੁਸ਼ੀ ਦਾ ਗੀਤ; ਆਤਮਕ ਅਨੰਦ ਦੇਣ ਵਾਲਾ ਗੀਤ; ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ। ਸਾਚੈ ਘਰਿ–ਸੱਚੇ ਘਰ (ਸਤਸੰਗਤ) ਵਿਚ। ਸਚੁ ਧਿਆਵਹੇ–ਸੱਚੇ ਪ੍ਰਭੂ ਨੂੰ ਸਿਮਰਦੇ ਹਨ। ਜਾ–ਜਦੋਂ। ਤੁਧੁ–ਤੈਨੂੰ। ਭਾਵਹੇ–ਚੰਗੇ ਲਗਦੇ ਹਨ। ਗੁਰਮੁਖਿ–ਗੁਰੂ ਰਾਹੀਂ। ਜਿਨਾ–ਜਿਨ੍ਹਾਂ ਨੂੰ। ਬੁਝਾਵਹੇ–ਸਮਝਾ ਦੇਂਦਾ ਹੈਂ। ਸਭਨਾ ਕਾ–ਸਾਰੇ ਜੀਵਾਂ ਦਾ। ਸੋ ਜਨੁ–ਉਹ ਮਨੁੱਖ। ਪਾਵਹੇ –ਪ੍ਰਾਪਤ ਕਰਦਾ ਹੈ। ਗਾਵਹੇ–ਗਾਉਂਦੇ ਹਨ।੩੯। ਵਡਭਾਗੀਹੋ–ਹੇ ਵੱਡੇ ਭਾਗਾਂ ਵਾਲਿਓ!। ਸਗਲ–ਸਾਰੇ। ਮਨੋਰਥ–ਮਨ ਦੇ ਫੁਰਨੇ। ਉਤਰੇ–ਲਹਿ ਗਏ। ਵਿਸੂਰੇ–ਝੋਰੇ; ਚਿੰਤਾ। ਸੰਤਾਪ–ਕਲੇਸ਼। ਭਏ–ਹੋਏ। ਸਰਸੇ–ਪ੍ਰਸੰਨ; ਰਸ ਸਹਿਤ। ਤੇ–ਤੋਂ। ਪੁਨੀਤ–ਪਵਿਤ੍ਰ

ਤੋਂ ਤਿੰਨ ਗੁਣਾਂ ਵਧੀਕ ਪਵਿਤ੍ਰ।ਕਹਤੇ–ਪੜ੍ਹਨ ਵਾਲੇ।ਸਤਿਗੁਰੁ ਰਹਿਆ ਭਰਪੂਰੇ–ਸਤਿਗੁਰੂ ਅਪਣੀ ਬਾਣੀ ਵਿਚ ਵਿਆਪਕ ਹੈ ਭਾਵ ਬਾਣੀ ਗੁਰੂ ਰੂਪ ਹੈ।ਬਿਨਵੰਤਿ–ਬੇਨਤੀ ਕਰਦਾ ਹੈ।ਅਨਹਦ–ਇਕ ਰਸ; ਲਗਾਤਾਰ।ਤੂਰੇ–ਵਾਜੇ।੪੦।੧।

ਸਾਰੰਸ਼ = ਪੁਰਾਤਨ ਰਵਾਇਤ ਅਨੁਸਾਰ ਇਸ ਬਾਣੀ ਦੀਆਂ ੩੮ ਪਉੜੀਆਂ ਗੁਰੂ ਅਮਰਦਾਸ ਜੀ ਦੀ ਲਿਖਤ ਹਨ।੩੯ ਵੀਂ ਪਉੜੀ ਗੁਰੂ ਰਾਮਦਾਸ ਜੀ ਦੀ ਰਚੀ ਹੋਈ ਅਤੇ ੪੦ ਵੀਂ ਪਉੜੀ ਗੁਰੂ ਅਰਜਨ ਦੇਵ ਜੀ ਦੀ ਰਚੀ ਹੋਈ ਮੰਨੀ ਜਾਂਦੀ ਹੈ।੩੯ ਵੀਂ ਪਉੜੀ ਵਿਚ ਅਨੰਦ ਸਾਹਿਬ ਬਾਣੀ ਬਾਰੇ ਦਸਿਆ ਹੈ ਕਿ ਇਹ ਸੱਚਾ ਗੀਤ ਸੱਚੇ ਘਰ ਵਿਚ ਗਾਓ, ਜਿੱਥੇ ਵਾਤਾਵਰਣ ਪਵਿਤ੍ਰ ਅਤੇ ਹਰੀ ਦੇ ਖਿਆਲ ਭਰਪੂਰ ਹੁੰਦੇ ਹਨ।ਮਨੁੱਖੀ ਹਿਰਦਾ ਹਰੀ ਗੁਣ ਤਦੇ ਗਾ ਸਕਦਾ ਹੈ, ਜੇ ਗੁਰੂ ਅਪਣੀ ਬਾਣੀ ਦੁਆਰਾ ਇਸ ਨੂੰ ਸਵਾਰ ਦੇਵੇ।੪੦ ਵੀਂ ਪਉੜੀ ਵਿਚ ਦਸਿਆ ਹੈ ਕਿ ਇਸ ਬਾਣੀ ਦੇ ਪੜ੍ਹਨ ਸੁਣਨ ਨਾਲ ਹਰੀ ਨਾਲ ਮੇਲ ਹੋ ਜਾਂਦਾ ਹੈ।ਦੁੱਖ ਤੇ ਪਾਪ ਦੂਰ ਹੁੰਦੇ ਹਨ, ਮਨੁੱਖਾ ਜਨਮ ਸੁਖੀ ਤੇ ਸਫਲ ਹੁੰਦਾ ਹੈ, ਸੰਪ੍ਰਦਾਈ ਵਿਦਵਾਨ ਆਖਦੇ ਕਿ ਸਾਰੇ ਗੁਰੂ ਸਾਹਿਬਾਨ ਇਕੋ ਰੂਪ ਹਨ, ਇਸ ਲਈ ਵੱਖਰਾ ਮਹਲਾ ਲਿਖਣ ਦੀ ਲੋੜ ਨਹੀਂ ਸੀ।੩੯ ਵੀਂ ਪਉੜੀ ਤੇ ੪੦ ਵੀਂ ਪਉੜੀ ਨਾਲ ਮਹਲਾ ਨਾ ਲਿਖਿਆ ਹੋਣ ਕਰਕੇ ਅਧੁਨਿਕ ਵਿਦਵਾਨ ਸਾਰਾ ਅਨੰਦ ਸਾਹਿਬ ਗੁਰੂ ਅਮਰਦਾਸ ਜੀ ਦੀ ਰਚਨਾ ਹੀ ਮੰਨਦੇ ਹਨ।